ਅੰਗ ੭੨੮ = ਰਾਗ ਸੂਹੀ = ਗੁਰਮਤਿ ਸੰਗੀਤ ਵਿਚ ਸੂਹੀ ਮੇਘ ਰਾਗ ਦੀ ਰਾਗਣੀ ਹੈ, ਇਸ ਨੂੰ ਸੂਹਾ ਜਾਂ ਸੂਹਉ ਵੀ ਕਿਹਾ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗ ਮਾਲਾ ਵਿਚ ਵੀ ਸੂਹੀ ਨੂੰ ਮੇਘ ਰਾਗ ਦੀ ਰਾਗਣੀ ਲਿਖਿਆ ਹੋਇਆ ਹੈ।{ਊਚੈ ਸੁਰਿ ਸੂਹਉ ਪੁਨਿ ਕੀਨੀ।ਮੇਘ ਰਾਗ ਸਿਉ ਪਾਚਉ ਚੀਨੀ ੧੪੩੦}।ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੂਹੀ ਦਾ ਪੰਦ੍ਰਵਾਂ ਨੰਬਰ ਹੈ।

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਰਾਗੁ ਸੂਹੀ ਮਹਲਾ ੧ ਚਉਪਦੇ ਘਰੁ ੧ ॥ ਭਾਂਡਾ ਧੋਇ ਬੈਸਿ ਧੂਪੁ ਦੇਵਹੁ ,ਤਉ ਦੂਧੈ ਕਉ ਜਾਵਹੁ ॥ ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ,ਹੋਇ ਨਿਰਾਸ ਜਮਾਵਹੁ ॥੧॥ ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥੧॥ਰਹਾਉ॥ ਇਹੁ ਮਨੁ ਈਟੀ ਹਾਥਿ ਕਰਹੁ ਫੁਨਿ, ਨੇਤ੍ਰਉ ਨੀਦ ਨ ਆਵੈ ॥ ਰਸਨਾ ਨਾਮੁ ਜਪਹੁ ਤਬ ਮਥੀਐ, ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥ ਮਨੁ ਸੰਪਟੁ ਜਿਤੁ ਸਤਸਰਿ ਨਾਵਣੁ ,ਭਾਵਨ ਪਾਤੀ ਤ੍ਰਿਪਤਿ ਕਰੇ ॥ ਪੂਜਾ ਪ੍ਰਾਣ ਸੇਵਕੁ ਜੇ ਸੇਵੇ, ਇਨ੍ਹ ਬਿਧਿ ਸਾਹਿਬੁ ਰਵਤੁ ਰਹੈ ॥੩॥ ਕਹਦੇ ਕਹਹਿ ਕਹੇ ਕਹਿ ਜਾਵਹਿ, ਤੁਮ ਸਰਿ ਅਵਰੁ ਨ ਕੋਈ ॥ ਭਗਤਿ ਹੀਣੁ ਨਾਨਕੁ ਜਨੁ ਜੰਪੈ, ਹਉ ਸਾਲਾਹੀ ਸਚਾ ਸੋਈ ॥੪॥੧॥ (ਹੇ ਭਾਈ!) ਭਾਂਡਾ ਧੋ ਕੇ ਬੈਠ ਕੇ (ਉਸ ਨੂੰ ਸੂਰਜ ਦੀ) ਧੁੱਪ ਦੇਵੋਂ, ਤਦ ਉਸ ਵਿਚ ਦੁੱਧ ਲੈਣ ਜਾਵੋ (ਅਪਣੇ ਅੰਤਹਕਰਣ ਨੂੰ ਸ਼ੁੱਧ ਕਰਕੇ ਵਾਸ਼ਨਾਵਾਂ ਵੱਲੋਂ ਰੋਕੋ, ਫਿਰ ਉਸ ਵਿਚ ਹਰੀ ਦਾ ਨਾਮ ਟਿਕਦਾ ਹੈ, ਅਗਲੀ ਤੁਕ ਵਿਚ ਦਸਿਆ ਹੈ ਕਿ ਦੁੱਧ ਕਿਹੜਾ ਹੈ?) ਦੁੱਧ (ਮਾਨੋ ਸਾਡੇ ਸ੍ਰੇਸਟ) ਕਰਮ ਹਨ, ਫਿਰ (ਹਰੀ ਨਾਲ) ਸੁਰਤ ਜੋੜਨੀ, (ਇਹ ਦੁੱਧ ਨੂੰ) ਜਾਗ ਲਗਾਵੋ, (ਇਉਂ ਦੁਨਿਆਵੀ) ਆਸਾਂ ਤੋਂ ਰਹਿਤ ਹੋ ਕੇ (ਦੁੱਧ ਨੂੰ) ਜਮਾਓ (ਨਿਰ ਸੁਆਰਥ ਤੇ ਨਿਰ ਵਿਕਾਰ ਹੋ ਕੇ ਧਾਰਮਕ ਕਰਮ ਕਰੋ, ਤਦ ਇਹ ਸਫਲ ਹੋਣਗੇ)।੧।(ਹੇ ਭਾਈ! ਜੇ ਅਪਣਾ ਜੀਵਨ ਸਫਲ ਕਰਨਾ ਹੈ) ਤਾਂ ਇਕ ਪ੍ਰਭੂ ਦਾ ਨਾਮ ਜਪੋ।(ਨਾਮ ਤੋਂ ਬਿਨਾ ਜਪ ਤਪ ਆਦਿ ਜਿੰਨੇ) ਹੋਰ ਕਰਮ ਹਨ, (ਉਹ ਸਾਰੇ) ਨਿਸਫਲ ਹਨ।੧।ਰਹਾਉ।(ਹੇ ਭਾਈ!) ਫਿਰ ਇਸ ਮਨ ਨੂੰ ਈਟੀ ਬਣਾ ਕੇ ਹੱਥ ਵਿਚ ਫੜਨਾ ਕਰੋ (ਮਨ ਨੂੰ ਵਸ ਵਿਚ ਰੱਖੋ) ,ਨੇਤ੍ਰਾ ਇਹ ਬਣਾਓ (ਕਿ ਆਲਸ ਤੇ ਅਵਿਦਿਆ ਦੀ) ਨੀਂਦ ਨਾ ਆਵੇ।ਜੀਭ ਨਾਲ ਹਰੀ ਦਾ ਨਾਮ ਜਪੋ, ਤਦ (ਇਹ ਕਰਮਾਂ ਰੂਪ ਦੁੱਧ) ਰਿੜਕੋ, ਇਨ੍ਹਾਂ ਤਰੀਕਿਆਂ ਨਾਲ ਮੱਖਣ ਰੂਪ ਅੰਮ੍ਰਿਤ ਪ੍ਰਾਪਤ ਕਰੋ।੨।(ਹੁਣ ਪੂਜਾ ਦਾ ਸਹੀ ਤਰੀਕਾ ਦਸਣ ਲਈ ਮੂਰਤੀ ਪੂਜਾ ਦਾ ਅਲੰਕਾਰ ਵਰਤਿਆ ਹੈ, ਪਹਿਲਾਂ ਮਨ ਨੂੰ ਈਟੀ ਦਸਿਆ ਹੈ, ਹੁਣ ਮਨ ਨੂੰ ਡੱਬਾ ਦਸਦੇ ਹਨ।ਹੇ ਭਾਈ! ਅਪਣੇ) ਮਨ ਨੂੰ ਹਰੀ ਦੇ ਨਿਵਾਸ ਦਾ ਡੱਬਾ ਬਣਾਵੋ, (ਠਾਕੁਰ ਪੂਜਾ ਤੋਂ ਪਹਿਲਾਂ ਇਸ਼ਨਾਨ ਕੀਤਾ ਜਾਂਦਾ ਹੈ) ਜਿਹੜਾ ਇਸ਼ਨਾਨ ਹੈ, ਉਹ ਸਤ ਸੰਗਤ ਰੂਪ ਸਰੋਵਰ ਵਿਚ ਕਰੋ ਅਤੇ ਸ਼ਰਧਾ ਰੂਪ (ਤੁਲਸੀ ਦੇ) ਪਤੇ ਚੜ੍ਹਾ ਕੇ (ਪੂਜਾ ਕਰਕੇ ਪ੍ਰਭੂ ਨੂੰ) ਪ੍ਰਸੰਨ ਕਰੇ।ਜੇ ਸੇਵਕ ਅਪਣੇ ਪ੍ਰਾਣਾਂ ਦੇ ਅੰਤ ਤਕ (ਆਪਾ ਸਮਰਪਣ ਕਰਕੇ) ਸੇਵਾ ਰੂਪ ਪੂਜਾ ਕਰੇ, ਤਾਂ ਇਨ੍ਹਾਂ ਤਰੀਕਿਆਂ ਨਾਲ ਮਾਲਕ ਪ੍ਰਭੂ ਨੂੰ ਮਿਲਿਆ ਰਹਿੰਦਾ ਹੈ।੩।(ਹੇ ਪ੍ਰਭੂ!) ਕਹਿਣ ਵਾਲੇ (ਦੇਵੀ ਦੇਵਤਿਆਂ ਦੀ ਪੂਜਾ ਕਰਨ ਨੂੰ) ਕਹਿੰਦੇ ਹਨ ਅਤੇ (ਬੇਦ ਸ਼ਾਸ਼ਤ੍ਰਾਂ ਦੀਆਂ ਕਥਾਵਾਂ) ਕਹਿ ਕਹਿ ਕੇ ਦੁਨੀਆਂ ਤੋਂ ਚਲੇ ਜਾਂਦੇ ਹਨ, (ਪਰ ਮੇਰੇ ਲਈ) ਤੇਰੇ ਬਰਾਬਰ ਹੋਰ ਕੋਈ ਨਹੀਂ ਹੈ।(ਭਾਵੇਂ ਕਰਮ ਕਾਂਡੀ ਲੋਕ) ਦਾਸ ਨਾਨਕ ਨੂੰ ਭਗਤੀ ਹੀਣ ਦਸਦੇ ਹਨ, (ਪਰ) ਮੈਂ ਉਸ ਸੱਚੇ ਪ੍ਰਭੂ ਨੂੰ ਜਪਦਾ ਹਾਂ ਅਤੇ ਉਸੇ ਨੂੰ ਸਲਾਹੁੰਦਾ ਹਾਂ।੪।੧।

ਪਦਾਰਥ = ਚਉਪਦੇ–ਚਾਰ ਪਦਾਂ (ਬੰਦਾਂ) ਵਾਲੇ ਸ਼ਬਦ।ਧੋਇ–ਧੋ ਕੇ।ਬੈਸਿ–ਬੈਠ ਕੇ; ਟਿਕ ਕੇ।ਧੂਪੁ–ਧੂਪੁ ਦੇਵਹੁ (ਸੂਰਜ ਦੀ ਧੁੱਪ ਦਾ ਸੇਕ ਦਿਓ, ਤਾਂ ਕਿ ਧੋਤਾ ਬਰਤਨ ਸੁਕ ਜਾਵੇ ਤੇ ਉਸ ਦੀ ਖਟਾਸ ਵੀ ਦੂਰ ਹੋ ਜਾਵੇ); ਸੁਗੰਧਤ ਧੂਪ ਦੇਵੋ।ਤਉ–ਤਾਂ; ਤਦ। ਜਾਵਹੁ–ਜਾਓ।ਕਰਮ–ਧਾਰਮਕ ਕਰਮ; ਨਿੱਤ ਦਾ ਕੰਮ ਕਾਜ।ਫੁਨਿ–ਫਿਰ।ਸੁਰਤਿ–ਧਿਆਨ; ਸ੍ਰੇਸਟ ਪ੍ਰੇਮ।ਸਮਾਇਣੁ–ਜਾਗ। ਨਿਰਾਸ–ਆਸਾਂ ਤੋਂ ਰਹਿਤ (ਉਪਰਾਮ)।ਜਮਾਵਹੁ–ਜਮਾਵੋ।੧।ਏਕੋ ਨਾਮਾ–ਇਕ ਪ੍ਰਭੂ ਦਾ ਨਾਮ।ਅਵਰੁ–ਹੋਰ।ਨਿਰਾਫਲ–ਨਿਸਫਲ।ਕਾਮਾ–ਕੰਮ; ਧਾਰਮਕ ਕਰਮ।੧।ਰਹਾਉ।ਈਟੀ–ਗੁੱਲੀਆਂ (ਗਿੱਟੀਆਂ, ਜਿਨ੍ਹਾਂ ਨਾਲ ਰੱਸੀ ਦੇ ਸਿਰੇ ਬੰਨ੍ਹੇ ਹੁੰਦੇ ਹਨ)।ਹਾਥਿ–ਹੱਥ (ਵਸ) ਵਿਚ। ਨੇਤ੍ਰਉ–ਨੇਤ੍ਰਾ (ਮਧਾਣੀ ਨੂੰ ਵਲ੍ਹੇਟੀ ਹੋਈ ਰੱਸੀ, ਜਿਸ ਨਾਲ ਮਧਾਣੀ ਨੂੰ ਬਾਰ ਬਾਰ ਘੁਮਾ ਕੇ ਦੁਧ ਰਿੜਕੀਦਾ ਹੈ)।ਰਸਨਾ–ਜੀਭ।ਤਬ–ਤਦ।ਮਥੀਐ–ਰਿੜਕੋ।ਇਨ ਬਿਧਿ–ਇਨ੍ਹਾਂ ਤਰੀਕਿਆਂ ਨਾਲ।ਅੰਮ੍ਰਿਤੁ–ਮੱਖਣ ਰੂਪ ਅੰਮ੍ਰਿਤ; ਨਾਮ ਰਸ ਦਾ ਅਨੰਦ ਰੂਪ ਅੰਮ੍ਰਿਤ।੨। ਸੰਪਟੁ–ਡੱਬਾ (ਜਿਸ ਵਿਚ ਮੂਰਤੀ ਰੱਖੀਦੀ ਹੈ)।ਜਿਤੁ–ਜਿਹੜਾ।ਸਤ ਸਰਿ–ਸਾਧ ਸੰਗਤ ਰੂਪ ਸਰੋਵਰ ਵਿਚ।ਨਾਵਣੁ–ਇਸ਼ਨਾਨ। ਭਾਵਨ–ਭਾਵਨਾ (ਸ਼ਰਧਾ)।ਪਾਤੀ–(ਤੁਲਸੀ ਦੇ) ਪੱਤੇ।ਤ੍ਰਿਪਤਿ ਕਰੇ–ਪ੍ਰਸੰਨ ਕਰੇ।ਪੂਜਾ ਪ੍ਰਾਣ–ਸੁਆਸਾਂ ਦੇ ਅੰਤ ਤਕ ਸੇਵਾ ਰੂਪ ਪੂਜਾ ਕਰੇ।ਰਵਤੁ ਰਹੈ–ਮਿਲਿਆ ਰਹਿੰਦਾ ਹੈ; ਅਨੰਦ ਮਾਣਦਾ ਰਹਿੰਦਾ ਹੈ।੩।ਕਹਦੇ–ਕਹਿਣ ਵਾਲਾ। ਕਹਹਿ–ਕਹਿੰਦੇ ਹਨ।ਕਹੇ ਕਹਿ–ਕਹਿ ਕਹਿ ਕੇ।ਜਾਵਹਿ–(ਜੀਵਨ ਬਿਅਰਥ ਗਵਾ ਕੇ) ਚਲੇ ਜਾਂਦੇ ਹਨ।ਤੁਮ ਸਰਿ–ਤੇਰੇ ਬਰਾਬਰ

।ਅਵਰੁ–ਹੋਰ।ਭਗਤਿ ਹੀਣੁ–ਭਗਤੀ ਤੋਂ ਸੱਖਣਾ।ਨਾਨਕੁ ਜਨੁ–ਦਾਸ ਨਾਨਕ।ਜੰਪੈ–ਜਪਦਾ ਹੈ।ਹਉ–ਮੈਂ।ਸਾਲਾਹੀ–ਸਲਾਹੁੰਦਾ ਹਾਂ।ਸੋਈ–ਉਸ ਨੂੰ।੪।੧।

ਵਿਆਖਿਆ = ਧਾਰਮਕ ਕਰਮ ਦੁੱਧ ਵਾਂਗ ਹਨ, ਇਨ੍ਹਾਂ ਵਿਚੋਂ ਅੰਮ੍ਰਿਤ ਕਿਵੇਂ ਪ੍ਰਾਪਤ ਕਰਨਾ ਹੈ? ਇਸ ਗਲ ਨੂੰ ਦੁੱਧ ਰਿੜਕ ਕੇ ਮੱਖਣ ਕੱਢਣ ਦੇ ਅਲੰਕਾਰ ਨਾਲ ਸਮਝਾਇਆ ਹੈ।ਦੁੱਧ ਰਿੜਕਣ ਦੀ ਜਾਚ ਆਉਣੀ ਚਾਹੀਦੀ ਹੈ, ਨਹੀਂ ਤਾਂ ਇਹ ਦੁੱਧ ਜੰਮ ਕੇ ਅੰਮ੍ਰਿਤ (ਮੱਖਣ) ਨਹੀਂ ਮਿਲੇਗਾ।ਧਾਰਮਕ ਕਰਮ ਤਦ ਫਲਦੇ ਹਨ, ਜੇ ਨਿਸ਼ਕਾਮ ਰਹਿ ਕੇ ਕੀਤੇ ਜਾਣ।ਇਸ ਸ਼ਬਦ ਵਿਚ ਇਹੀ ਉਪਦੇਸ ਦਿਤਾ ਹੈ।ਦੁੱਧ ਜਮਾਉਣ ਵਾਸਤੇ ਭਾਂਡੇ ਨੂੰ ਧੋ ਕੇ ਧੁੱਪੇ ਸੁਕਾਇਆ ਜਾਂਦਾ ਹੈ, ਤਾਂ ਕਿ ਭਾਂਡੇ ਦੀ ਖਟਾਸ ਦੂਰ ਹੋ ਜਾਵੇ।ਸੁਗੰਧੀ ਵਾਸਤੇ ਧੂਪ ਦੇਣ ਦਾ ਵੀ ਅਰਥ ਕੀਤਾ ਜਾਂਦਾ ਹੈ, ਇਸ ਦਾ ਭਾਵ ਵੀ ਇਹੀ ਹੈ ਕਿ ਭਾਂਡੇ ਦੀ ਖਟਾਸ ਤੇ ਮੁਸ਼ਕ ਦੂਰ ਹੋ ਜਾਵੇ।

ਗੁਰੂ ਜੀ ਪਹਿਲੇ ਦੋ ਅੰਕਾਂ ਵਿਚ ਦੁੱਧ ਜਮਾ ਕੇ ਰਿੜਕਣ ਅਤੇ ਮੱਖਣ ਕੱਢਣ ਦਾ ਅਲੰਕਾਰ ਲੈ ਕੇ ਦਸਦੇ ਹਨ ਕਿ ਨਾਮ 'ਸਿਰਿ ਕਰਮ ਕੈ ਕਰਮਾ' ਹੈ, ਪਰ ਹਰ ਕੋਈ ਨਾਮ ਜਿਹੀ ਅਜਰ ਵਸਤੂ ਨੂੰ ਸੰਭਾਲ ਨਹੀਂ ਸਕਦਾ।ਮਨੁੱਖ ਨੂੰ ਚਾਹੀਦਾ ਹੈ ਕਿ ਪਹਿਲਾਂ ਅਪਣੇ ਹਿਰਦੇ ਨੂੰ ਹੋਰ ਤਰ੍ਹਾਂ ਦੀਆਂ ਵਾਸ਼ਨਾਵਾਂ ਤੋਂ ਸਾਫ ਕਰੇ ਅਤੇ ਫਿਰ ਅਪਣੀ ਸੁਰਤ ਨੂੰ ਹਰੀ ਦੇ ਪਿਆਰ ਵਿਚ ਜਗਾਵੇ।ਜਦ ਇਹ ਤਿਆਰੀ ਹੋ ਜਾਵੇ ਤਾਂ ਮਨ ਨੂੰ ਕਾਬੂ ਕਰਕੇ ਸਦਾ ਸਿਮਰਨ ਵਿਚ ਜੁਟਿਆ ਰਹੇ।ਬਾਕੀ ਦੇ ਦੋ ਅੰਕਾਂ ਵਿਚ ਅਲੰਕਾਰ ਠਾਕੁਰ–ਪੂਜਾ ਤੋਂ ਲਿਆ ਹੈ, ਜਿਸ ਵਿਚ ਠਾਕਰਾਂ ਨੂੰ ਡੱਬੇ ਵਿਚ ਰਖਦੇ, ਨਦੀ ਵਿਚ ਨਵ੍ਹਾਲਦੇ, ਪੱਤਰਾਂ ਤੇ ਫੁੱਲਾਂ ਦਾ ਚੜ੍ਹਾਵਾ ਚੜ੍ਹਾ ਕੇ ਠਾਕਰਾਂ ਨੂੰ ਪ੍ਰਸੰਨ ਕਰਦੇ ਹਨ।ਇਸ ਤਰ੍ਹਾਂ ਦੀ ਪੂਜਾ ਦੇ ਮੁਕਾਬਲੇ ਤੇ ਅਸਲੀ ਪੂਜਾ ਰੱਬ ਦੇ ਰੀਝਾਣ ਦੀ ਦਸਦੇ ਹਨ ਕਿ ਮਨੁੱਖ ਮਨ ਵਿਚ ਹਰੀ ਨੂੰ ਵਸਾ ਕੇ ਸਤਿ ਸੰਗ ਵਿਚ ਹਾਜਰੀ ਭਰੇ, ਜਿਸ ਵਿਚ ਸਭ ਕਦੂਰਤਾਂ (ਹਨ੍ਹੇਰਾ; ਮਲੀਨਤਾ) ਦੂਰ ਹੋ ਕੇ ਮਨ ਸਵੱਛ ਹੋ ਜਾਵੇਗਾ।ਪ੍ਰੇਮ ਦਾ ਚੜ੍ਹਾਵਾ ਅਤੇ ਜਿੰਦਗੀ ਦੀ ਕੁਰਬਾਨੀ ਦੇ ਕੇ ਪੂਜਾ ਕਰਨ ਨਾਲ ਰੱਬ ਖੁਸ਼ ਹੋ ਕੇ ਅਪਣਾ ਸਦੀਵੀ ਮੇਲ ਬਖਸ਼ੇਗਾ (ਸ਼ਬਦਾਰਥ)।

ਸੂਹੀ ਮਹਲਾ ੧ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਅੰਤਰਿ ਵਸੈ ਨ ਬਾਹਰਿ ਜਾਇ ॥ ਅੰਮ੍ਰਿਤੁ ਛੋਡਿ ਕਾਹੇ ਬਿਖੁ ਖਾਇ ॥੧॥ ਐਸਾ ਗਿਆਨੁ ਜਪਹੁ ਮਨ ਮੇਰੇ ॥ ਹੋਵਹੁ ਚਾਕਰ ਸਾਚੇ ਕੇਰੇ ॥੧॥ਰਹਾਉ॥ ਗਿਆਨੁ ਧਿਆਨੁ ਸਭੁ ਕੋਈ ਰਵੈ ॥ ਬਾਂਧਨਿ ਬਾਂਧਿਆ ਸਭੁ ਜਗੁ ਭਵੈ ॥੨॥ ਸੇਵਾ ਕਰੇ ਸੁ ਚਾਕਰੁ ਹੋਇ ॥ ਜਲਿ ਥਲਿ ਮਹੀਅਲਿ ਰਵਿ ਰਹਿਆ ਸੋਇ ॥੩॥ ਹਮ ਨਹੀ ਚੰਗੇ ਬੁਰਾ ਨਹੀ ਕੋਇ ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥੪॥੧॥੨॥ (ਹੇ ਭਾਈ!) ਪ੍ਰਮਾਤਮਾ (ਹਰ ਇਕ ਜੀਵ ਦੇ) ਹਿਰਦੇ ਅੰਦਰ ਵਸਦਾ ਹੈ, (ਉਸ ਨੂੰ ਲੱਭਣ ਵਾਸਤੇ ਤੂੰ) ਬਾਹਰ ਜਾ ਕੇ ਨਾ ਭਟਕਦਾ ਫਿਰ।ਨਾਮ ਅੰਮ੍ਰਿਤ ਛਡ ਕੇ ਵਿਸ਼ਿਆਂ ਦੀ ਜਹਿਰ ਕਿਉਂ ਖਾਂਦਾ ਹੈਂ?।੧।ਹੇ ਮੇਰੇ ਮਨ! ਇਹੋ ਜਿਹਾ ਗਿਆਨ ਸਮਝ ਕੇ ਨਾਮ ਜਪੋ।ਅਤੇ ਸੱਚੇ ਪ੍ਰਭੂ ਦੇ ਸੇਵਕ ਹੋ ਜਾਵੋ।੧।ਰਹਾਉ।(ਹੇ ਭਾਈ)! ਸਭ ਕੋਈ (ਹਰੇਕ ਮਨੁੱਖ ਰੱਬ ਦਾ) ਗਿਆਨ ਪ੍ਰਾਪਤ ਹੋਣ ਅਤੇ (ਉਸ ਵਿਚ) ਧਿਆਨ ਜੁੜਨ ਦੀਆਂ ਗੱਲਾਂ ਆਖਦਾ ਹੈ।(ਪਰ ਅਸਲ ਵਿਚ) ਸਾਰਾ ਜਗਤ (ਵਾਸ਼ਨਾਵਾਂ ਦੇ) ਬੰਧਨਾਂ ਵਿਚ ਬੰਨ੍ਹਿਆ ਹੋਇਆ ਭਟਕਦਾ ਫਿਰਦਾ ਹੈ; ਰੱਬ ਵੱਲੋਂ ਬੇਮੁਖ ਹੋਇਆ ਹੈ।੨।(ਹੇ ਭਾਈ! ਜਿਹੜਾ ਮਨੁੱਖ) ਪ੍ਰਭੂ ਦੀ ਸੇਵਾ ਭਗਤੀ ਕਰਦਾ ਹੈ, ਉਹ (ਪ੍ਰਭੂ ਦਾ ਸੱਚਾ) ਸੇਵਕ ਹੁੰਦਾ ਹੈ।ਉਹ ਪ੍ਰਭੂ ਜਲ ਵਿਚ, ਸੁੱਕੀ ਧਰਤੀ ਵਿਚ, ਧਰਤੀ ਤੇ ਅਕਾਸ਼ ਦੇ ਵਿਚਕਾਰ ਪੁਲਾੜ ਵਿਚ (ਉਸ ਸੇਵਕ ਨੂੰ) ਵਿਆਪਕ ਹੋ ਰਿਹਾ ਦਿਸਦਾ ਹੈ।੩।(ਫਿਰ ਉਹ ਸੇਵਕ ਸਮਝਦਾ ਹੈ ਕਿ ਹੋਰਨਾਂ ਨਾਲੋਂ) ਮੈਂ ਚੰਗਾ ਨਹੀਂ ਹਾਂ ਅਤੇ (ਜਗਤ ਵਿਚ) ਬੁਰਾ ਵੀ ਕੋਈ ਨਹੀਂ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਅਜੇਹੇ ਸੇਵਕ ਨੂੰ) ਉਹ ਪ੍ਰਭੂ (ਸੰਸਾਰ ਸਮੁੰਦਰ ਤੋਂ) ਤਾਰ ਲੈਂਦਾ ਹੈ।੪।੧।੨।

ਅੰਤਰਿ ਵਸੈ = (ਹੇ ਭਾਈ! ਜਿਸ ਮਨੁੱਖ ਦਾ ਮਨ) ਅੰਦਰ ਵਸਦਾ ਹੈ, (ਉਹ) ਬਾਹਰ ਨਹੀਂ ਜਾਂਦਾ (ਬਾਹਰ ਨਹੀਂ ਭਟਕਦਾ, ਅੰਦਰ ਹੀ ਟਿਕਿਆ ਰਹਿੰਦਾ ਹੈ।(ਫਿਰ ਉਹ ਮਨੁੱਖ) ਨਾਮ ਅੰਮ੍ਰਿਤ ਛਡ ਕੇ (ਵਿਸ਼ਿਆਂ ਦੀ) ਜਹਿਰ ਕਿਉਂ ਖਾਵੇ? (ਨਹੀਂ ਖਾਂਦਾ)।

ਪਦਾਰਥ = ਅੰਤਰਿ–ਹਿਰਦੇ ਅੰਦਰ।ਵਸੈ–ਵਸਦਾ ਹੈ।ਅੰਮ੍ਰਿਤੁ–ਨਾਮ ਅੰਮ੍ਰਿਤ।ਕਾਹੇ–ਕਿਉਂ।ਬਿਖੁ–(ਵਿਸ਼ਿਆਂ ਦੀ) ਜਹਿਰ।੧। ਜਪਹੁ–ਜਪੋ।ਹੋਵਹੁ–ਹੋ (ਬਣ) ਜਾਵੋ।ਚਾਕਰ–ਸੇਵਕ।ਕੇਰੇ–ਦੇ।੧।ਰਹਾਉ।ਸਭੁ ਕੋਈ–ਹਰੇਕ ਮਨੁੱਖ।ਰਵੈ–ਆਖਦਾ ਹੈ।ਬਾਂਧਨਿ –ਬੰਧਨਾਂ ਵਿਚ।ਬਾਂਧਿਆ–ਬੰਨ੍ਹਿਆ ਹੋਇਆ।ਸਭੁ ਜਗੁ–ਸਾਰਾ ਜਗਤ।ਭਵੈ–ਭਟਕਦਾ ਫਿਰਦਾ ਹੈ; ਬੇਮੁਖ ਹੋਇਆ ਹੈ।੨।ਸੁ–ਉਹ।ਜਲਿ–ਪਾਣੀਆਂ ਵਿਚ।ਥਲਿ–ਸੁੱਕੀ ਧਰਤੀ ਵਿਚ।ਮਹੀਅਲਿ–ਧਰਤੀ ਤੇ ਅਕਾਸ਼ ਦੇ ਵਿਚਾਲੇ ਪੁਲਾੜ ਵਿਚ।ਰਵਿ ਰਹਿਆ–ਵਿਆਪਕ ਹੋ ਰਿਹਾ (ਦਿਸਦਾ ਹੈ)।ਸੋਇ–ਉਹ (ਪ੍ਰਭੂ)।੩।ਹਮ–ਮੈਂ।ਪ੍ਰਣਵਤਿ–ਆਖਦਾ ਹੈ।ਤਾਰੇ–ਤਾਰ ਲੈਂਦਾ ਹੈ।੪।੧।੨।

ਉਥਾਨਕਾ = ਮੁਲਤਾਨ ਜਿਲ੍ਹੇ ਦੇ ਪਿੰਡ ਤੁਲੰਭਾ (ਵਰਤਮਾਨ ਨਾਮ ਮਖਦੂਮ ਪੁਰ) ਦੇ ਵਸਨੀਕ ਸ਼ੇਖ ਸੱਜਣ ਪ੍ਰਤੀ ਇਹ ਸ਼ਬਦ ਉਚਾਰਨ ਹੋਇਆ ਹੈ।ਇਹ ਠੱਗ ਸੀ, ਜੋ ਉਤੋਂ ਉਤੋਂ ਮੋਮਨ ਬਣਿਆ ਹੋਇਆ ਸੀ, ਪਰ ਲੋਕਾਂ ਨੂੰ ਲੁਟ ਲੈਂਦਾ ਸੀ ਤੇ ਮਾਰ ਦਿੰਦਾ ਸੀ।ਜਦ ਗੁਰੂ ਜੀ ਇਸ ਦੀ ਬਣਾਈ ਧਰਮਸਾਲਾ ਵਿਚ ਆਏ ਤਾਂ ਇਸ ਨੇ ਗੁਰੂ ਜੀ ਨੂੰ ਅਮੀਰ ਜਾਣ ਕੇ ਬਹੁਤ ਸੇਵਾ ਕੀਤੀ।ਰਾਤ ਪਈ ਤੇ ਸਜਣ ਆਖਣ ਲੱਗਾ ਕਿ ਰਾਤ ਬਹੁਤ ਹੋ ਗਈ ਹੈ, ਚਲੋ ਹੁਣ ਸੌਂ ਜਾਓ।ਗੁਰੂ ਜੀ ਕਹਿਣ ਲੱਗੇ ਸੱਜਣਾਂ! ਸੌਣ ਲਗੇ ਖੁਦਾ ਦੀ ਸਿਫਤ ਦਾ ਇਕ ਸ਼ਬਦ ਗਾ ਲਈਏ।ਗੁਰੂ ਜੀ ਨੇ ਇਹ ਸ਼ਬਦ ਸੁਣਾ ਕੇ ਇਸ ਦੇ ਕੀਤੇ ਪਾਪ ਇਸ ਨੂੰ ਦਿਖਾ ਦਿਤੇ, ਕੀਤੇ ਪਾਪਾਂ ਦੇ ਕਾਰਣ ਸੱਜਣ ਕੰਬਣ ਲਗ ਪਿਆ।ਗੁਰੂ ਜੀ ਦੇ ਦਰਸ਼ਨ ਦਾ ਸਦਕਾ ਸੱਜਣ ਦਾ ਅੰਦਰਲਾ ਹਿਰਦਾ ਜਾਗ ਪਿਆ, ਲੱਗਾ ਗੁਰੂ ਜੀ ਚਰਨ ਚੁੰਮਣ ਅਤੇ ਲਿਲਕੜੀਆਂ ਕੱਢਣ, ਮਹਾਰਾਜ! ਮੇਰੇ ਗੁਨਾਹ ਮਾਫ ਕਰ ਦਿਓ।ਗੁਰੂ ਜੀ ਇਸ ਤੇ ਮਿਹਰਵਾਨ ਹੋਏ ਅਤੇ ਆਖਿਆ ਜੋ ਲੋਕਾਂ ਦਾ ਸਮਾਨ ਲੁੱਟਿਆ ਹੈ, ਸਾਰਾ ਗਰੀਬਾਂ ਵਿਚ ਵੰਡ ਦੇਹ।ਸੱਜਣ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਸਾਰਾ ਸਮਾਨ ਗਰੀਬਾਂ ਵਿਚ ਵੰਡ ਦਿਤਾ।ਗੁਰੂ ਜੀ ਨੇ ਇਸ ਨੂੰ ਅਪਣਾ ਸਿਖ ਬਣਾ ਕੇ ਇਲਾਕੇ ਦਾ ਪ੍ਰਚਾਰਕ ਥਾਪਿਆ (ਪੁਰਾਤਨ ਜਨਮ ਸਾਖੀ ਵਿਚੋਂ)।

ਅੰਗ ੭੨੯ = ਸੂਹੀ ਮਹਲਾ ੧ ਘਰੁ ੬ ੧ੴ ਸਤਿਗੁਰ ਪ੍ਰਸਾਦਿ ॥ ਉਜਲੁ ਕੈਹਾ ਚਿਲਕਣਾ, ਘੋਟਿਮ ਕਾਲੜੀ ਮਸੁ ॥ ਧੋਤਿਆ ਜੂਠਿ ਨ ਉਤਰੈ, ਜੇ ਸਉ ਧੋਵਾ ਤਿਸੁ ॥੧॥ ਸਜਣ ਸੇਈ ਨਾਲਿ ਮੈ, ਚਲਦਿਆ ਨਾਲਿ ਚਲੰਨ੍ਹਿ ॥ ਜਿਥੈ ਲੇਖਾ ਮੰਗੀਐ, ਤਿਥੈ ਖੜੇ ਦਿਸੰਨਿ ॥੧॥ਰਹਾਉ॥ ਕੋਠੇ ਮੰਡਪ ਮਾੜੀਆ, ਪਾਸਹੁ ਚਿਤਵੀਆਹਾ ॥ ਢਠੀਆ ਕੰਮਿ ਨ ਆਵਨ੍ਹੀ, ਵਿਚਹੁ ਸਖਣੀਆਹਾ ॥੨॥ ਬਗਾ ਬਗੇ ਕਪੜੇ, ਤੀਰਥ ਮੰਝਿ ਵਸੰਨ੍ਹਿ ॥ ਘੁਟਿ ਘੁਟਿ ਜੀਆ ਖਾਵਣੇ, ਬਗੇ ਨ ਕਹੀਅਨ੍ਹਿ ॥੩॥ ਸਿੰਮਲ ਰੁਖੁ ਸਰੀਰੁ ਮੈ, ਮੈਜਨ ਦੇਖਿ ਭੁਲੰਨ੍ਹਿ ॥ ਸੇ ਫਲ ਕੰਮਿ ਨ ਆਵਨ੍ਹੀ, ਤੇ ਗੁਣ ਮੈ ਤਨਿ ਹੰਨ੍ਹਿ ॥੪॥ ਅੰਧੁਲੈ ਭਾਰੁ ਉਠਾਇਆ, ਡੂਗਰ ਵਾਟ ਬਹੁਤੁ ॥ ਅਖੀ ਲੋੜੀ ਨ ਲਹਾ, ਹਉ ਚੜਿ ਲੰਘਾ ਕਿਤੁ ॥੫॥ ਚਾਕਰੀਆ ਚੰਗਿਆਈਆ, ਅਵਰ ਸਿਆਣਪ ਕਿਤੁ ॥ ਨਾਨਕ ਨਾਮੁ ਸਮਾਲਿ ਤੂੰ ,ਬਧਾ ਛੁਟਹਿ ਜਿਤੁ ॥੬॥੧॥੩॥ (ਹੇ ਭਾਈ!) ਕਾਂਸੀ ਦਾ ਭਾਂਡਾ ਉਜਲ ਤੇ ਚਿਲਕਣਾ ਹੁੰਦਾ ਹੈ, (ਪਰ) ਘਸਾਉਣ ਤੋਂ (ਉਸ ਦੇ ਅੰਦਰੋਂ) ਕਾਲਖ ਨਿਕਲਦੀ ਹੈ।ਜੇ ਮੈਂ ਉਸ ਨੂੰ ਸੌ ਵਾਰੀ ਧੋਵਾਂ, ਤਾਂ (ਉਸ ਕਾਲਖ ਦੀ ਅੰਦਰਲੀ) ਜੂਠ ਧੋਣ ਨਾਲ ਨਹੀਂ ਉਤਰ ਸਕਦੀ (ਹੇ ਸੱਜਣ! ਤੂੰ ਉਪਰੋਂ ਸਾਫ ਸੁਥਰਾ ਤੇ ਸਾਧੂਆਂ ਵਾਲੇ ਚਿੱਟੇ ਕਪੜੇ ਪਾਏ ਹੋਏ ਹਨ, ਪਰ ਪਰਖਣ ਤੇ ਤੇਰੇ ਅੰਦਰੋਂ ਕਾਲਖ ਦਿਸ ਰਹੀ ਹੈ ।ਜੇ ਤੈਨੂੰ ਅਨੇਕਾਂ ਵਾਰੀ ਵੀ ਇਸ਼ਨਾਨ ਕਰਾਈਏ, ਤਾਂ ਵੀ ਪਾਪਾਂ ਕਰਕੇ ਤੇਰੇ ਅੰਦਰ ਦੀ ਮੈਲ ਲਹਿ ਨਹੀਂ ਸਕਦੀ)।੧।(ਸੱਜਣ ਠੱਗ ਦੇ ਨਾਂ ਦੇ ਅਸਲੀ ਅਰਥਾਂ ਵੱਲ ਇਸ਼ਾਰਾ ਕਰਦੇ ਹਨ ਕਿ ਅਸਲੀ) ਸਜਣ ਉਹ ਹੀ ਹੁੰਦੇ ਹਨ, ਜੋ ਜਿਥੇ ਜਾਈਏ, ਮੇਰੇ ਸਾਥੀ ਬਣ ਕੇ ਨਾਲ ਚੱਲਣ (ਤੇਰੇ ਵਰਗੇ ਨਹੀਂ, ਜੋ ਘਰ ਵਿਚ ਆਉਣ ਵਾਲਿਆਂ ਨੂੰ ਸੱਜਣ ਬਣਨ ਦੀ ਥਾਂ ਵੈਰੀ ਹੋ ਕੇ ਟਕਰਨ।ਸ਼ੁਭ ਕਰਮ ਮਨੁੱਖ ਦੇ ਅਸਲੀ ਸੱਜਣ ਹਨ।ਪ੍ਰਲੋਕ ਵਿਚ) ਜਿਥੇ ਲੇਖਾ ਮੰਗਿਆ ਜਾਂਦਾ ਹੈ, ਉਥੇ ਨਾਲ ਖੜੇ ਦਿਸਦੇ ਹਨ (ਸਹਾਇਤਾ ਕਰਦੇ ਹਨ)।੧।ਰਹਾਉ।ਕੱਚੇ ਕੋਠੇ, ਪੱਕੇ ਮਹਿਲ ਤੇ ਹਵੇਲੀਆਂ, (ਜੋ ਚਾਰੇ) ਪਾਸਿਆਂ ਤੋਂ ਚਿਤਰੀਆਂ ਹੋਣ।(ਪਰ ਜੇ) ਵਿਚਹੁ ਖਾਲੀ ਹੋਣ, ਤਾਂ ਉਹ ਢਹੀਆਂ ਹੋਈਆਂ ਦੇ ਸਮਾਨ ਹਨ ਤੇ ਕਿਸੇ ਨਹੀਂ ਕੰਮ ਆਉਂਦੀਆਂ (ਉਚੇ ਲੰਮੇ ਜਵਾਨ ਸੋਹਣੇ ਸਰੀਰ ਹੋਣ, ਜੇ ਉਹ ਗੁਣਾਂ ਤੋਂ ਖਾਲੀ ਹਨ ਤਾਂ ਮੁਰਦਿਆਂ ਵਰਗੇ ਹਨ ਤੇ ਕਿਸੇ ਕੰਮ ਆਉਣ ਵਾਲੇ ਨਹੀਂ)।੨।(ਬੱਗੇ ਦਾ ਦ੍ਰਿਸਟਾਂਤ) ਬਗਲਿਆਂ ਦੇ ਚਿੱਟੇ ਕੱਪੜੇ (ਖੰਭ) ਹੁੰਦੇ ਹਨ ਅਤੇ (ਉਹ ਵੀ) ਤੀਰਥਾਂ ਵਿਚ ਵਸਦੇ ਹਨ।(ਪਰ ਉਹ) ਜੀਵਾਂ ਨੂੰ ਮਾਰ ਮਾਰ ਕੇ ਖਾਣ ਵਾਲੇ ਬੱਗੇ ਨਹੀਂ ਕਹੇ ਜਾ ਸਕਦੇ (ਜੋ ਪਖੰਡੀ ਸਾਧੂ ਧਰਮਸ਼ਾਲਾ ਵਿਚ ਬੈਠੇ ਕੁਕਰਮ ਕਰਦੇ ਹਨ, ਉਹ ਪਰਮ ਹੰਸ ਨਹੀਂ ਕਹੇ ਜਾ ਸਕਦੇ)।੩।(ਅਗਲੇ ਬੰਦਾਂ ਵਿਚ ਅਪਣੇ ਰਾਹੀਂ ਸੱਜਣ ਦੇ ਔਗਣ ਤੇ ਪਾਪ ਜਾਹਰ ਕਰਦੇ ਹਨ) ਮੇਰਾ ਸਰੀਰ (ਜੀਵਨ) ਸਿੰਬਲ ਦੇ ਰੁੱਖ ਵਰਗਾ ਹੈ, (ਜਿਵੇਂ ਸਿੰਬਲ ਦੇ ਸੋਹਣੇ ਦਰੱਖਤ ਨੂੰ ਦੇਖ ਕੇ) ਤੋਤੇ ਭੁਲੇਖਾ ਖਾ ਜਾਂਦੇ ਹਨ (ਕਿ ਇਸ ਸੋਹਣੇ ਦਰੱਖਤ ਦੇ ਫਲ ਮਿੱਠੇ ਹੋਣਗੇ।ਪਰ) ਉਹ ਫਲ (ਤੋਤਿਆਂ ਦੇ) ਕੰਮ ਨਹੀਂ ਆਉਂਦੇ, ਉਹੋ ਜਿਹੇ ਗੁਣ ਮੇਰੇ ਸਰੀਰ ਵਿਚ ਹਨ (ਤੇਰਾ ਉਚਾ ਮੁਰਾਤਬਾ, ਝੂਠੀ ਪ੍ਰਭੱਤਾ ਦੇਖ ਸੁਣ ਕੇ ਮੇਰੇ ਵਰਗੇ ਲੋਕ ਤੈਨੂੰ ਦਰਵੇਸ਼ ਜਾਣ ਕੇ ਭੁਲੇਖਾ ਖਾ ਜਾਂਦੇ ਹਨ।ਤੇਰੇ ਦਿਖਾਵੇ ਦਾ ਭੇਖ ਕਿਸੇ ਕੰਮ ਨਹੀਂ ਆਉਣਾ, ਕਿਉਂਕਿ ਤੇਰੇ ਅੰਦਰ ਔਗਣ ਬਹੁਤ ਹਨ)।੪।ਮੈਂ ਅੰਨ੍ਹੇ ਨੇ (ਅਪਣੇ ਸਿਰ ਉਤੇ ਪਾਪਾਂ ਦਾ) ਬੋਝ ਉਠਾਇਆ ਹੋਇਆ ਹੈ, (ਅੱਗੇ) ਪਹਾੜੀ ਰਸਤਾ ਬਹੁਤ (ਔਖਾ ਤੇ ਲੰਮਾ) ਹੈ।ਅੱਖਾਂ ਨਾਲ ਮੈਂ (ਉਹ ਪਹਾੜੀ ਰਸਤਾ) ਟੋਲਦਾ ਹਾਂ, (ਪਰ) ਲੱਭਦਾ ਨਹੀਂ, ਮੈਂ ਕਿਵੇਂ (ਪਹਾੜੀ ਰਸਤੇ ਉਤੇ) ਚੜ੍ਹ ਕੇ ਲੰਘਾਂ? (ਹੇ ਸੱਜਣ! ਤੈਂ ਗਿਆਨਹੀਣ ਨੇ ਸਿਰ ਨੇ ਪਾਪਾਂ ਦਾ ਭਾਰ ਚੁੱਕਿਆ ਹੋਇਆ ਹੈ, ਅੱਗੇ ਜਮ ਮਾਰਗ ਬਹੁਤ ਕਠਨ ਤੇ ਦੁਖ ਦਾਈ ਹੈ।ਤੇਰੇ ਕੋਲ ਦੈਵੀ ਅੱਖਾਂ ਨਹੀਂ ਹਨ, ਤੂੰ ਉਸ ਜਮ ਮਾਰਗ ਤੇ ਕਿਵੇਂ ਚੜ੍ਹ ਕੇ ਲੰਘ

ਸਕੇਂਗਾ?)।੫।(ਪ੍ਰਭੂ ਤੋਂ ਬਿਨਾ ਦੇਵੀ ਦੇਵਤਿਆਂ ਦੀ) ਸੇਵਕੀ ਕਰਨੀ, ਚੰਗਿਆਈਆਂ ਅਤੇ ਹੋਰ ਸਿਆਣਪਾਂ ਕਿਸ ਕੰਮ ਹਨ? ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਸੱਜਣ!) ਤੂੰ ਪ੍ਰਭੂ ਦਾ ਨਾਮ ਯਾਦ ਕਰ, ਜਿਸ ਨਾਲ (ਪਾਪਾਂ ਦੇ ਬੰਧਨਾਂ ਵਿਚ) ਬੱਧਾ ਹੋਇਆ ਛੁੱਟ (ਤੂੰ ਮੁਕਤ ਹੋ) ਸਕੇਂਗਾ।੬।੧।੩।

ਪਦਾਰਥ = ਉਜਲ-ਚਿੱਟਾ।ਕੈਹਾ-ਕਾਂਸ਼ੀ (ਦਾ ਭਾਂਡਾ)।ਚਿਲਕਣਾ-ਚਮਕੀਲਾ; ਲਿਸ਼ਕਣਾ।ਘੋਟਿਮ-ਘਸਾਉਣ ਤੋਂ।ਕਾਲੜੀ ਮਸੁ-ਕਾਲੀ ਸਿਆਹੀ (ਕਾਲਖ)।ਸਉ-ਸੌ ਵਾਰੀ।ਧੋਵਾ-ਮੈਂ ਧੋਵਾਂ।ਤਿਸੁ-ਉਸ (ਕਾਂਸੀ ਦੇ ਭਾਂਡੇ) ਨੂੰ।੧।ਸਜਣ-ਭਲੇ ਪੁਰਖ।ਸੇਈ-ਉਹ ਹੀ।ਨਾਲਿ ਮੈ-ਮੇਰੇ ਨਾਲ।ਚਲੰਨ੍ਹਿ-ਚਲਣ।ਤਿਥੈ-ਉਥੇ।ਖੜੇ ਦਿਸੰਨਿ-ਖੜੇ ਦਿਸਦੇ ਹਨ (ਮਦੱਤ ਕਰਦੇ ਹਨ)।੧।ਰਹਾਉ।ਮੰਡਪ-ਮਹਿਲ।ਮਾੜੀਆ-ਹਵੇਲੀਆਂ।ਪਾਸਹੁ-(ਸਾਰੇ) ਪਾਸਿਆਂ ਤੋਂ।ਚਿਤਵੀਆਹਾ-ਚਿਤਰੀਆਂ ਹੋਈਆਂ ਹੋਣ।ਢਠੀਆ-ਢਹੀਆਂ ਹੋਈਆਂ।ਕੰਮਿ ਨ ਆਵਨ੍ਹੀ-ਕੰਮ ਨਹੀਂ ਆਉਂਦੀਆਂ।ਵਿਚਹੁ-ਵਿਚੋਂ (ਅੰਦਰੋਂ)।ਸਖਣੀਆਹਾ-ਖਾਲੀ ਹੋਣ।੨।ਬਗਾ-ਬਗਲਿਆਂ ਦੇ।ਬਗੇ-ਚਿੱਟੇ।ਕਪੜੇ-ਲਿਬਾਸ (ਖੰਭ)।ਮੰਝਿ-ਵਿਚ।ਵਸੰਨ੍ਹਿ-ਵਸਦੇ ਹਨ।ਘੁਟਿ ਘੁਟਿ-ਮਾਰ ਮਾਰ (ਗਲ ਘੁੱਟ) ਕੇ।ਖਾਵਣੇ-ਖਾਣ ਵਾਲੇ। ਬਗੇ-ਚਿੱਟੇ (ਨਿਰਮਲ; ਸਾਫ ਦਿਲ ਵਾਲੇ)।ਕਹੀਅਨ੍ਹਿ-ਕਹੇ ਜਾ ਸਕਦੇ।੩।ਮੈਜਨ-ਤੋਤੇ।ਭੁਲੰਨ੍ਹਿ-ਭੁੱਲ (ਭੁਲੇਖਾ ਖਾ) ਜਾਂਦੇ ਹਨ। ਸੇ-ਉਹ।ਤੇ ਗੁਣ-ਉਹ ਗੁਣ।ਮੈ ਤਨਿ ਹੰਨ੍ਹਿ-ਮੇਰੇ ਸਰੀਰ ਵਿਚ ਹਨ।੪।ਅੰਧੁਲੈ-ਅੰਨ੍ਹੇ ਨੇ।ਭਾਰ-ਬੋਝ।ਡੂਗਰ ਵਾਟ-ਪਹਾੜੀ ਰਸਤਾ।ਅਖੀ-ਅੱਖਾਂ ਨਾਲ।ਲੋੜੀ-ਭਾਲਦਾ ਹਾਂ।ਨ ਲਹਾ-ਲੱਭਦਾ ਨਹੀਂ।ਹਉ-ਮੈਂ।ਕਿਤੁ-ਕਿਵੇਂ।੫।ਚਾਕਰੀਆਂ-ਨੌਕਰੀਆਂ (ਸੇਵਕੀ)।ਅਵਰ-ਹੋਰ।ਕਿਤੁ-ਕਿਸ ਕੰਮ।ਸਮਾਲਿ-ਯਾਦ ਕਰ।ਬਧਾ-ਬੰਨ੍ਹਿਆ ਹੋਇਆ।ਛੁਟਹਿ-ਛੁਟ ਸਕੇਂਗਾ।ਜਿਤੁ-ਜਿਸ ਨਾਲ।੬।੧।੩।

ਸੂਹੀ ਮਹਲਾ ੧ ॥ ਜਪ ਤਪ ਕਾ ਬੰਧੁ ਬੇੜੁਲਾ, ਜਿਤੁ ਲੰਘਹਿ ਵਹੇਲਾ ॥ ਨਾ ਸਰਵਰੁ ਨ ਊਛਲੈ, ਐਸਾ ਪੰਥੁ ਸੁਹੇਲਾ ॥੧॥ ਤੇਰਾ ਏਕੋ ਨਾਮੁ ਮੰਜੀਠੜਾ, ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥੧॥ਰਹਾਉ॥ ਸਾਜਨ ਚਲੇ ਪਿਆਰਿਆ, ਕਿਉ ਮੇਲਾ ਹੋਈ ॥ ਜੇ ਗੁਣ ਹੋਵਹਿ ਗੰਠੜੀਐ, ਮੇਲੇਗਾ ਸੋਈ ॥੨॥ ਮਿਲਿਆ ਹੋਇ ਨ ਵੀਛੁੜੈ, ਜੇ ਮਿਲਿਆ ਹੋਈ ॥ ਆਵਾਗਉਣੁ ਨਿਵਾਰਿਆ, ਹੈ ਸਾਚਾ ਸੋਈ ॥੩॥ ਹਉਮੈ ਮਾਰਿ ਨਿਵਾਰਿਆ, ਸੀਤਾ ਹੈ ਚੋਲਾ ॥ ਗੁਰ ਬਚਨੀ ਫਲੁ ਪਾਇਆ, ਸਹ ਕੇ ਅੰਮ੍ਰਿਤ ਬੋਲਾ ॥੪॥ ਨਾਨਕੁ ਕਹੈ ਸਹੇਲੀਹੋ, ਸਹੁ ਖਰਾ ਪਿਆਰਾ ॥ ਹਮ ਸਹ ਕੇਰੀਆ ਦਾਸੀਆ, ਸਾਚਾ ਖਸਮੁ ਹਮਾਰਾ ॥੫॥੨॥੪॥ (ਹੇ ਭਾਈ! ਤੂੰ) ਜਪ ਤਪ ਦਾ ਬੇੜਾ ਬੰਨ੍ਹ (ਬਣਾ), ਜਿਸ ਰਾਹੀਂ ਤੂੰ (ਸੰਸਾਰ ਸਮੁੰਦਰ ਤੋਂ) ਛੇਤੀ ਪਾਰ ਲੰਘ ਜਾਵੇਂਗਾ।ਫਿਰ ਤੇਰਾ ਰਸਤਾ ਐਸਾ ਸੌਖਾ ਹੋ ਜਾਵੇਗਾ ਕਿ ਜਿਵੇਂ ਸੰਸਾਰ ਸਮੁੰਦਰ (ਵਿਸ਼ੇ ਵਿਕਾਰਾਂ ਦਾ) ਹੈ ਹੀ ਨਹੀਂ ਅਤੇ ਜੇ ਹੈ ਵੀ, ਤਾਂ ਉਛਾਲੇ ਨਹੀਂ ਮਾਰਦਾ (ਵਿਸ਼ੇ ਵਿਕਾਰ ਸਤਾਉਣਗੇ ਨਹੀਂ)।੧।ਹੇ ਮੇਰੇ ਪਿਆਰੇ ਪ੍ਰਭੂ! ਤੇਰਾ ਇਕ ਨਾਮ ਹੀ ਮਜੀਠ ਦਾ (ਪੱਕਾ) ਰੰਗ ਹੈ, ਜਿਸ ਨਾਲ ਮੇਰੇ ਮਨ ਦਾ ਚੋਲਾ ਰੰਗਿਆ ਗਿਆ ਹੈ ਅਤੇ ਇਹ ਸਦਾ ਰਹਿਣ ਵਾਲਾ ਪੱਕਾ ਰੰਗ ਹੈ (ਮਾਇਆ ਦਾ ਰੰਗ ਕੱਚਾ ਹੈ, ਛੇਤੀ ਉਤਰ ਜਾਂਦਾ ਹੈ, ਪਰ ਨਾਮ ਦਾ ਰੰਗ ਪੱਕਾ ਹੈ)।੧।ਰਹਾਉ।(ਹੇ ਭਾਈ! ਗੁਰਮੁਖ) ਮਿੱਤ੍ਰ ਅਪਣੇ ਪਿਆਰੇ ਪ੍ਰਭੂ ਵੱਲ ਚੱਲੇ ਹਨ (ਉਸ ਦੇ ਰਸਤੇ ਉਤੇ ਤੁਰੇ ਹਨ, ਕੀ ਤੈਨੂੰ ਪਤਾ ਹੈ ਕਿ ਉਸ ਨਾਲ) ਕਿਵੇਂ ਮੇਲਾ ਹੋਵੇਗਾ? (ਉਤਰ) ਜੇ ਹਿਰਦੇ ਰੂਪ ਪੱਲੇ ਵਿਚ ਗੁਣ ਹੋਣਗੇ, ਤਾਂ ਉਹ ਪ੍ਰਭੂ ਆਪੇ ਹੀ (ਉਨ੍ਹਾਂ ਨੂੰ) ਮੇਲ ਲਵੇਗਾ।੨।ਜੇ (ਮਨੁੱਖ ਪ੍ਰਭੂ ਨਾਲ) ਮਿਲਿਆ ਹੋਇਆ ਹੋਵੇ, (ਤਾਂ ਉਹ ਕਦੇ) ਵਿਛੜਦਾ ਨਹੀਂ, (ਕਿਉਂਕਿ ਉਹ ਦਿਲੋਂ) ਮਿਲਿਆ ਹੁੰਦਾ ਹੈ।(ਪ੍ਰਭੂ ਨੇ ਉਸ ਦਾ) ਆਵਾਗਵਨ ਦੂਰ ਕਰ ਦਿਤਾ ਹੈ, (ਆਵਾਵਨ ਦੂਰ ਕਰਨ ਵਾਲਾ) ਉਹ ਸੱਚਾ ਪ੍ਰਭੂ ਹੀ ਹੈ (ਹੋਰ ਕੋਈ ਨਹੀਂ)।੩।ਜਿਸ (ਮਨੁੱਖ) ਨੇ ਹਉਮੈ ਨੂੰ ਮਾਰ ਕੇ ਦੂਰ ਕੀਤਾ ਹੈ, ਉਸ ਨੇ (ਪਤੀ ਪ੍ਰਮੇਸ਼ਰ ਨੂੰ ਮਿਲਣ ਲਈ ਸੱਚਾ) ਚੋਲਾ ਸਿਉਂ ਲਿਆ ਹੈ।(ਉਸ ਨੇ) ਗੁਰੂ ਦੇ ਉਪਦੇਸ਼ਾਂ ਤੇ ਅਮਲ ਕਰਕੇ ਮਾਲਕ ਦੇ ਅੰਮ੍ਰਿਤ ਮਈ ਬਚਨ ਰੂਪ ਫਲ ਪਾ ਲਿਆ ਹੈ।੪।ਨਾਨਕ ਕਹਿੰਦਾ ਹੈ, ਹੇ ਸਤ ਸੰਗੀ ਸਹੇਲੀਓ! ਪ੍ਰਭੂ ਬੜਾ ਪਿਆਰਾ ਹੈ।ਅਸੀਂ ਉਸ ਮਾਲਕ ਦੀਆਂ ਦਾਸੀਆਂ ਹਾਂ, ਉਹ ਸਾਡਾ ਸੱਚਾ ਮਾਲਕ ਹੈ।੫।੨।੪।

ਸਾਜਨ ਚਲੇ ਪਿਆਰਿਆ = ੧. ਹੇ ਪਿਆਰੇ! (ਜੋ ਸੰਸਾਰ ਦੇ ਰਾਹ) ਚੱਲੇ ਹਨ, ਉਨ੍ਹਾਂ ਦਾ ਵਾਹਿਗੁਰੂ ਸੱਜਣ ਨਾਲ ਕਿਵੇਂ ਮੇਲ ਹੋਵੇਗਾ? (ਪੰ. ਨਰੈਣ ਸਿੰਘ; ਸੰ. ਸ.)।੨. ਹੇ ਪਿਆਰੇ! ਗੁਰਮੁਖ ਸੱਜਨ (ਗੁਰਮਤਿ ਦੇ ਮਾਰਗ ਤੇ ਇਹ ਸੋਚ ਕੇ) ਚੱਲੇ ਹਨ ਕਿ ਪ੍ਰਭੂ ਨਾਲ ਮੇਲ ਕਿਵੇਂ ਹੋਵੇ? (ਮੇਰਾ ਵਿਚਾਰ)।

ਪਦਾਰਥ = ਜਪ ਤਪ-ਨਾਮ ਸਿਮਰਨ ਤੇ ਸੇਵਾ।ਕਾ-ਦਾ।ਬੰਧੁ-ਬੰਨ੍ਹ (ਬਣਾ) ਲੈ।ਬੇੜੁਲਾ-ਬੇੜਾ।ਜਿਤੁ-ਜਿਸ ਰਾਹੀਂ।ਲੰਘਹਿ-ਲੰਘ ਜਾਵੇਂਗਾ।ਵਹੇਲਾ-ਛੇਤੀ; ਪਹਿਲਾਂ; ਸੌਖਾ।ਸਰਵਰੁ-ਸਮੁੰਦਰ।ਨਾ ਊਛਲੈ-ਉਛਾਲੇ ਨਹੀਂ ਮਾਰਦਾ।ਪੰਥੁ-ਰਸਤਾ।ਸੁਹੇਲਾ-ਸੌਖਾ।੧।

ਮੰਜੀਠੜਾ–ਮਜੀਠ ਦੇ ਰੰਗ ਦਾ (ਮਜੀਠ ਇਕ ਬੇਲ ਹੈ, ਜਿਸ ਦੀਆਂ ਡੰਡੀਆਂ ਨੂੰ ਉਬਾਲ ਕੇ ਪੱਕਾ ਲਾਲ ਰੰਗ ਬਣਦਾ ਹੈ)।ਰਤਾ–ਰੰਗਿਆ ਹੈ।ਚੋਲਾ–ਝੱਗਾ; ਕੁੜਤਾ।ਸਦ ਰੰਗ–ਸਦਾ ਰਹਿਣ ਵਾਲਾ ਪੱਕਾ ਰੰਗ।ਢੋਲਾ–ਹੇ ਪਿਆਰੇ (ਪ੍ਰਭੂ!)।੧।ਰਹਾਉ।ਸਾਜਨ–ਮਿਤ੍ਰ; ਭਲੇ ਪੁਰਖ।ਚਲੇ ਪਿਆਰਿਆ–ਪਿਆਰੇ ਪ੍ਰਭੂ ਵੱਲ ਚੱਲੇ ਹਨ।ਹੋਵਹਿ ਗੰਠੜੀਐ–ਗਠੜੀ (ਪੱਲੇ) ਵਿਚ ਹੋਣਗੇ।ਸੋਈ–ਉਹ ਹੀ ।੨।ਆਵਾਗਉਣੁ–ਆਉਣ ਜਾਣ (ਜੰਮਣ ਮਰਨ) ਦਾ ਗੇੜ।ਨਿਵਾਰਿਆ–ਦੂਰ ਕਰ ਦਿਤਾ।ਸਾਚਾ–ਸੱਚਾ ਪ੍ਰਭੂ।੩।ਮਾਰਿ–ਮਾਰ ਕੇ।ਸੀਤਾ–ਸਿਉਂਤਾ ਹੈ।ਬਚਨੀ–ਬਚਨਾਂ (ਉਪਦੇਸ ਤੇ ਤੁਰ ਕੇ)।ਸਹ ਕੇ–ਮਾਲਕ ਪ੍ਰਭੂ ਦੇ।ਅੰਮ੍ਰਿਤ ਬੋਲਾ–ਅੰਮ੍ਰਿਤ ਮਈ ਬਚਨ।੪।ਸਹੁ–ਮਾਲਕ ਪ੍ਰਭੂ।ਸਹੇਲੀਓ–ਹੇ ਸਤ ਸੰਗੀ ਸਹੇਲੀਓ!।ਖਰਾ–ਬਹੁਤ।ਹਮ–ਅਸੀਂ।ਕੇਰੀਆ–ਦੀਆਂ।ਖਸਮ–ਮਾਲਕ।੫।੨।੪।

ਇਹ ਸ਼ਬਦ ਪੰਨਾ ੭੯੪ ਉਤੇ ਦਿਤੇ ਬਾਬਾ ਫਰੀਦ ਜੀ ਦੇ ਦੂਜੇ ਸ਼ਬਦ 'ਬੇੜਾ ਬੰਧਿ ਨ ਸਕਿਓ' ਦੇ ਉਤਰ ਵਿਚ ਉਚਾਰਨ ਹੋਇਆ ਹੈ।ਫਰੀਦ ਜੀ ਦੇ ਸ਼ਬਦ ਵਿਚ ਕੁਝ ਨਿਰਾਸਤਾ ਜਹੀ ਸੀ।ਉਸ ਵਿਚ ਬੇੜੇ ਦੇ ਨਾ ਬੰਨ੍ਹਣ ਦਾ ਜਿਕਰ ਹੈ, ਇਸ ਵਿਚ ਬੇੜੇ ਦੇ ਬੰਨ੍ਹਣ ਦੀ ਜਾਚ ਦਸੀ ਹੈ।ਉਥੇ ਸਰਵਰ ਦੇ ਉਛਲਣ ਕਰਕੇ ਤਰਨਾ ਔਖਾ ਦਸਿਆ ਹੈ, ਇਸ ਵਿਚ ਦਸਿਆ ਹੈ ਕਿ ਕਿਵੇਂ ਸਰਵਰ ਉਛਲਦਾ ਹੀ ਨਹੀਂ ਤੇ ਰਸਤਾ ਲੰਘਣਾ ਸੌਖਾ ਹੋ ਜਾਂਦਾ ਹੈ।ਕਸੁੰਭੇ ਦੇ ਕੱਚੇ ਰੰਗ ਦੇ ਮੁਕਾਬਲੇ ਤੇ ਮਜੀਠ ਦਾ ਪੱਕਾ ਰੰਗ ਅਤੇ ਮਾਲਕ ਦੇ ਕਰੜੇ ਬੋਲਾਂ ਦੇ ਮੁਕਾਬਲੇ ਤੇ 'ਸਹ ਕੇ ਅੰਮ੍ਰਿਤ ਬੋਲਾ' ਆਉਂਦੇ ਹਨ।ਉਥੇ 'ਹੰਸ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ' ਦਾ ਉਦਾਸ ਕਰਨ ਵਾਲਾ ਵਾਕ ਸੀ, ਇਥੇ 'ਆਵਾਗਉਣੁ ਨਿਵਾਰਿਆ' ਅਤੇ 'ਮੇਲੇਗਾ ਸੋਈ' ਵਰਗੇ ਢਾਰਸ ਬਨ੍ਹਾਣ ਵਾਲੇ ਵਾਕ ਹਨ। (ਸ਼ਬਦਾਰਥ)

ਸੂਹੀ ਮਹਲਾ ੧ ॥ ਜਿਨ ਕਉ ਭਾਂਡੈ ਭਾਉ ,ਤਿਨਾ ਸਵਾਰਸੀ ॥ ਸੂਖੀ ਕਰੈ ਪਸਾਉ ,ਦੂਖ ਵਿਸਾਰਸੀ ॥ ਸਹਸਾ ਮੂਲੇ ਨਾਹਿ, ਸਰਪਰ ਤਾਰਸੀ ॥੧॥ ਤਿਨ੍ਹਾ ਮਿਲਿਆ ਗੁਰੁ ਆਇ, ਜਿਨ ਕਉ ਲੀਖਿਆ ॥ ਅੰਮ੍ਰਿਤੁ ਹਰਿ ਕਾ ਨਾਉ ,ਦੇਵੈ ਦੀਖਿਆ ॥ ਚਾਲਹਿ ਸਤਿਗੁਰ ਭਾਇ, ਭਵਹਿ ਨ ਭੀਖਿਆ ॥੨॥ ਜਾ ਕਉ ਮਹਲੁ ਹਜੂਰਿ, ਦੂਜੇ ਨਿਵੈ ਕਿਸੁ ॥ ਦਰਿ ਦਰਵਾਣੀ ਨਾਹਿ, ਮੂਲੇ ਪੁਛ ਤਿਸੁ ॥ ਛੁਟੈ ਤਾ ਕੈ ਬੋਲਿ, ਸਾਹਿਬੁ ਨਦਰਿ ਜਿਸੁ ॥੩॥ ਘਲੇ ਆਣੇ ਆਪਿ, ਜਿਸ ਨਾਹੀ ਦੂਜਾ ਮਤੈ ਕੋਇ ॥ ਢਾਹਿ ਉਸਾਰੇ ਸਾਜਿ, ਜਾਣੈ ਸਭ ਸੋਇ ॥ ਨਾਉ ਨਾਨਕ ਬਖਸੀਸ, ਨਦਰੀ ਕਰਮੁ ਹੋਇ ॥੪॥੩॥੫॥ (ਹੇ ਭਾਈ!) ਜਿਨ੍ਹਾਂ ਮਨੁੱਖਾਂ ਦੇ ਹਿਰਦੇ ਰੂਪ ਭਾਂਡੇ ਵਿਚ (ਰੱਬ ਦਾ) ਪ੍ਰੇਮ ਹੈ, ਉਨ੍ਹਾਂ ਦਾ (ਜੀਵਨ ਪ੍ਰਭੂ) ਸਵਾਰ ਦੇਵੇਗਾ।(ਉਨ੍ਹਾਂ ਨੂੰ ਪ੍ਰਭੂ) ਸੁੱਖਾਂ ਦੀ ਦਾਤ ਕਰੇਗਾ ਅਤੇ ਦੁੱਖ ਭੁਲਾ (ਦੂਰ ਕਰ) ਦੇਵੇਗਾ। (ਇਸ ਗੱਲ ਵਿਚ) ਸੰਸਾ ਬਿਲਕੁਲ ਨਹੀਂ ਹੈ, (ਪ੍ਰਭੂ ਉਨ੍ਹਾਂ ਨੂੰ ਭਵਜਲ ਤੋਂ) ਜਰੂਰ ਤਾਰ ਦੇਵੇਗਾ।੧।(ਹੇ ਭਾਈ!) ਉਨ੍ਹਾਂ ਮਨੁੱਖਾਂ ਨੂੰ ਗੁਰੂ ਆ ਕੇ ਮਿਲਿਆ ਹੈ, ਜਿਨ੍ਹਾਂ ਦੇ (ਮੱਥੇ ਉਤੇ ਧੁਰ ਤੋਂ ਚੰਗਾ ਲੇਖ) ਲਿਖਿਆ ਹੁੰਦਾ ਹੈ।(ਗੁਰੂ ਉਨ੍ਹਾਂ ਨੂੰ) ਦੀਖਿਆ ਵੱਜੋਂ ਹਰੀ ਦਾ ਅੰਮ੍ਰਿਤ ਨਾਮ ਦੇਂਦਾ ਹੈ।(ਫਿਰ ਉਹ) ਸਤਿਗੁਰੂ ਦੇ ਭਾਣੇ ਅਨੁਸਾਰ ਚਲਦੇ (ਜੀਵਨ ਬਤੀਤ ਕਰਦੇ) ਹਨ ਅਤੇ (ਦਰ ਦਰ) ਭਿੱਖਿਆ ਮੰਗਦੇ ਨਹੀਂ ਫਿਰਦੇ।੨।ਜਿਸ ਮਨੁੱਖ ਨੂੰ ਪ੍ਰਭੂ ਦਾ ਮਹਿਲ ਸਾਮ੍ਹਣੇ ਪ੍ਰਤੱਖ ਦਿਸਦਾ ਹੈ, ਉਹ ਕਿਸੇ ਹੋਰ ਦੇ ਅੱਗੇ ਕਿਵੇਂ ਨਿਵ ਸਕਦਾ ਹੈ? (ਨਾ ਉਹ ਕਿਸੇ ਦੀ ਖੁਸ਼ਾਮਦ ਕਰਦਾ ਹੈ ਤੇ ਨਾ ਗੁਲਾਮੀ ਕਰਦਾ ਹੈ)।ਪ੍ਰਭੂ ਦੇ ਦਰ ਉਤੇ ਪਹੁੰਚੇ ਮਨੁੱਖ ਦੀ ਪੁੱਛ ਪੜਤਾਲ (ਜਮ ਰਾਜ ਆਦਿ) ਦਰਵਾਨ ਉੱਕਾ ਹੀ ਨਹੀਂ ਕਰਦੇ {ਰੇ ਰੇ ਦਰਗਹ ਕਹੈ ਨ ਕੋਊ।ਆਉ ਬੈਠੁ ਆਦਰੁ ਸੁਭ ਦੇਊ ੨੫੨}।ਮਾਲਕ ਪ੍ਰਭੂ ਦੀ ਜਿਸ ਮਨੁੱਖ ਉਤੇ ਮੇਹਰ ਦੀ ਨਜਰ ਹੋਵੇ, ਉਸ ਦੇ ਬੋਲਾਂ ਨਾਲ (ਸੰਸਾਰੀ ਲੋਕਾਂ ਦਾ) ਛੁਟਕਾਰਾ ਹੋ ਜਾਂਦਾ ਹੈ।੩।(ਹੇ ਭਾਈ!) ਪ੍ਰਭੂ ਆਪ ਹੀ (ਜੀਵਾਂ ਨੂੰ ਸੰਸਾਰ ਵਿਚ) ਲਿਆਉਂਦਾ ਹੈ ਅਤੇ ਆਪ ਹੀ (ਪ੍ਰਲੋਕ ਵਿਚ) ਘੱਲਦਾ ਹੈ; ਪ੍ਰਭੂ ਆਪ ਹੀ ਜੀਵਾਂ ਨੂੰ ਜਗਤ ਵਿਚ ਭੇਜਦਾ ਹੈ ਅਤੇ ਆਪ ਹੀ ਉਨ੍ਹਾਂ ਨੂੰ ਵਾਪਸ ਲੈ ਆਉਂਦਾ (ਬੁਲਾ ਲੈਂਦਾ) ਹੈ, (ਉਸ ਸੁਤੰਤਰ ਹੈ, ਉਸ ਨੂੰ) ਸਲਾਹ ਦੇਣ ਵਾਲਾ ਦੂਜਾ ਕੋਈ ਨਹੀਂ ਹੈ।(ਪ੍ਰਭੂ ਆਪ ਹੀ ਜਗਤ ਨੂੰ) ਸਾਜਦਾ ਹੈ ਤੇ ਉਸਾਰ ਕੇ ਢਾਹੁੰਦਾ ਹੈ (ਸਾਜਣਾ, ਉਸਾਰਨਾ ਤੇ ਢਾਹੁਣਾ) ਉਹ ਹੀ ਸਭ ਜਾਣਦਾ ਹੈ (ਹੋਰ ਦੂਜਾ ਕੋਈ ਨਹੀ)।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਉਤੇ) ਨਜਰ ਕਰਨ ਵਾਲੇ ਪ੍ਰਭੂ ਦੀ ਬਖਸ਼ਿਸ਼ ਹੁੰਦੀ ਹੈ, (ਉਸ ਨੂੰ ਅਪਣੇ) ਨਾਮ ਦੀ ਦਾਤ ਦੇਂਦਾ ਹੈ।੪।੩।੫।

ਪਦਾਰਥ = ਜਿਨ ਕਉ–ਜਿਨ੍ਹਾਂ ਨੂੰ।ਭਾਂਡੈ–ਹਿਰਦੇ ਰੂਪ ਭਾਂਡੇ ਵਿਚ।ਭਾਉ–ਪ੍ਰੇਮ।ਤਿਨਾ–ਉਨ੍ਹਾਂ ਦਾ।ਸਵਾਰਸੀ–ਸਵਾਰ ਦੇਵੇਗਾ। ਸੂਖੀ–ਸੁੱਖਾਂ ਦੀ।ਕਰੇ ਪਸਾਉ–ਦਾਤ ਜਾਂ ਕ੍ਰਿਪਾ ਕਰਦਾ ਹੈ।ਵਿਸਾਰਸੀ–ਭੁਲਾ (ਦੂਰ ਕਰ) ਦੇਵੇਗਾ।ਸਹਸਾ–ਸ਼ੱਕ।ਮੂਲੇ–ਬਿਲਕੁਲ। ਸਰਪਰ–ਜਰੂਰ।ਤਾਰਸੀ–ਤਾਰ ਦੇਵੇਗਾ।੧।ਤਿਨ੍ਹਾ–ਉਨ੍ਹਾਂ ਨੂੰ।ਆਇ–ਆ ਕੇ।ਜਿਨ ਕਉ–ਜਿਨ੍ਹਾਂ ਨੂੰ (ਜਿਨ੍ਹਾਂ ਦੇ)।ਲੀਖਿਆ–ਲੇਖ ਲਿਖਿਆ ਹੈ।ਦੀਖਿਆ–ਗੁਰ ਮੰਤ੍ਰ; ਸਿੱਖਿਆ।ਚਾਲਹਿ–ਚਲਦੇ ਹਨ।ਭਾਇ–ਭਾਣੇ ਅਨੁਸਾਰ।ਭਵਹਿ ਨ–ਨਹੀਂ ਫਿਰਦੇ।ਭੀਖਿਆ–

ਮੰਗ ਕੇ ਲਈ ਅੰਨ ਆਦਿ ਵਸਤੂ।੨।ਜਾ ਕਉ–ਜਿਸ ਨੂੰ।ਮਹਲੁ–ਪ੍ਰਭੂ ਦਾ ਮਹਿਲ।ਹਜੂਰਿ–ਸਾਮ੍ਹਣੇ ਪ੍ਰਤੱਖ।ਨਿਵੈ ਕਿਸੁ–ਕਿਸ ਅੱਗੇ ਨਿਵੇਗਾ।ਦਰਿ–ਦਰਵਾਜੇ ਉਤੇ।ਦਰਵਾਣੀ–(ਰੱਬ ਦੇ) ਦਰਬਾਨ (ਜਮਰਾਜ)।ਮੂਲੇ–ਉੱਕਾ ਹੀ।ਪੁਛ–ਪੁਛ ਪੜਤਾਲ।ਤਿਸੁ–ਉਸ ਦੀ।ਛੁਟੈ–ਛੁਟ ਜਾਂਦਾ ਹੈ।ਤਾ ਕੈ–ਉਸ ਦੇ।ਬੋਲਿ–ਬਚਨਾਂ ਨਾਲ।ਸਾਹਿਬ–ਮਾਲਕ ਪ੍ਰਭੂ ਦੀ।ਨਦਰਿ–ਮੇਹਰ ਦੀ ਨਜਰ।ਜਿਸੁ–ਜਿਸ ਉਤੇ।੩।ਆਣੇ–ਲਿਆਉਂਦਾ ਹੈ।ਘਲੇ (ਘੱਲੇ ਪੜ੍ਹੋ)–ਭੇਜਦਾ ਹੈ।ਮਤੈ–ਸਲਾਹ ਦੇਣ ਵਾਲਾ।ਢਾਹਿ–ਢਾਹੁੰਦਾ ਹੈ।ਉਸਾਰੇ–ਉਸਾਰਾਦਾ ਹੈ।ਸਾਜਿ–ਸਾਜਦਾ ਹੈ।ਸੋਇ–ਉਹ ਹੀ।ਬਖਸੀਸ–ਦਾਤ (ਮ.ਕੋ.)।ਨਦਰੀ–ਨਜਰ ਕਰਨ ਵਾਲਾ ਪ੍ਰਭੂ।ਕਰਮੁ–ਬਖਸ਼ਿਸ਼ ।੪।੩।੫।

ਸੂਹੀ ਮਹਲਾ ੧ ॥ ਭਾਂਡਾ ਹਛਾ ਸੋਇ, ਜੋ ਤਿਸੁ ਭਾਵਸੀ ॥ ਭਾਂਡਾ ਅਤਿ ਮਲੀਣੁ ,ਧੋਤਾ ਹਛਾ ਨ ਹੋਇਸੀ ॥ (ਹੇ ਭਾਈ!) ਉਹ ਹੀ ਹਿਰਦਾ ਰੂਪ ਭਾਂਡਾ ਪਵਿਤ੍ਰ ਹੈ, ਜਿਹੜਾ ਉਸ ਪ੍ਰਮਾਤਮਾ ਨੂੰ ਚੰਗਾ ਲਗਦਾ ਹੈ।(ਜਿਹੜਾ) ਹਿਰਦਾ ਰੂਪ ਭਾਂਡਾ (ਵਿਸ਼ੇ ਵਿਕਾਰਾਂ ਕਰਕੇ) ਬਹੁਤ ਗੰਦਾ ਹੋ ਗਿਆ ਹੈ, (ਉਹ ਬਾਹਰੋਂ) ਧੋਣ (ਤੀਰਥਾਂ ਤੇ ਨ੍ਹਾਉਣ) ਨਾਲ ਪਵਿਤ੍ਰ ਨਹੀਂ ਹੋਵੇਗਾ।

ਅੰਗ ੭੩੦ = ਗੁਰੂ ਦੁਆਰੈ ਹੋਇ, ਸੋਝੀ ਪਾਇਸੀ ॥ ਏਤੁ ਦੁਆਰੈ ਧੋਇ, ਹਛਾ ਹੋਇਸੀ ॥ ਮੈਲੇ ਹਛੇ ਕਾ ਵੀਚਾਰੁ ,ਆਪਿ ਵਰਤਾਇਸੀ ॥ ਮਤੁ ਕੋ ਜਾਣੈ ਜਾਇ, ਅਗੈ ਪਾਇਸੀ ॥ ਜੇਹੇ ਕਰਮ ਕਮਾਇ, ਤੇਹਾ ਹੋਇਸੀ ॥ ਅੰਮ੍ਰਿਤੁ ਹਰਿ ਕਾ ਨਾਉ ,ਆਪਿ ਵਰਤਾਇਸੀ ॥ ਚਲਿਆ ਪਤਿ ਸਿਉ ਜਨਮੁ ਸਵਾਰਿ, ਵਾਜਾ ਵਾਇਸੀ ॥ ਮਾਣਸ ਕਿਆ ਵੇਚਾਰਾ, ਤਿਹੁ ਲੋਕ ਸੁਣਾਇਸੀ ॥ ਨਾਨਕ ਆਪਿ ਨਿਹਾਲ, ਸਭ ਕੁਲ ਤਾਰਸੀ ॥੧॥੪॥੬॥ (ਜੋ ਮਨੁੱਖ) ਗੁਰੂ ਦੇ ਦੁਆਰੇ (ਗੁਰੂ ਦੇ ਅਨੁਸਾਰੀ) ਹੋ ਕੇ (ਹੱਛਾ ਹੋਣ ਦੀ) ਸੋਝੀ ਪ੍ਰਾਪਤ ਕਰਦਾ ਹੈ।(ਉਸ ਦਾ ਹਿਰਦਾ ਰੂਪ ਭਾਂਡਾ) ਇਸ ਦੁਆਰੇ ਤੇ ਧੋ ਕੇ ਹੱਛਾ ਹੋ ਜਾਵੇਗਾ।(ਹਿਰਦਾ ਰੂਪ ਭਾਂਡੇ ਦੇ) ਮੈਲੇ ਅਤੇ ਹੱਛੇ ਦਾ ਵਿਚਾਰ ਪ੍ਰਭੂ ਆਪ ਹੀ ਵਰਤਾਉਂਦਾ ਹੈ (ਹਰੀ ਦੀ ਬਖਸ਼ੀ ਸਮਝ ਨਾਲ ਪਤਾ ਲਗਦਾ ਹੈ ਕਿ ਅਸੀਂ ਚੰਗੇ ਹਾਂ ਕਿ ਮੰਦੇ ਹਾਂ)।ਕੋਈ ਇਹ ਨਾ ਸਮਝੇ ਕਿ ਅੱਗੇ (ਪ੍ਰਲੋਕ ਵਿਚ) ਜਾ ਕੇ (ਅਪਣੇ ਆਪ) ਥਾਂ ਪਾ ਲਵੇਗਾ (ਮਨੁੱਖ ਅਪਣੇ ਕਰਮਾਂ ਅਤੇ ਉਨ੍ਹਾਂ ਦੇ ਫਲ ਦਾ ਨਿਰਣਾ ਆਪ ਨਹੀਂ ਕਰ ਸਕਦਾ, ਰੱਬ ਹੀ ਕਰਦਾ ਹੈ)।ਜਿਹੋ ਜਿਹੇ ਮਨੁੱਖ ਕਰਮ ਕਰਦਾ ਹੈ, (ਉਸ ਨੂੰ ਪ੍ਰਲੋਕ ਵਿਚ) ਉਹੋ ਜਿਹਾ ਹੀ ਫਲ ਪ੍ਰਾਪਤ ਹੋਵੇਗਾ {ਮੰਦਾ ਚੰਗਾ ਆਪਣਾ, ਆਪੇ ਹੀ ਕੀਤਾ ਪਾਵਣਾ ੪੭੦}; ਜਿਹੋ ਜਿਹੇ ਮਨੁੱਖ ਕਰਮ ਕਰਦਾ ਹੈ, ਉਹ ਉਹੋ ਜਿਹਾ ਹੀ ਹੋ ਜਾਂਦਾ ਹੈ।ਹਰੀ ਦਾ ਅੰਮ੍ਰਿਤ ਨਾਮ ਹਰੀ ਆਪ ਹੀ ਵਰਤਾਉਂਦਾ ਹੈ।(ਜਿਸ ਮਨੁੱਖ ਨੂੰ ਅੰਮ੍ਰਿਤ ਨਾਮ ਮਿਲ ਜਾਂਦਾ ਹੈ, ਉਹ ਅਪਣਾ) ਜਨਮ ਸਵਾਰ ਕੇ ਇੱਜਤ ਨਾਲ (ਇਸ ਦੁਨੀਆਂ ਤੋਂ) ਚਲਦਾ ਹੈ ਅਤੇ (ਪਿੱਛੋਂ ਵੀ ਉਸ ਦਾ ਜਸ ਰੂਪ) ਵਾਜਾ ਵੱਜਦਾ ਰਹੇਗਾ।(ਕੋਈ ਇਕ) ਮਨੁੱਖ ਵਿਚਾਰੇ ਦਾ ਕੀ ਕਹਿਣਾ ਹੈ, (ਉਸ ਦੀ ਸੋਭਾ) ਤਿੰਨਾਂ ਲੋਕਾਂ ਵਿਚ ਸੁਣਾਈ ਦੇਵੇਗੀ।ਨਾਨਕ ਗੁਰੂ ਜੀ ਆਖਦੇ ਹਨ ਕਿ (ਅਜੇਹਾ ਮਨੁੱਖ) ਆਪ ਵੀ ਨਿਹਾਲ ਹੋ ਜਾਂਦਾ ਹੈ ਅਤੇ (ਅਪਣੀ) ਸਾਰੀ ਕੁਲ (ਸੰਸਾਰ ਸਮੁੰਦਰ ਤੋਂ) ਤਾਰ ਲਵੇਗਾ।੧।੪।੬।(ਇਸ ਸ਼ਬਦ ਵਿਚ ਵੱਖ ਵੱਖ ਬੰਦ ਨਹੀਂ ਹਨ ਅਤੇ ਨਾ ਹੀ ਇਸ ਵਿਚ ਰਹਾਉ ਹੈ।ਸਾਰਾ ਸ਼ਬਦ ਇਕ ਹੀ ਬੰਦ ਵਿਚ ਹੈ)।

ਪਦਾਰਥ = ਭਾਂਡਾ–ਹਿਰਦਾ ਰੂਪ ਭਾਂਡਾ।ਹਛਾ–ਪਵਿਤ੍ਰ; ਸ੍ਰੇਸਟ।ਸੋਇ–ਉਹ ਹੀ ਹੈ।ਤਿਸੁ–ਉਸ (ਪ੍ਰਭੂ) ਨੂੰ।ਭਾਵਸੀ–ਚੰਗਾ ਲਗਦਾ ਹੈ।ਅਤਿ–ਅਤਿਅੰਤ।ਮਲੀਣੁ–ਮੈਲਾ; ਗੰਦਾ।ਧੋਤਾ–(ਬਾਹਰੋਂ) ਧੋਣ ਨਾਲ।ਨ ਹੋਇਸੀ–ਨਹੀਂ ਹੋਵੇਗਾ।ਗੁਰੂ ਦੁਆਰੈ–ਗੁਰੂ ਦੇ ਦਰ ਤੋਂ।ਸੋਝੀ–ਸਮਝ; ਗਿਆਨ।ਪਾਇਸੀ–ਪ੍ਰਾਪਤ ਕਰਦਾ ਹੈ।ਏਤੁ ਦੁਆਰੈ–ਇਸ ਦੁਆਰ ਤੇ।ਧੋਇ–ਧੋ ਕੇ।ਵੀਚਾਰੁ–ਸਮਝ; ਨਿਰਣਾ। ਆਪਿ–(ਪ੍ਰਭੂ) ਆਪ ਹੀ।ਵਰਤਾਇਸੀ–ਵਰਤਾਉਂਦਾ (ਬਖਸ਼ਦਾ) ਹੈ।ਮਤੁ ਕੋ ਜਾਣੈ–ਕੋਈ ਇਹ ਨਾ ਸਮਝੇ।ਜਾਇ–ਜਾ ਕੇ; ਜਗ੍ਹਾ। ਅਗੈ–ਅੱਗੇ ਪ੍ਰਲੋਕ ਵਿਚ।ਜੇਹੇ–ਜਿਹੋ ਜਿਹੇ।ਕਮਾਇ–ਕਰਦਾ ਹੈ।ਤੇਹਾ–ਉਹੋ ਜਿਹਾ।ਪਤਿ ਸਿਉ–ਇੱਜਤ ਨਾਲ।ਸਵਾਰਿ–ਸਵਾਰ (ਸੁਧਾਰ) ਕੇ।ਵਾਜਾ ਵਾਇਸੀ–(ਸੋਭਾ ਦਾ) ਵਾਜਾ ਵੱਜੇਗਾ।ਮਾਣਸੁ–ਮਨੁੱਖ।ਵਿਚਾਰਾ–ਗਰੀਬ; ਸਹਾਇਤਾ ਰਹਿਤ।ਤਿਹੁ ਲੋਕ–ਤਿੰਨਾਂ ਲੋਕਾਂ ਵਿਚ।ਸੁਣਾਇਸੀ–ਸੁਣਾਈ ਦੇਵੇਗਾ।ਨਿਹਾਲ–ਮੁਕਤ।ਤਾਰਸੀ–ਤਾਰ ਲੈਂਦਾ ਹੈ।੧।੪।੬।

ਸੂਹੀ ਮਹਲਾ ੧ ॥ ਜੋਗੀ ਹੋਵੈ ਜੋਗਵੈ, ਭੋਗੀ ਹੋਵੈ ਖਾਇ ॥ ਤਪੀਆ ਹੋਵੈ ਤਪੁ ਕਰੇ, ਤੀਰਥਿ ਮਲਿ ਮਲਿ ਨਾਇ ॥੧॥ ਤੇਰਾ ਸਦੜਾ ਸੁਣੀਜੈ ਭਾਈ, ਜੇ ਕੋ ਬਹੈ ਅਲਾਇ ॥੧॥ਰਹਾਉ॥ ਜੈਸਾ ਬੀਜੈ ਸੋ ਲੁਣੇ, ਜੋ ਖਟੇ ਸੁੋ ਖਾਇ ॥ ਅਗੈ ਪੁਛ ਨ ਹੋਵਈ, ਜੇ ਸਣੁ ਨੀਸਾਣੈ ਜਾਇ ॥੨॥ ਤੈਸੋ ਜੈਸਾ ਕਾਢੀਐ, ਜੈਸੀ ਕਾਰ ਕਮਾਇ ॥ ਜੋ ਦਮੁ ਚਿਤਿ ਨ ਆਵਈ, ਸੋ ਦਮੁ ਬਿਰਥਾ ਜਾਇ ॥੩॥ ਇਹੁ ਤਨੁ ਵੇਚੀ ਬੈ ਕਰੀ, ਜੋ ਕੋ ਲਏ ਵਿਕਾਇ ॥ ਨਾਨਕ ਕੰਮਿ ਨ ਆਵਈ, ਜਿਤੁ ਤਨਿ ਨਾਹੀ ਸਚਾ ਨਾਉ ॥੪॥੫॥੭॥ (ਮਨੁੱਖ ਜੈਸਾ ਧਾਰਮਕ ਕਰਮ ਕਰਦਾ ਹੈ, ਉਸ ਦਾ ਉਹੋ ਨਾਮ ਪੈ ਜਾਂਦਾ ਹੈ, ਗੁਰੂ ਜੀ ਐਸੇ ਕਰਮ ਕਾਂਡੀਆਂ ਨੂੰ ਸਿਖਿਆ ਦੇਂਦੇ ਹਨ।ਹੇ ਭਾਈ!

ਜੋ ਮਨੁੱਖ) ਜੋਗ ਦਾ ਅਭਿਆਸ ਕਰਦਾ ਹੈ, ਉਹ ਜੋਗੀ ਹੁੰਦਾ ਹੈ, ਅਤੇ (ਜਿਹੜਾ) ਪਦਾਰਥ) ਖਾ ਕੇ ਖ਼ੁਸ਼ ਹੁੰਦਾ ਹੈ, (ਉਹ) ਭੋਗੀ ਹੁੰਦਾ ਹੈ।(ਜੋ ਮਨੁੱਖ) ਤਪ ਕਰਦਾ ਹੈ, ਉਹ ਤਪੱਸਵੀ ਹੁੰਦਾ ਹੈ ਅਤੇ ਉਹ ਤੀਰਥਾਂ ਤੇ ਮਲ ਮਲ ਕੇ ਨ੍ਹਾਉਂਦਾ ਹੈ।੧।ਹੇ ਪਿਆਰੇ ਪ੍ਰਭੂ! ਮੈਂ ਤੇਰਾ ਜਸ ਸੁਣਨਾ ਚਾਹੁੰਦਾ ਹਾਂ, ਜੇ ਕੋਈ (ਗੁਰਮੁਖ) ਬੈਠ ਕੇ ਗਾਵੇ।੧।ਰਹਾਉ।(ਹੇ ਭਾਈ! ਮਨੁੱਖ) ਜਿਹੋ ਜਿਹਾ ਬੀਜ ਬੀਜਦਾ ਹੈ, ਉਹੋ ਜਿਹਾ (ਉਸ ਦਾ ਫਲ) ਵੱਢਦਾ ਹੈ, ਜੋ (ਕੁਛ ਕੋਈ ਮਨੁੱਖ) ਕਮਾਉਂਦਾ ਹੈ, ਉਹ ਹੀ ਖਾਂਦਾ ਹੈ (ਜੈਸਾ ਪਾਪ ਪੁੰਨ ਕਰਮ ਕੋਈ ਕਰਦਾ ਹੈ, ਸੁਖ ਦੁਖ ਰੂਪ ਵਿਚ ਉਸ ਦਾ ਵੈਸਾ ਹੀ ਫਲ ਭੋਗਦਾ ਹੈ)।ਜੇ (ਮਨੁੱਖ ਸੰਸਾਰ ਵਿਚੋਂ) ਨਾਮ ਰੂਪ ਪ੍ਰਵਾਨੇ ਸਮੇਤ ਜਾਵੇ ਤਾਂ ਅੱਗੇ (ਪ੍ਰਭੂ ਦੇ ਦਰ ਤੇ ਉਸ ਦੀ ਕੋਈ) ਪੁੱਛ ਪੜਤਾਲ (ਰੋਕ ਟੋਕ) ਨਹੀਂ ਹੁੰਦੀ; (ਕਰਮਾਂ ਦੇ ਲੇਖੇ ਦੀ) ਪੁਛ ਨਹੀਂ ਹੁੰਦੀ।੨।ਜਿਹੋ ਜਿਹਾ (ਕੋਈ ਮਨੁੱਖ) ਕੰਮ ਕਰਦਾ ਹੈ, ਉਹੋ ਜਿਹਾ (ਉਸ ਦਾ ਨਾਮ) ਕਿਹਾ ਜਾਂਦਾ ਹੈ।ਜਿਸ ਸੁਆਸ ਨਾਲ (ਪ੍ਰਭੂ ਦਾ ਨਾਮ) ਚਿਤ ਵਿਚ ਨਹੀਂ ਆਉਂਦਾ, ਉਹ ਸੁਆਸ ਬਿਰਥਾ ਜਾਂਦਾ ਹੈ।੩।(ਹੇ ਭਾਈ!) ਮੈਂ ਇਹ ਸਰੀਰ ਵੇਚ ਦੇਵਾਂ, ਜੇ ਕੋਈ (ਮਨੁੱਖ) ਮੁੱਲ ਦੇ ਕਰਕੇ (ਇਸ ਨੂੰ) ਖਰੀਦ ਲਵੇ (ਦੇਹ ਅਭਿਮਾਨ ਛਡ ਕੇ ਸੇਵਾਂ ਕਰਾਂ, ਮੁੱਲ ਬਿਕੇ ਹੋਏ ਮਨੁੱਖ ਦਾ ਮਾਣ ਨਹੀਂ ਹੁੰਦਾ)।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਜਿਸ ਸਰੀਰ ਵਿਚ ਪ੍ਰਭੂ ਦਾ ਸੱਚਾ ਨਾਮ ਨਹੀਂ ਹੈ, ਉਹ (ਸਰੀਰ ਕਿਸੇ) ਕੰਮ ਨਹੀਂ ਆਉਂਦਾ।੪।੫।੭।

ਪਦਾਰਥ = ਜੋਗਵੈ–ਜੋਗਾ ਅਭਿਆਸ ਕਰਦਾ ਹੈ।ਭੋਗੀ–ਮਾਇਕ ਪਦਾਰਥਾਂ ਦੇ ਖਾਣ ਦਾ ਅਨੰਦ ਲੈਣ ਵਾਲਾ।ਖਾਇ–ਖਾਂਦਾ ਹੈ।ਤਪੀਆ –ਤਪੱਸਵੀ।ਤੀਰਥਿ–ਤੀਰਥਾਂ ਤੇ।ਮਲਿ–ਮਲ (ਮਸਲ) ਕੇ।ਨਾਇ–ਨ੍ਹਾਉਂਦਾ ਹੈ।੧।ਸਦੜਾ–ਜਸ; ਸੁਨੇਹਾ।ਸੁਣੀਜੈ–ਸੁਣਨਾ ਚਾਹੁੰਦਾ ਹਾਂ।ਭਾਈ–ਹੇ ਪਿਆਰੇ!।ਜੇ ਕੋ–ਜੇ ਕੋਈ।ਬਹੈ–ਬੈਠ ਕੇ।ਅਲਾਇ–ਅਲਾਪ ਕਰੇ (ਗਾਵੇ)।੧।ਰਹਾਉ।ਬੀਜੈ–ਬੀਜਦਾ ਹੈ।ਸੋ–ਉਹ।ਖਟੇ–ਖਟਦਾ (ਕਮਾਉਂਦਾ) ਹੈ।ਸੁੋ–ਉਹ ਹੀ।ਅਗੈ–ਅੱਗੇ (ਪ੍ਰਲੋਕ ਵਿਚ; ਪ੍ਰਭੂ ਦੇ ਦਰ ਉਤੇ)।ਪੁਛ–ਪੁੱਛ ਪੜਤਾਲ; ਰੋਕ ਟੋਕ।ਨ ਹੋਵਈ–ਨਹੀਂ ਹੁੰਦੀ।ਸਣੁ–ਸਮੇਤ।ਨੀਸਾਣੈ–ਪਰਵਾਨਾ; ਰਾਹਦਾਰੀ।੨।ਕਾਢੀਐ–ਕਿਹਾ ਜਾਂਦਾ ਹੈ।ਕਾਰ ਕਮਾਇ–ਕੰਮ ਕਰਦਾ ਹੈ।ਦਮੁ–ਸੁਆਸ।ਚਿਤਿ–ਚਿੱਤ ਵਿਚ।ਨ ਆਵਈ–ਨਹੀਂ ਆਉਂਦਾ।ਬਿਰਥਾ–ਬਿਅਰਥ।੩।ਤਨੁ–ਸਰੀਰ ।ਵੇਚੀ–ਵੇਚ ਦੇਵਾਂ।ਬੈ ਕਰੀ–ਕੀਮਤ ਲੈ ਕਰਕੇ; ਵੇਚ ਦਿਆਂ।ਲਏ ਵਿਕਾਇ–ਖਰੀਦ ਲਵੇ (ਮ. ਕੋ.)।ਜਿਤੁ ਤਨਿ–ਜਿਸ ਸਰੀਰ ਵਿਚ।੪।੫।੭।

ਸੂਹੀ ਮਹਲਾ ੧ ਘਰੁ ੭ ੧ੴ ਸਤਿਗੁਰ ਪ੍ਰਸਾਦਿ ॥ ਜੋਗੁ ਨ ਖਿੰਥਾ ਜੋਗੁ ਨ ਡੰਡੈ, ਜੋਗੁ ਨ ਭਸਮ ਚੜਾਈਐ ॥ ਜੋਗੁ ਨ ਮੁੰਦੀ ਮੂੰਡਿ ਮੁਡਾਇਐ, ਜੋਗੁ ਨ ਸਿੰਙੀ ਵਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ, ਜੋਗ ਜੁਗਤਿ ਇਵ ਪਾਈਐ ॥੧॥ ਗਲੀ ਜੋਗੁ ਨ ਹੋਈ ॥ ਏਕ ਦ੍ਰਿਸਟਿ ਕਰਿ ਸਮਸਰਿ ਜਾਣੈ, ਜੋਗੀ ਕਹੀਐ ਸੋਈ ॥੧॥ਰਹਾਉ॥ ਜੋਗੁ ਨ ਬਾਹਰਿ ਮੜੀ ਮਸਾਣੀ, ਜੋਗੁ ਨ ਤਾੜੀ ਲਾਈਐ ॥ ਜੋਗੁ ਨ ਦੇਸਿ ਦਿਸੰਤਰਿ ਭਵਿਐ, ਜੋਗੁ ਨ ਤੀਰਥਿ ਨਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ, ਜੋਗ ਜੁਗਤਿ ਇਵ ਪਾਈਐ ॥੨॥ ਸਤਿਗੁਰੁ ਭੇਟੈ ਤਾ ਸਹਸਾ ਤੂਟੈ, ਧਾਵਤੁ ਵਰਜਿ ਰਹਾਈਐ ॥ ਨਿਝਰੁ ਝਰੈ ਸਹਜ ਧੁਨਿ ਲਾਗੈ, ਘਰ ਹੀ ਪਰਚਾ ਪਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ, ਜੋਗੁ ਜੁਗਤਿ ਇਵ ਪਾਈਐ ॥੩॥ ਨਾਨਕ ਜੀਵਤਿਆ ਮਰਿ ਰਹੀਐ, ਐਸਾ ਜੋਗੁ ਕਮਾਈਐ ॥ ਵਾਜੇ ਬਾਝਹੁ ਸਿੰਙੀ ਵਾਜੈ, ਤਉ ਨਿਰਭਉ ਪਦੁ ਪਾਈਐ ॥ ਅੰਜਨ ਮਾਹਿ ਨਿਰੰਜਨਿ ਰਹੀਐ, ਜੋਗ ਜੁਗਤਿ ਤਉ ਪਾਈਐ ॥੪॥੧॥੮॥ (ਕੋਈ ਜੋਗੀ ਗੁਰੂ ਜੀ ਪਾਸ ਜੋਗ ਦੀ ਮਹਿਮਾਂ ਕਰਨ ਲੱਗਾ, ਗੁਰੂ ਜੀ ਇਸ ਸ਼ਬਦ ਰਾਹੀਂ ਉਸ ਨੂੰ ਅਸਲੀ ਜੋਗ ਸਮਝਾ ਰਹੇ ਹਨ।ਹੇ ਜੋਗੀ!) ਗੋਦੜੀ ਪਾ ਲੈਣ ਨਾਲ ਜੋਗ ਪ੍ਰਾਪਤ ਨਹੀਂ ਹੁੰਦਾ, ਨਾ ਡੰਡਾ ਰੱਖਣ ਨਾਲ ਜੋਗ ਪ੍ਰਾਪਤ ਹੁੰਦਾ ਹੈ ਅਤੇ ਨਾ ਹੀ (ਸਰੀਰ ਉਤੇ) ਸੁਆਹ ਚੜ੍ਹਾ (ਮਲ) ਲੈਣ ਨਾਲ ਜੋਗ ਪ੍ਰਾਪਤ ਹੁੰਦਾ ਹੈ।(ਕੰਨਾਂ ਵਿਚ) ਮੁੰਦਰਾਂ ਪਾਉਣ ਨਾਲ ਤੇ ਸਿਰ ਮੁਨਾਉਣ ਨਾਲ ਜੋਗ ਪ੍ਰਾਪਤ ਨਹੀਂ ਹੁੰਦਾ ਅਤੇ ਨਾ ਹੀ ਸਿੰਗੀ ਵਜਾਉਣ ਨਾਲ ਜੋਗ ਪ੍ਰਾਪਤ ਹੁੰਦਾ ਹੈ।(ਅਸਲੀ ਜੋਗ ਇਹ ਹੈ ਕਿ) ਮਾਇਆ ਵਿਚ ਰਹਿੰਦੇ ਹੋਇਆਂ ਨਿਰਲੇਪ ਹਰੀ ਵਿਚ ਸਮਾਏ ਰਹੀਏ, ਤਾਂ ਜੋਗ ਦੀ ਜੁਗਤੀ ਇਸ ਤਰ੍ਹਾਂ ਪਾਈਦੀ ਹੈ।੧।(ਹੇ ਭਾਈ! ਨਿਰੀਆਂ) ਗੱਲਾਂ ਕਰਨ ਨਾਲ ਜੋਗ ਪ੍ਰਾਪਤ ਨਹੀਂ ਹੁੰਦਾ।(ਜੋ ਮਨੁੱਖ) ਇਕ ਨਜਰ ਕਰਕੇ (ਸਭ ਨੂੰ) ਬਰਾਬਰ ਜਾਣਦਾ ਹੈ, ਉਹ ਹੀ (ਅਸਲੀ) ਜੋਗੀ ਕਿਹਾ ਜਾਂਦਾ ਹੈ।੧।ਰਹਾਉ।(ਸ਼ਹਿਰ ਤੋਂ) ਬਾਹਰ ਮੜ੍ਹੀ ਮਸਾਣਾਂ ਵਿਚ ਬੈਠਣ ਨਾਲ ਜੋਗ ਨਹੀਂ ਪ੍ਰਾਪਤ ਹੁੰਦਾ ਅਤੇ ਸਮਾਧੀ ਲਾਉਣ ਨਾਲ ਵੀ ਜੋਗ ਪ੍ਰਾਪਤ ਨਹੀਂ ਹੁੰਦਾ।ਦੇਸ਼ਾਂ ਦਿਸ਼ੰਤਰਾਂ ਵਿਚ ਫਿਰਨ ਨਾਲ ਵੀ ਜੋਗ ਨਹੀਂ ਪ੍ਰਾਪਤ ਹੁੰਦਾ ਅਤੇ ਤੀਰਥਾਂ ਉਤੇ ਨ੍ਹਾਉਣ ਨਾਲ ਵੀ ਜੋਗ ਨਹੀਂ ਮਿਲਦਾ।ਮਾਇਆ ਵਿਚ ਰਹਿੰਦਿਆਂ ਨਿਰਲੇਪ ਪ੍ਰਭੂ ਨਾਲ ਜੁੜੇ ਰਹੀਏ, ਤਾਂ ਜੋਗ ਦੀ ਜੁਗਤੀ ਇਸ ਤਰ੍ਹਾਂ ਪਾਈ ਜਾਂਦੀ ਹੈ।੨।(ਜਦ ਪੂਰਾ) ਸਤਿਗੁਰੂ ਮਿਲਦਾ ਹੈ ਤਾਂ ਭਰਮ ਟੁੱਟ ਜਾਂਦਾ ਹੈ ਅਤੇ (ਵਿਸ਼ਿਆਂ ਵੱਲ) ਦੌੜਦੇ ਮਨ ਨੂੰ

ਰੋਕ ਕੇ ਰੱਖ ਲਈਦਾ ਹੈ ।(ਗੁਰੂ ਦੇ ਮਿਲਿਆਂ ਜਦ) ਨਾਮ ਸਿਮਰਨ ਦੀ ਧੁਨੀ ਵੱਜਣ ਲਗ ਪੈਂਦੀ ਹੈ ਤਾਂ ਅੰਮ੍ਰਿਤ ਰਸ (ਆਤਮਕ ਅਨੰਦ) ਦਾ ਚਸ਼ਮਾ ਵਗਣ ਲਗ ਪੈਂਦਾ ਹੈ ਅਤੇ ਹਿਰਦੇ ਘਰ ਵਿਚ ਹੀ ਪ੍ਰਭੂ ਦਾ ਗਿਆਨ ਪਾ ਲਈਦਾ ਹੈ।ਮਾਇਆ ਵਿਚ ਰਹਿੰਦਿਆਂ ਨਿਰਲੇਪ ਪ੍ਰਭੂ ਨਾਲ ਜੁੜੇ ਰਹੀਏ ਤਾਂ ਇਸ ਤਰ੍ਹਾਂ ਜੋਗ ਦੀ ਜੁਗਤੀ ਪਾ ਲਈਦੀ ਹੈ।੩।ਨਾਨਕ ਗੁਰੂ ਜੀ ਆਖਦੇ ਹਨ ਕਿ ਜੀਵਤ ਭਾਵ ਤੋਂ ਮਰ ਕੇ ਰਹੀਏ, ਇਸ ਤਰ੍ਹਾਂ ਦਾ ਜੋਗ ਕਮਾਉਣਾ ਚਾਹੀਦਾ ਹੈ।ਜੇ ਬਿਨਾ ਵਜਾਏ ਸਿੰਗੀ ਵੱਜੇ (ਅਖੰਡ ਨਾਮ ਦੀ ਧੁਨੀ ਉਠੇ), ਤਦੋਂ ਨਿਰਭਉ ਪਦ ਪਾ ਲਈਦਾ ਹੈ।ਮਾਇਆ ਵਿਚ ਰਹਿੰਦਿਆਂ ਨਿਰਲੇਪ ਪ੍ਰਭੂ ਨਾਲ ਜੁੜੇ ਰਹੀਏ, ਤਾਂ ਜੋਗ ਦੀ ਜੁਗਤੀ ਇਸ ਤਰ੍ਹਾਂ ਪਾ ਲਈਦੀ ਹੈ।੪।੧।੮।

ਪਦਾਰਥ = ਜੋਗ-ਮਨ ਦੀ ਇਕਾਗ੍ਰਤਾ; ਗੁਰਮਤਿ ਵਿਚ ਨਾਮ ਸਿਮਰਨ ਰਾਹੀਂ ਕਰਤਾਰ ਵਿਚ ਲਿਵ ਲੀਨ ਹੋਣਾ ਜੋਗ ਹੈ; ਕਰਤਾਰ ਦਾ ਮਿਲਾਪ।ਖਿੰਥਾ-ਗੋਦੜੀ (ਲੀਰਾਂ ਦਾ ਬਣਾਇਆ ਕੁੜਤਾ)।ਡੰਡੈ-(ਹੱਥ ਵਿਚ) ਡੰਡਾ ਰੱਖਣ ਨਾਲ (ਡੰਡਾ ਕਰਾਮਾਤੀ ਸ਼ਕਤੀ ਦਾ ਚਿੰਨ੍ਹ ਹੈ)।ਭਸਮ-ਸੁਆਹ।ਚੜਾਈਐ-ਚੜ੍ਹਾਉਣ (ਮਲਣ) ਨਾਲ।ਮੁੰਦੀ-ਮੁੰਦਰਾਂ ਪਾਉਣ ਨਾਲ।ਮੂੰਡਿ ਮੁਡਾਇਐ-ਸਿਰ ਮੁਨਾਉਣ ਨਾਲ।ਸਿੰਙੀ-ਸਿੰਗ ਦਾ ਬਣਿਆ ਵਾਜਾ, ਜੋ ਜੋਗੀ ਵਜਾਉਂਦੇ ਹਨ।ਵਾਈਐ-ਵਜਾਉਣ ਨਾਲ।ਅੰਜਨ ਮਾਹਿ-ਮਾਇਆ ਵਿਚ। ਨਿਰੰਜਨ-ਨਿਰਲੇਪ ਪ੍ਰਭੂ।ਜੋਗ ਜੁਗਤਿ-ਜੋਗ ਦਾ ਤਰੀਕਾ; ਜੋਗ ਵਿਚ ਜੁੜਿਆ ਹੋਇਆ।ਇਵ-ਇਸ ਤਰ੍ਹਾਂ।੧।ਗਲੀ (ਗੱਲੀਂ)- ਗੱਲਾਂ ਨਾਲ।ਏਕ ਦ੍ਰਿਸਟਿ ਕਰਿ-ਇਕ ਨਜਰ ਕਰਕੇ।ਸਮਸਰਿ-ਬਰਾਬਰ।ਸੋਈ-ਉਹ ਹੀ।੧।ਰਹਾਉ।ਮੜੀ-ਮੜ੍ਹੀਆਂ ਵਿਚ। ਮਸਾਣੀ-ਮਸਾਣਾਂ ਵਿਚ।ਤਾੜੀ ਲਾਈਐ-ਸਮਾਧੀ ਲਾਉਣ ਨਾਲ।ਦੇਸਿ ਦਿਸੰਤਰਿ-ਅਪਨੇ ਦੇਸ਼ ਵਿਚ ਤੇ ਹੋਰਨਾਂ ਦੇਸ਼ਾਂ ਵਿਚ।ਭਵਿਐ- ਫਿਰਨ ਨਾਲ।ਤੀਰਥਿ ਨਾਈਐ-ਤੀਰਥਾਂ ਉਤੇ ਨ੍ਹਾਉਣ ਨਾਲ।੨।ਭੇਟੈ-ਮਿਲਦਾ ਹੈ।ਤਾ-ਤਾਂ; ਤਦ।ਸਹਸਾ-ਭਰਮ; ਸ਼ੱਕ।ਧਾਵਤੁ- ਦੌੜਦਾ ਮਨ।ਵਰਜਿ ਰਹਾਈਐ-ਰੋਕ ਕੇ ਰੱਖ ਲਈਦਾ ਹੈ।ਨਿਝਰੁ ਝਰੈ-ਪਾਣੀ ਦਾ ਚਸ਼ਮਾ ਵਗਣ ਲਗ ਪੈਦਾ ਹੈ (ਜੋਗੀ ਦਸਮ ਦੁਆਰ ਤੋਂ ਅੰਮ੍ਰਿਤ ਰਸ ਦਾ ਟਪਕਣਾ ਮੰਨਦੇ ਹਨ।ਗੁਰਮਤਿ ਵਿਚ ਆਤਮ ਅਨੰਦ ਦੇ ਲਗਾਤਾਰ ਅੰਮ੍ਰਿਤ ਰਸ ਦਾ ਟਪਕਣਾ)।ਸਹਜ ਧੁਨਿ-ਜੋਗੀ ਹਠ ਯੋਗ ਦੀ ਸਾਧਨਾ ਕਰਕੇ ਦਸਮ ਦੁਆਰ ਵਿਚ ਅਨਹਦ ਸ਼ਬਦ ਦਾ ਸੁਣਨਾ ਮੰਨਦੇ ਹਨ।ਗੁਰਮਤਿ ਵਿਚ ਨਾਮ ਸਿਮਰਨ ਦੀ ਇਕ ਰਸ ਧੁਨੀ; ਅਖੰਡ ਨਾਮ ਚਿੰਤਨ)।ਘਰ ਹੀ-ਹਿਰਦੇ ਘਰ ਵਿਚ ਹੀ।ਪਰਚਾ-ਪਰੀਚੈ (ਜਾਣ ਪਛਾਣ; ਗਿਆਨ; ਕਰਾਮਾਤ)।੩।ਜੀਵਤਿਆ -ਜਿਉਦਿਆਂ (ਜੀਵਤ ਭਾਵ ਤੋਂ)।ਮਰਿ ਰਹੀਐ-ਮਰ ਕੇ ਰਹੀਏ।ਵਾਜੇ ਬਾਝਹੁ-ਬਿਨਾ ਵਜਾਏ।ਤਉ- ਤਦ।ਨਿਰਭਉ ਪਦੁ-ਉਹ ਆਤਮਕ ਅਵਸਥਾ, ਜਿਥੇ ਕਿਸੇ ਕਿਸਮ ਦਾ ਡਰ ਨਹੀਂ ਰਹਿੰਦਾ।੪।੧।੮।

ਸੂਹੀ ਮਹਲਾ ੧ ॥ ਕਉਣ ਤਰਾਜੀ ਕਵਣੁ ਤੁਲਾ, ਤੇਰਾ ਕਵਣੁ ਸਰਾਫੁ ਬੁਲਾਵਾ ॥ ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ, ਕੈ ਪਹਿ ਮੁਲੁ ਕਰਾਵਾ ॥੧॥ ਮੇਰੇ ਲਾਲ ਜੀਉ ,ਤੇਰਾ ਅੰਤੁ ਨ ਜਾਣਾ ॥ ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ, ਤੂੰ ਆਪੇ ਸਰਬ ਸਮਾਣਾ ॥੧॥ਰਹਾਉ॥ (ਹੇ ਪ੍ਰਭੂ ! ਉਹ) ਤੱਕੜੀ ਕਿਹੜੀ ਹੈ, (ਤੈਨੂੰ ਤੋਲਣ ਵਾਸਤੇ) ਵੱਟਾ ਕਿਹੜਾ ਹੈ ਅਤੇ ਤੇਰੀ (ਪਰਖ ਕਰਨ ਵਾਸਤੇ) ਮੈਂ ਕਿਹੜਾ ਸਰਾਫ ਬੁਲਾਵਾਂ? ਕਿਹੜਾ ਗੁਰੂ ਹੈ, (ਇਸ ਕੰਮ ਵਾਸਤੇ) ਮੈਂ ਪਾਸੋਂ ਸਿੱਖਿਆ ਲਵਾਂ ਅਤੇ ਕਿਸ ਪਾਸੋਂ (ਤੇਰਾ) ਮੁੱਲ ਕਰਾਵਾਂ?। ੧।ਹੇ ਮੇਰੇ ਪਿਆਰੇ ਪ੍ਰਭੂ ਜੀਉ ! ਮੈਂ ਤੇਰਾ ਅੰਤ ਨਹੀਂ ਜਾਣ ਸਕਦਾ।ਤੂੰ ਜਲ ਵਿਚ, ਸੁੱਕੀ ਧਰਤੀ ਵਿਚ, ਧਰਤੀ ਤੇ ਅਕਾਸ਼ ਦੇ ਵਿਚਕਾਰ ਪੁਲਾੜ ਵਿਚ ਪੂਰਨ ਹੋ ਕੇ ਲੀਨ ਹੋ ਰਿਹਾ ਹੈਂ ਅਤੇ ਤੂੰ ਆਪੇ ਸਭ ਵਿਚ ਸਮਾਇਆ ਹੋਇਆ ਹੈਂ।੧।ਰਹਾਉ।

ਅੰਗ ੭੩੧ = ਮਨੁ ਤਾਰਾਜੀ ਚਿਤੁ ਤੁਲਾ, ਤੇਰੀ ਸੇਵ ਸਰਾਫੁ ਕਮਾਵਾ ॥ ਘਟ ਹੀ ਭੀਤਰਿ ਸੋ ਸਹੁ ਤੋਲੀ, ਇਨ ਬਿਧਿ ਚਿਤੁ ਰਹਾਵਾ ॥੨॥ ਆਪੇ ਕੰਡਾ ਤੋਲੁ ਤਰਾਜੀ, ਆਪੇ ਤੋਲਣਹਾਰਾ ॥ ਆਪੇ ਦੇਖੈ ਆਪੇ ਬੂਝੈ, ਆਪੇ ਹੈ ਵਣਜਾਰਾ ॥੩॥ ਅੰਧੁਲਾ ਨੀਚ ਜਾਤਿ ਪਰਦੇਸੀ, ਖਿਨੁ ਆਵੈ ਤਿਲੁ ਜਾਵੈ ॥ ਤਾ ਕੀ ਸੰਗਤਿ ਨਾਨਕੁ ਰਹਦਾ, ਕਿਉ ਕਰਿ ਮੂੜਾ ਪਾਵੈ ॥੪॥੨॥੯॥ (ਹੇ ਪ੍ਰਭੂ ! ਜੇ ਮੇਰਾ) ਮਨ ਤਕੜੀ ਤੇ ਚਿਤ ਤੋਲਣ ਵਾਲਾ ਵੱਟਾ ਬਣ ਜਾਵੇ, ਮੈਂ ਤੇਰੀ ਸੇਵਾ ਕਮਾਵਾਂ (ਕਰਾਂ, ਇਹ ਸੇਵਾ) ਸਰਾਫ ਬਣ ਜਾਵੇ (ਸੇਵਾ ਰਾਹੀਂ ਹੀ ਮਨ ਵਿਚ ਪਿਆਰੇ ਪ੍ਰਭੂ ਦੀ ਪਰਖ ਜਾਂ ਕਦਰ ਪੈਦਾ ਹੁੰਦੀ ਹੈ।ਅਪਣੇ) ਦਿਲ ਵਿਚ ਹੀ ਉਸ ਪ੍ਰਭੂ ਮਾਲਕ ਨੂੰ ਤੋਲਾਂ (ਪਰਖ ਕਰਾਂ) ,ਇਨ੍ਹਾਂ ਤਰੀਕਿਆਂ ਨਾਲ ਮੈ ਅਪਣੇ ਚਿੱਤ ਨੂੰ ਟਿਕਾ ਕੇ ਰੱਖਾਂ।੨।(ਹਰ ਇਕ ਜੀਵ ਦੇ ਅੰਦਰ ਵਸਦਾ) ਪ੍ਰਭੂ ਆਪ ਹੀ ਕੰਡਾ ਹੈ, ਆਪ ਹੀ ਵੱਟਾ ਹੈ, ਆਪ ਹੀ ਤੱਕੜੀ ਹੈ ਅਤੇ ਆਪ ਹੀ ਤੋਲਣ ਵਾਲਾ (ਗੁਰੂ) ਹੈ।ਆਪ ਹੀ (ਉਹ ਜੀਵਾਂ ਦੇ ਕਰਮ) ਦੇਖਦਾ ਹੈ ਆਪ ਹੀ (ਸਭ ਜੀਵਾਂ ਦੇ ਦਿਲਾਂ ਦੀ ਗੱਲ) ਬੁੱਝਦਾ ਹੈ ਅਤੇ ਆਪ ਹੀ (ਜੀਵ ਰੂਪ ਹੋ ਕੇ ਜਗਤ ਵਿਚ ਨਾਮ ਦਾ ਲੈਣ ਦੇਣ ਕਰਨ ਵਾਲਾ) ਵਪਾਰੀ ਹੈ।੩।(ਮੇਰਾ ਮਨ) ਅਗਿਆਨੀ, ਨੀਚ ਜਾਤ ਵਾਲਾ (ਕਮੀਨਾ) ਅਤੇ ਪ੍ਰਦੇਸੀ ਹੈ, (ਇਹ ਮਨ) ਇਕ ਖਿਨ ਵਿਚ ਆਉਂਦਾ ਹੈ ਤੇ ਇਕ ਤਿਲ ਮਾਤ੍ਰ ਸਮੇਂ ਵਿਚ ਚਲਾ ਜਾਂਦਾ ਹੈ (ਟਿਕ ਕੇ ਨਹੀਂ ਬੈਠਦਾ)।ਨਾਨਕ ਉਸ (ਅਜੇਹੇ ਮੂਰਖ ਮਨ) ਦੀ

ਸੰਗਤ ਵਿਚ ਰਹਿੰਦਾ ਹੈ, (ਫਿਰ ਇਹ) ਮੂਰਖ ਮਨ ਕਿਸ ਤਰ੍ਹਾਂ ਪ੍ਰਭੂ ਨੂੰ ਪਾ ਸਕਦਾ ਹੈ (ਨਹੀਂ ਪਾ ਸਕਦਾ)।੪।੨।੯।

ਪਦਾਰਥ = ਕਉਣ–ਕਿਹੜਾ।ਤਰਾਜੀ–ਤੱਕੜੀ।ਕਵਣੁ–ਕਿਹੜਾ।ਤੁਲਾ–ਵੱਟਾ।ਸਰਾਫੁ–ਸੋਨਾ ਚਾਂਦੀ ਪਰਖਣ, ਵੇਚਣ ਤੇ ਖ਼੍ਰੀਦਣ ਵਾਲਾ ਜੌਹਰੀ।ਬੁਲਾਵਾ–ਮੈਂ ਬੁਲਾਵਾਂ।ਪੈ ਪਹਿ–ਕਿਸ ਪਾਸੋਂ।ਦੀਖਿਆ–ਸਿੱਖਿਆ; ਗੁਰ ਮੰਤ੍ਰ।ਲੇਵਾ–ਮੈਂ ਲਵਾਂ।ਮੁਲੁ ਕਰਾਵਾ–ਮੁੱਲ ਕਰਾਵਾਂ (ਕੀਮਤ ਪੁਆਵਾਂ)।੧।ਲਾਲ ਜੀਉ–ਹੇ ਪਿਆਰੇ ਪ੍ਰਭੂ ਜੀਉ !।ਜਾਣਾ–ਜਾਣਦਾ।ਜਲਿ–ਪਾਣੀ ਵਿਚ।ਥਲਿ–ਸੁੱਕੀ ਧਰਤੀ ਵਿਚ।ਮਹੀ ਅਲਿ–ਧਰਤੀ ਤੇ ਅਕਾਸ਼ ਦੇ ਵਿਚਾਲੇ ਪੁਲਾੜ ਵਿਚ।ਭਰਪੁਰਿ–ਭਰਪੂਰ ਹੋ ਕੇ।ਲੀਣਾ–ਵਿਆਪਕ ਹੈਂ।ਆਪੇ–ਆਪ ਹੀ ।ਸਰਬ ਸਮਾਣਾ–ਸਭ ਵਿਚ ਸਮਾਇਆ ਹੋਇਆ ਹੈਂ।੧।ਰਹਾਉ।ਤਾਰਾਜੀ–ਤੱਕੜੀ।ਸੇਵ ਕਮਾਵਾ–ਸੇਵਾ ਕਰਾਂ।ਘਟ ਹੀ ਭੀਤਰਿ–ਦਿਲ ਵਿਚ ਹੀ।ਸੋ ਸਹੁ–ਉਸ ਮਾਲਕ ਪ੍ਰਭੂ ਨੂੰ।ਤੋਲੀ–ਮੈਂ ਤੋਲਾਂ (ਪਰਖ ਕਰਾਂ)।ਇਨ ਬਿਧਿ–ਇਨ੍ਹਾਂ ਤਰੀਕਿਆ ਨਾਲ।ਰਹਾਵਾ–ਮੈਂ ਟਿਕਾ ਕੇ ਰੱਖਾਂ।੨।ਕੰਡਾ–ਤੱਕੜੀ ਦੀ ਡੰਡੀ ਦੇ ਵਿਚਕਾਰ ਸੂਈ ਖੜ੍ਹੀ ਹੁੰਦੀ ਹੈ, ਜੋ ਭਾਰੇ ਪਾਸੇ ਝੁਕਦੀ ਹੈ।ਬੂਝੈ–ਸਮਝਦਾ ਹੈ। ਵਣਜਾਰਾ–ਵਪਾਰੀ।੩।ਅੰਧੁਲਾ–ਅੰਨ੍ਹਾ (ਅਗਿਆਨੀ)।ਨੀਚ ਜਾਤਿ–ਨੀਚ ਜਾਤ ਵਾਲਾ।ਪਰਦੇਸੀ–ਪਰਾਏ ਦੇਸ਼ ਦਾ।ਖਿਨੁ–ਅੱਖ ਝਮਕਣ ਜਿੰਨੇ ਸਮੇਂ ਵਿਚ।ਤਿਲੁ–ਤਿਲ ਮਾਤ੍ਰ ਸਮੇਂ ਵਿਚ।ਤਾ ਕੀ–ਉਸ ਦੀ।ਕਿਉ ਕਰਿ–ਕਿਸ ਤਰ੍ਹਾਂ।ਮੂੜਾ–ਮੂਰਖ।ਪਾਵੈ–ਪਾ ਸਕਦਾ ਹੈ।੪।੨।੯।

ਸਾਰੰਸ਼ = ਵਾਹਿਗੁਰੂ ਬੇਅੰਤ ਹੈ, ਉਸ ਨੂੰ ਤੱਕੜੀ ਵੱਟੇ ਨਾਲ ਤੋਲਿਆ ਨਹੀਂ ਜਾ ਸਕਦਾ ਅਤੇ ਨਾਹੀ ਮਿਣਿਆ ਜਾ ਸਕਦਾ ਹੈ।ਉਹ ਹਰ ਥਾਂ ਸਮਾਇਆ ਹੋਇਆ ਹੋਣ ਕਰਕੇ ਅਸੀਂ ਉਸ ਨੂੰ ਚਿਤ ਨਾਲ ਅਨੁਭਵ ਕਰ ਸਕਦੇ ਹਾਂ, ਉਹ ਭੀ ਜੇ ਉਸ ਦੀ ਕ੍ਰਿਪਾ ਹੋਵੇ।ਨਹੀਂ ਤਾਂ ਮਨੁੱਖ ਦਾ ਮਨ ਉਸ ਬੇਅੰਤ ਵਾਹਿਗੁਰੂ ਅੱਗੇ ਅਪਣੇ ਆਪ ਵਿਚ ਤੁੱਛ ਹੈ।

ਰਾਗੁ ਸੂਹੀ ਮਹਲਾ ੪ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਮਨਿ ਰਾਮ ਨਾਮੁ ਆਰਾਧਿਆ, ਗੁਰ ਸਬਦਿ ਗੁਰੂ ਗੁਰ ਕੇ ॥ ਸਭਿ ਇਛਾ ਮਨਿ ਤਨਿ ਪੂਰੀਆ, ਸਭੁ ਚੂਕਾ ਡਰੁ ਜਮ ਕੇ ॥੧॥ ਮੇਰੇ ਮਨ, ਗੁਣ ਗਾਵਹੁ ਰਾਮ ਨਾਮ ਹਰਿ ਕੇ ॥ ਗੁਰਿ ਤੁਠੈ ਮਨੁ ਪਰਬੋਧਿਆ, ਹਰਿ ਪੀਆ ਰਸੁ ਗਟਕੇ ॥੧॥ਰਹਾਉ॥ ਸਤਸੰਗਤਿ ਊਤਮ ਸਤਿਗੁਰ ਕੇਰੀ, ਗੁਨ ਗਾਵੈ ਹਰਿ ਪ੍ਰਭ ਕੇ ॥ ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ, ਹਮ ਧੋਵਹ ਪਗ ਜਨ ਕੇ ॥੨॥ ਰਾਮ ਨਾਮੁ ਸਭੁ ਹੈ ਰਾਮ ਨਾਮਾ, ਰਸੁ ਗੁਰਮਤਿ ਰਸੁ ਰਸਕੇ ॥ ਹਰਿ ਅੰਮ੍ਰਿਤੁ ਹਰਿ ਜਲੁ ਪਾਇਆ, ਸਭ ਲਾਥੀ ਤਿਸ ਤਿਸ ਕੇ ॥੩॥ ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ,ਹਮ ਵੇਚਿਓ ਸਿਰੁ ਗੁਰ ਕੇ ॥ ਜਨ ਨਾਨਕ ਨਾਮੁ ਪਰਿਓ ਗੁਰ ਚੇਲਾ, ਗੁਰ ਰਾਖਹੁ ਲਾਜ ਜਨ ਕੇ ॥੪॥੧॥ (ਹੇ ਭਾਈ! ਜਿਸ ਮਨੁੱਖ ਨੇ) ਮਨ ਨਾਲ ਗੁਰੂਆਂ ਦੇ ਗੁਰੂ ਪਰਮ ਗੁਰੂ ਦੇ ਸ਼ਬਦ ਵਿਚ ਜੁੜ ਕੇ ਪ੍ਰਭੂ ਦੇ ਨਾਮ ਨੂੰ ਸਿਮਰਿਆ ਹੈ।(ਉਸ ਦੇ) ਮਨ ਵਿਚ ਪੈਦਾ ਹੋਈਆਂ ਤੇ ਤਨ ਵਿਚ ਪੈਦਾ ਹੋਈਆਂ ਸਾਰੀਆਂ ਇੱਛਾਂ ਪੂਰੀਆਂ ਹੋ ਗਈਆਂ ਹਨ ਅਤੇ ਜਮ ਦਾ ਸਾਰਾ ਡਰ ਦੂਰ ਹੋ ਗਿਆ ਹੈ।੧।ਹੇ ਮੇਰੇ ਮਨ! ਪ੍ਰਮਾਤਮਾ ਦੇ ਗੁਣ ਗਾਇਆ ਕਰ ਅਤੇ ਪ੍ਰਮਾਤਮਾ ਦਾ ਨਾਮ ਜਪ।ਗੁਰੂ ਨੇ ਪ੍ਰਸੰਨ ਹੋ ਕੇ (ਜਿਸ ਮਨੁੱਖ ਦੇ) ਮਨ ਨੂੰ ਗਿਆਨ ਕਰਾ ਦਿਤਾ ਹੈ, (ਉਸ ਨੇ) ਹਰੀ ਦਾ ਨਾਮ ਰਸ ਗਟ ਗਟ ਕਰ ਕੇ (ਸੁਆਦ ਨਾਲ ਘੁੱਟ ਭਰ ਭਰ ਕੇ) ਪੀਤਾ ਹੈ।੧।ਰਹਾਉ।(ਹੇ ਭਾਈ!) ਸਤਿਗੁਰੂ ਦੀ ਸਤਸੰਗਤ ਉਤਮ ਹੈ, (ਜਿਥੇ ਬੈਠ ਕੇ ਮਨੁੱਖ) ਹਰੀ ਪ੍ਰਭੂ ਦੇ ਗੁਣ ਗਾਉਂਦਾ ਹੈ।ਹੇ ਹਰੀ! ਕ੍ਰਿਪਾ ਕਰਕੇ (ਸਾਨੂੰ) ਸਤਸੰਗਤ ਨਾਲ ਮਿਲਾ ਦੇਹ, (ਜਿੱਥੇ ਤੇਰੇ) ਸੇਵਕਾਂ ਦੇ ਅਸੀਂ ਚਰਨ ਧੋਈਏ।੨।(ਹੇ ਭਾਈ!) ਰਾਮ ਦਾ ਨਾਮ ਜਪਣ ਵਾਲੇ ਪੁਰਖਾਂ ਨੂੰ ਸਾਰਾ ਜਗਤ ਰਾਮ ਨਾਮ ਰੂਪ ਹੀ ਦਿਸਦਾ ਹੈ, (ਪਰ ਰਾਮ ਨਾਮ ਦਾ) ਰਸ ਗੁਰਮਤ ਦੁਆਰਾ ਸਵਾਦ ਨਾਲ ਮਾਣਿਆ ਜਾ ਸਕਦਾ ਹੈ।(ਜਿਸ ਮਨੁੱਖ ਨੇ) ਹਰੀ ਦਾ ਨਾਮ ਰੂਪ ਅੰਮ੍ਰਿਤ ਜਲ ਪਾਇਆ ਹੈ, ਉਸ ਦੀ ਸਾਰੀ ਤ੍ਰਿਸ਼ਨਾ ਲਹਿ ਗਈ ਹੈ; ਉਸ ਤਿਹਾਏ ਦੀ ਸਾਰੀ ਤ੍ਰੇਹ ਲਹਿ ਗਈ ਹੈ (ਸ਼ਬਦਾਰਥ)। ੩।(ਹੇ ਭਾਈ!) ਸਾਡੀ ਜਾਤ ਤੇ ਗੋਤ (ਖਾਨਦਾਨ) ਪੂਜਨੀਕ ਸਤਿਗੁਰੂ ਹੈ, ਅਸੀਂ ਅਪਣਾ ਸਿਰ ਗੁਰੂ ਦੇ ਪਾਸ ਵੇਚ ਦਿਤਾ ਹੈ।ਦਾਸ ਨਾਨਕ ਦਾ ਨਾਮ ਗੁਰੂ ਦਾ ਸਿਖ ਪੈ ਗਿਆ ਹੈ, ਹੇ ਗੁਰੂ! ਅਪਣੇ ਦਾਸਾਂ ਦੀ ਲਾਜ ਰੱਖ ਲਵੋ ਜੀ।੪।੧।

ਪਦਾਰਥ = ਮਨਿ–ਮਨ ਨਾਲ; ਮਨ ਕਰਕੇ।ਆਰਾਧਿਆ–ਸਿਮਰਿਆ ਹੈ।ਗੁਰ ਸਬਦਿ–ਗੁਰੂ ਦੇ ਸ਼ਬਦ ਵਿਚ ਜੁੜ ਕੇ।ਤਨਿ–ਸਰੀਰ ਵਿਚ ਪੈਦਾ ਹੋਈਆਂ।ਚੂਕਾ–ਦੂਰ ਹੋ ਗਿਆ।ਜਮ ਕੇ–ਜਮ ਦਾ।੧।ਮਨ–ਹੇ ਮਨ!।ਗੁਰਿ–ਗੁਰੂ ਨੇ।ਤੁਠੈ–ਪ੍ਰਸੰਨ ਹੋ ਕੇ।ਪਰਬੋਧਿਆ –ਗਿਆਨ ਦਿਤਾ; ਸਮਝਾਇਆ; ਜਗਾਇਆ।ਗਟ ਕੇ–(ਘੁੱਟ ਭਰਨ ਸਮੇਂ ਗਲ ਵਿਚ ਗਟ ਗਟ ਦੀ ਅਵਾਜ) ਸੁਆਦ ਨਾਲ ਘੁੱਟ ਭਰ ਭਰ ਕੇ।੧।ਰਹਾਉ।ਕੇਰੀ–ਦੀ।ਹਰਿ–ਹੇ ਹਰੀ!।ਕਿਰਪਾ ਧਾਰਿ–ਕ੍ਰਿਪਾ ਕਰਕੇ।ਮੇਲਹੁ–ਮਿਲਾ ਦੇਹ।ਹਮ–ਅਸੀਂ।ਧੋਵਹ–ਧੋਈਏ।ਪਗ–ਪੈਰ (ਚਰਨ)।ਜਨ ਕੇ–ਸੇਵਕਾਂ ਦੇ।੨।ਗੁਰਮਤਿ–ਗੁਰਮਤ ਦੇ ਰਸਤੇ ਤੇ ਚਲ ਕੇ।ਰਸਕੇ–ਸੁਆਦ ਨਾਲ।ਲਾਥੀ–ਲਹਿ ਗਈ।ਤਿਸ ਤਿਸ ਕੇ–ਉਸ ਦੀ ਪਿਆਸ; ਤਿਹਾਏ ਮਨੁੱਖ ਦੀ ਤ੍ਰੇਹ।੩।ਹਮਰੀ–ਸਾਡੀ।ਜਾਤਿ ਪਾਤਿ–ਜਾਤ ਤੇ ਗੋਤ।ਗੁਰ ਕੇ–

ਗੁਰੂ ਦੇ ਪਾਸ।ਜਨ ਨਾਨਕ–ਦਾਸ ਨਾਨਕ।ਪਰਿਓ–ਪੈ ਗਿਆ ਹੈ।ਗੁਰ ਚੇਲਾ–ਗੁਰੂ ਦਾ ਸਿਖ।ਲਾਜ–ਇੱਜਤ।ਜਨ ਕੇ–ਦਾਸਾਂ ਦੀ ।੪।੧।

ਸਾਰੰਸ਼ = ਹਰੀ ਦਾ ਨਾਮ ਜਪਣ ਨਾਲ ਮਨ ਤੇ ਤਨ ਦੀਆਂ ਸਾਰੀਆਂ ਇੱਛਾਂ ਪੂਰੀਆਂ ਹੁੰਦੀਆਂ ਹਨ।ਇਹ ਨਾਮ ਗੁਰੂ ਦੇ ਤੁਠਣ ਨਾਲ ਮਿਲਦਾ ਹੈ।ਪਹਿਲਾਂ ਹਰੀ ਦੀ ਕ੍ਰਿਪਾ ਹੋਵੇ ਤਾਂ ਸਤਿਗੁਰੂ ਦੀ ਸੰਗਤ ਮਿਲਦੀ ਹੈ, ਉਥੇ ਬਹਿ ਕੇ ਹਰੀ ਦੇ ਗਾਈਦੇ (ਸ਼ਬਦਾਰਥ)।

ਸੂਹੀ ਮਹਲਾ ੪ ॥ ਹਰਿ ਹਰਿ ਨਾਮੁ ਭਜਿਓ ਪੁਰਖੋਤਮੁ ,ਸਭਿ ਬਿਨਸੇ ਦਾਲਦ ਦਲਘਾ ॥ ਭਉ ਜਨਮ ਮਰਣਾ ਮੇਟਿਓ ਗੁਰ ਸਬਦੀ, ਹਰਿ ਅਸਥਿਰੁ ਸੇਵਿ ਸੁਖਿ ਸਮਘਾ ॥੧॥ ਮੇਰੇ ਮਨ, ਭਜੁ ਰਾਮ ਨਾਮ ਅਤਿ ਪਿਰਘਾ ॥ ਮੈ ਮਨੁ ਤਨੁ ਅਰਪਿ ਧਰਿਓ ਗੁਰ ਆਗੈ, ਸਿਰੁ ਵੇਚਿ ਲੀਓ ਮੁਲਿ ਮਹਘਾ ॥੧॥ਰਹਾਉ॥ ਨਰਪਤਿ ਰਾਜੇ ਰੰਗ ਰਸ ਮਾਣਹਿ, ਬਿਨੁ ਨਾਵੈ ਪਕੜਿ ਖੜੇ ਸਭਿ ਕਲਘਾ ॥ ਧਰਮ ਰਾਇ ਸਿਰਿ ਡੰਡੁ ਲਗਾਨਾ, ਫਿਰਿ ਪਛੁਤਾਨੇ ਹਥ ਫਲਘਾ ॥੨॥ ਹਰਿ ਰਾਖੁ ਰਾਖੁ ਜਨ ਕਿਰਮ ਤੁਮਾਰੇ, ਸਰਣਾਗਤਿ ਪੁਰਖ ਪ੍ਰਤਿਪਲਘਾ ॥ ਦਰਸਨੁ ਸੰਤ ਦੇਹੁ ਸੁਖੁ ਪਾਵੈ, ਪ੍ਰਭ ਲੋਚ ਪੂਰਿ ਜਨੁ ਤੁਮਘਾ ॥੩॥ ਤੁਮ ਸਮਰਥ ਪੁਰਖ ਵਡੇ ਪ੍ਰਭ ਸੁਆਮੀ, ਮੋਕਉ ਕੀਜੈ ਦਾਨੁ ਹਰਿ ਨਿਮਘਾ ॥ ਜਨ ਨਾਨਕ ਨਾਮੁ ਮਿਲੈ ਸੁਖੁ ਪਾਵੈ, ਹਮ ਨਾਮ ਵਿਟਹੁ ਸਦ ਘੁਮਘਾ ॥੪॥੨॥ (ਹੇ ਭਾਈ! ਜਿਸ ਮਨੁੱਖ ਨੇ) ਉਤਮ ਪੁਰਖ ਪ੍ਰਭੂ ਦਾ ਹਰਿ ਹਰਿ ਨਾਮ ਜਪਿਆ ਹੈ, (ਉਸ ਦੀ) ਸਾਰੀ ਗਰੀਬੀ ਦੂਰ ਹੋ ਗਈ ਤੇ ਪਾਪਾਂ ਦਾ ਸਾਰਾ ਦਲ ਨਾਸ਼ ਹੋ ਗਿਆ ਹੈ। ਗੁਰੂ ਦੇ ਸ਼ਬਦ ਵਿਚ ਜੁੜਨ ਨਾਲ (ਉਸ ਨੇ) ਜਨਮ ਮਰਨ ਦਾ ਡਰ ਮਿਟਾ ਲਿਆ ਹੈ ਅਤੇ (ਉਹ) ਸਦਾ ਥਿਰ ਰਹਿਣ ਵਾਲੇ ਹਰੀ ਨੂੰ ਸਿਮਰ ਕੇ ਸੁਖ ਵਿਚ ਸਮਾ ਗਿਆ ਹੈ।੧।ਹੇ ਮੇਰੇ ਮਨ! ਰਾਮ ਦਾ ਨਾਮ ਜੋ ਅਤਿਅੰਤ ਪਿਆਰਾ ਹੈ, (ਤੂੰ ਉਸ ਦਾ) ਭਜਨ ਕਰ।ਮੈਂ ਅਪਨਾ ਮਨ ਤੇ ਤਨ ਗੁਰੂ ਅੱਗੇ ਅਰਪਣ ਕਰ ਰੱਖਿਆ ਹੈ ਅਤੇ ਸਿਰ ਵੇਚ (ਭੇਟਾ ਕਰ) ਕੇ ਮਹਿੰਗੇ ਮੁੱਲ ਵਾਲਾ ਨਾਮ ਲਿਆ ਹੈ।੧।ਰਹਾਉ।(ਹੇ ਭਾਈ!) ਮਨੁੱਖਾਂ ਦੇ ਮਾਲਕ ਬਣ ਕੇ ਰਾਜੇ (ਰਾਜ ਦਾ) ਅਨੰਦ ਤੇ ਜੀਭ ਦਾ ਸੁਆਦ ਮਾਣਦੇ ਹਨ (ਨਾਮ ਨਹੀਂ ਜਪਦੇ), ਨਾਮ ਸਿਮਰਨ ਤੋਂ ਬਿਨਾ ਹੋਣ ਕਰ ਕੇ ਸਭ ਨੂੰ ਘਾਤਕ ਕਾਲ ਫੜ ਕੇ ਲੈ ਗਿਆ ਹੈ।ਧਰਮਰਾਜ ਨੇ (ਜਦ ਉਨ੍ਹਾਂ ਦੇ) ਸਿਰ ਉਤੇ ਡੰਨ ਲਾਇਆ (ਅਤੇ ਜਦ ਕੀਤੇ ਪਾਪ ਕਰਮਾਂ ਦਾ) ਫਲ ਹੱਥ ਲੱਗਾ ਤਾਂ ਫਿਰ ਪਛਤਾਉਣ ਲੱਗੇ।੨।(ਇਉਂ ਅਰਦਾਸ ਕਰੀਏ) ਹੇ ਹਰੀ! (ਮੇਰੀ) ਰੱਖਿਆ ਕਰ, (ਮੈਨੂੰ ਪਾਪਾਂ ਤੋਂ ਬਚਾ ਕੇ) ਰੱਖ, (ਅਸੀਂ) ਤੇਰੇ ਨਿਮਾਣੇ ਜਿਹੇ ਸੇਵਕ ਹਾਂ, ਹੇ (ਸਾਰੇ ਜੀਵਾਂ ਦੀ) ਪਾਲਣਾ ਕਰਨ ਵਾਲੇ ਆਕਾਲ ਪੁਰਖ! (ਅਸੀਂ ਤੇਰੀ) ਸ਼ਰਣ ਵਿਚ ਆਏ ਹਾਂ।ਹੇ ਪ੍ਰਭੂ! ਮੈਂ ਤੇਰਾ ਦਾਸ ਹਾਂ, (ਅਪਣੇ ਦਾਸ ਦੀ) ਇੱਛਾ ਪੂਰੀ ਕਰ, (ਦਾਸ ਨੂੰ) ਸੰਤਾਂ ਦਾ ਦਰਸ਼ਨ ਬਖਸ਼ ਦੇਹ, (ਤਾਂ ਜੋ ਤੇਰੇ ਦਾਸ ਨੂੰ ਆਤਮਕ) ਸੁਖ ਪ੍ਰਾਪਤ ਹੋਵੇ।੩।ਹੇ ਪ੍ਰਭੂ ਸੁਆਮੀ! ਤੁਸੀਂ (ਸਭ ਤੋਂ) ਵਡੇ ਸਮਰੱਥ ਹੋ, ਹੇ ਹਰੀ! ਮੈਨੂੰ ਨਿਮਖ ਮਾਤ੍ਰ (ਥੋੜਾ ਜਿਹਾ) ਨਾਮ ਦਾ ਦਾਨ ਕਰ ਦੇਹ।ਦਾਸ ਨਾਨਕ ਆਖਦਾ ਹੈ ਕਿ (ਜਿਸ ਮਨੁੱਖ ਨੂੰ ਹਰੀ ਦਾ) ਨਾਮ ਮਿਲ ਜਾਂਦਾ ਹੈ, (ਉਹ) ਸੁਖ ਪਾਉਂਦਾ ਹੈ, ਅਸੀਂ (ਤੇਰੇ) ਨਾਮ ਤੋਂ ਸਦਾ ਕੁਰਬਾਨ ਹਾਂ।੪।੨।

ਪਦਾਰਥ = ਭਜਿਓ–ਜਪਿਆ ਹੈ।ਪੁਰਖੋਤਮੁ (ਪੁਰਖ+ਉਤਮ)–ਉਤਮ ਪੁਰਖ ਪ੍ਰਭੂ।ਬਿਨਸੇ–ਨਾਸ਼ ਹੋ ਗਏ।ਦਾਲਦ–ਗਰੀਬੀ; ਕੰਗਾਲੀ।ਦਲਘਾ (ਦਲ+ਅਘਾ) ਪਾਪਾਂ ਦਾ ਦਲ।ਭਉ–ਡਰ।ਅਸਥਿਰੁ–ਅਚੱਲ (ਸਦਾ ਕਾਇਮ ਰਹਿਣ ਵਾਲਾ)।ਸੇਵਿ–ਸਿਮਰ ਕੇ। ਸੁਖਿ–ਸੁਖ ਵਿਚ।ਸਮਘਾ–ਸਮਾ ਗਿਆ ਹੈ।੧।ਮੇਰੇ ਮਨ–ਹੇ ਮੇਰੇ ਮਨ!।ਅਤਿ–ਬਹੁਤ।ਪਿਰਘਾ–ਪਿਆਰਾ।ਅਰਪਿ ਧਰਿਓ–ਅਰਪਣ ਕਰ ਰੱਖਿਆ ਹੈ।ਮੁਲਿ ਮਹਘਾ–ਮਹਿੰਗੇ ਮੁੱਲ ਵਾਲਾ।੧।ਰਹਾਉ।ਨਰ ਪਤਿ–ਮਨੁੱਖਾਂ ਦੇ ਮਾਲਕ।ਰੰਗ ਰਸ–ਅਨੰਦ ਤੇ ਜੀਭ ਦਾ ਸੁਆਦ (ਮ. ਕੋ.)।ਮਾਣਹਿ–ਮਾਣਦੇ ਹਨ।ਪਕੜਿ ਖੜੇ–ਫੜ ਕੇ ਲੈ ਗਏ।ਕਲਘਾ–ਘਾਤਕ ਕਾਲ।ਸਿਰਿ–ਸਿਰ ਉਤੇ।ਡੰਡੁ ਲਗਾਨਾ–ਡੰਨ ਲਾਇਆ; ਡੰਡਾ ਮਾਰਿਆ।ਹਥ ਫਲਘਾ–(ਪਾਪ ਕਰਮਾਂ ਦਾ) ਫਲ ਹੱਥ ਲੱਗਾ।੨।ਜਨ–ਸੇਵਕ।ਕਿਰਮ–ਨਾਚੀਜ ਜਿਹੇ।ਸਰਣਾਗਤਿ–ਸ਼ਰਣ ਵਿਚ ਆਏ ਹਾਂ।ਪ੍ਰਤਿਪਲਘਾ–ਹੇ ਪਾਲਣਾ ਕਰਨ ਵਾਲੇ!।ਲੋਚ ਪੂਰਿ–ਇੱਛਾ ਪੂਰੀ ਕਰ।ਤੁਮਘਾ–ਤੇਰਾ ।੩।ਸਮਰਥ–ਸਾਰੀਆਂ ਤਾਕਤ ਦਾ ਮਾਲਕ।ਸੁਆਮੀ–ਮਾਲਕ।ਮੋ ਕਉ–ਮੈਨੂੰ।ਨਿਮਘਾ–ਇਕ ਛਿਨ ਵਾਸਤੇ।ਸਦ–ਸਦਾ।ਘੁਮਘਾ–ਕੁਰਬਾਨ ਹਾਂ।੪।੨।

ਸੂਹੀ ਮਹਲਾ ੪ ॥ ਹਰਿ ਨਾਮਾ ਹਰਿ ਰੰਙੁ ਹੈ, ਹਰਿ ਰੰਙੁ ਮਜੀਠੈ ਰੰਙੁ ॥ ਗੁਰਿ ਤੁਠੈ ਹਰਿ ਰੰਗੁ ਚਾੜਿਆ, ਫਿਰਿ ਬਹੁੜਿ ਨ ਹੋਵੀ ਭੰਙੁ ॥੧॥ ਮੇਰੇ ਮਨ, ਹਰਿ ਰਾਮ ਨਾਮਿ ਕਰਿ ਰੰਙੁ ॥ ਗੁਰਿ ਤੁਠੈ ਹਰਿ ਉਪਦੇਸਿਆ, ਹਰਿ ਭੇਟਿਆ ਰਾਉ ਨਿਸੰਙੁ ॥੧॥ਰਹਾਉ॥ ਹੇ ਭਾਈ! ਜੋ) ਹਰੀ ਦਾ ਨਾਮ ਦਾ ਰੰਗ ਹੈ, ਇਹ ਹਰੀ ਦਾ ਨਾਮ ਰੰਗ ਮਜੀਠ ਵਰਗਾ ਪੱਕਾ ਰੰਗ ਹੈ।ਗੁਰੂ ਨੇ ਪ੍ਰਸੰਨ ਹੋ ਕੇ (ਜਿਸ

ਮਨੁੱਖ ਦੇ ਮਨ ਨੂੰ ਇਹ) ਰੰਗ ਚਾੜ੍ਹਿਆ ਹੈ, (ਉਹ) ਮੁੜ ਕੇ ਨਾਸ਼ ਨਹੀਂ ਹੁੰਦਾ (ਕਦੇ ਉਤਰਦਾ ਨਹੀਂ)।੧।ਹੇ ਮੇਰੇ ਮਨ! ਤੂੰ ਰਾਮ ਦੇ ਨਾਮ ਨਾਲ ਪ੍ਰੇਮ ਕਰ।ਗੁਰੂ ਨੇ ਪ੍ਰਸੰਨ ਹੋ ਕੇ (ਜਿਸ ਮਨੁੱਖ ਨੂੰ) ਹਰੀ ਦੇ ਨਾਮ ਦਾ ਉਪਦੇਸ਼ ਦਿਤਾ ਹੈ, (ਉਸ ਨੂੰ) ਬਿਨਾ ਸ਼ੱਕ ਹਰੀ ਰਾਜਾ ਮਿਲ ਪਿਆ ਹੈ।੧।ਰਹਾਉ।

ਅੰਗ ੭੩੨ = ਮੁੰਧ ਇਆਣੀ ਮਨਮੁਖੀ, ਫਿਰਿ ਆਵਣ ਜਾਣਾ ਅੰਙੁ ॥ ਹਰਿ ਪ੍ਰਭੁ ਚਿਤਿ ਨ ਆਇਓ, ਮਨਿ ਦੂਜਾ ਭਾਉ ਸਹਲੰਙੁ ॥੨॥ ਹਮ ਮੈਲੁ ਭਰੇ ਦੁਹਚਾਰੀਆ, ਹਰਿ ਰਾਖਹੁ ਅੰਗੀ ਅੰਙੁ ॥ ਗੁਰਿ ਅੰਮ੍ਰਿਤਸਰਿ ਨਵਲਾਇਆ, ਸਭਿ ਲਾਥੇ ਕਿਲਬਿਖ ਪੰਙੁ ॥੩॥ ਹਰਿ ਦੀਨਾ ਦੀਨ ਦਇਆਲ ਪ੍ਰਭੁ ,ਸਤਸੰਗਤਿ ਮੇਲਹੁ ਸੰਙੁ ॥ ਮਿਲਿ ਸੰਗਤਿ ਹਰਿ ਰੰਗੁ ਪਾਇਆ, ਜਨ ਨਾਨਕ ਮਨਿ ਤਨਿ ਰੰਙੁ ॥੪॥੩॥(ਹੇ ਭਾਈ! ਜਿਹੜੀ ਜੀਵ ਰੂਪ) ਇਸਤ੍ਰੀ ਮਨਮੁਖਤਾ ਕਰਕੇ ਬੇਸਮਝ ਬਣੀ ਹੋਈ ਹੈ, (ਉਸ ਦਾ) ਮੁੜ ਕੇ ਆਉਣ ਜਾਣ (ਜੰਮਣ ਮਰਨ) ਦਾ ਸਾਥ ਬਨਿਆ ਰਹਿੰਦਾ ਹੈ।(ਉਸ ਦੇ) ਚਿਤ ਵਿਚ ਹਰੀ ਪ੍ਰਭੂ ਨਹੀਂ ਆਇਆ, (ਕਿਉਂਕਿ ਉਸ ਦੇ) ਮਨ ਨਾਲ ਦੂਜਾ ਭਾਵ ਲੱਗਾ ਹੋਇਆ ਹੈ।੨।ਹੇ ਸਹਾਇਤਾ ਕਰਨ ਵਾਲੇ ਹਰੀ! ਅਸੀਂ ਮੰਦੇ ਕਰਮ ਕਰਨ ਵਾਲੇ ਮੈਲ ਨਾਲ ਭਰੇ ਹੋਏ ਹਾਂ, ਸਾਡੀ ਰੱਖਿਆ ਕਰ, ਸਾਡੀ ਸਹਾਇਤਾ ਕਰ।(ਜਿਸ ਮਨੁੱਖ ਨੂੰ) ਗੁਰੂ ਨੇ ਸੰਗਤ ਰੂਪ ਅੰਮ੍ਰਿਤ ਦੇ ਸਰੋਵਰ ਵਿਚ ਇਸ਼ਨਾਨ ਕਰਾਇਆ ਹੈ, (ਉਸ ਦੇ) ਸਾਰੇ ਪਾਪ ਲਹਿ ਗਏ ਹਨ ਅਤੇ (ਵਿਕਾਰਾਂ ਦਾ ਵੀ) ਚਿੱਕੜ ਲਹਿ ਗਿਆ ਹੈ।੩।ਹੇ ਅੱਤ ਗਰੀਬਾਂ ਉਤੇ ਦਇਆ ਕਰਨ ਵਾਲੇ ਪ੍ਰਭੂ! (ਸਾਨੂੰ ਗਰੀਬਾਂ ਨੂੰ) ਸਤਸੰਗਤ ਨਾਲ ਮਿਲਾ ਦੇਹ।ਦਾਸ ਨਾਨਕ ਨੇ (ਗੁਰੂ ਦੀ) ਸੰਗਤ ਵਿਚ ਮਿਲ ਕੇ ਹਰੀ ਦਾ ਪ੍ਰੇਮ ਪ੍ਰਾਪਤ ਕੀਤਾ ਹੈ ਅਤੇ (ਸਾਡੇ) ਮਨ ਵਿਚ ਤੇ ਤਨ ਵਿਚ ਵੀ ਪ੍ਰੇਮ ਰੰਗ ਚੜ੍ਹ ਗਿਆ ਹੈ।੪।੩।

ਪਦਾਰਥ = ਰੰਙੁ-ਪਿਆਰ।ਮਜੀਠੈ ਰੰਙੁ-ਮਜੀਠ ਵਰਗਾ ਪੱਕਾ ਰੰਗ।ਗੁਰਿ-ਗੁਰੂ ਨੇ।ਤੁਠੈ-ਪ੍ਰਸੰਨ ਹੋ ਕੇ।ਫਿਰਿ ਬਹੁੜਿ-ਫਿਰ ਮੁੜ ਕੇ।ਨ ਹੋਵੀ-ਨਹੀਂ ਹੁੰਦਾ।ਭੰਙੁ-ਨਾਸ਼।੧।ਮਨ-ਹੇ ਮਨ!।ਭੇਟਿਆ-ਮਿਲ ਪਿਆ।ਰਾਉ-ਰਾਜਾ।ਨਿਸੰਙੁ-ਬਿਨਾ ਸ਼ੱਕ; ਬਿਨਾ ਰੋਕ ਦੇ।੧।ਰਹਾਉ।ਮੁੰਧ-ਜੀਵ ਇਸਤ੍ਰੀ।ਇਆਣੀ-ਅਣਜਾਣ; ਬੇਸਮਝ।ਫਿਰਿ-ਮੁੜ ਕੇ।ਆਵਣ ਜਾਣਾ-ਜੰਮਣਾ ਮਰਨਾ।ਅੰਙੁ-ਸਾਥ। ਚਿਤਿ-ਚਿੱਤ ਵਿਚ।ਮਨਿ-ਮਨ ਵਿਚ।ਦੂਜਾ ਭਾਉ-ਮਾਇਆ ਦਾ ਪ੍ਰੇਮ।ਸਹਲੰਙੁ-ਨਾਲ ਲੱਗਾ ਹੋਇਆ।੨।ਦੁਹਚਾਰੀਆ-ਦੁਰਾਚਾਰੀ (ਬਦਚਲਨ)।ਰਾਖਹੁ-ਰੱਖਿਆ ਕਰ।ਅੰਗੀ ਅੰਙੁ-ਹੇ ਸਹਾਇਤਾ ਕਰਨ ਵਾਲੇ! ਸਹਾਇਤਾ ਕਰ।ਅੰਮ੍ਰਿਤਸਰਿ-ਅੰਮ੍ਰਿਤ ਦੇ ਸਰੋਵਰ ਵਿਚ।ਨਵਲਾਇਆ-ਨੁਹਾਇਆ (ਸ਼ਨਾਨ ਕਰਾਇਆ)।ਲਾਥੇ-ਲਹਿ ਗਏ।ਕਿਲਬਿਖ-ਪਾਪ।ਪੰਙੁ-ਚਿੱਕੜ।੩।ਦੀਨਾ ਦੀਨ-ਕੰਗਾਲਾਂ ਤੋਂ ਵੀ ਕੰਗਾਲਾਂ (ਅੱਤ ਗਰੀਬਾਂ)ਦੀ।ਸੰਙੁ-ਸਾਥ; ਨਾਲ।ਮਨਿ-ਮਨ ਵਿਚ।ਤਨਿ-ਸਰੀਰ ਵਿਚ।੪।੩।

ਸੂਹੀ ਮਹਲਾ ੪ ॥ ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ, ਹਿਰਦਾ ਸੁਧੁ ਨ ਹੋਈ ॥ ਅਨਦਿਨੁ ਕਰਮ ਕਰਹਿ ਬਹੁਤੇਰੇ, ਸੁਪਨੈ ਸੁਖੁ ਨ ਹੋਈ ॥੧॥ ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥ ਕੋਰੈ ਰੰਗੁ ਕਦੇ ਨ ਚੜੈ, ਜੇ ਲੋਚੈ ਸਭੁ ਕੋਈ ॥੧॥ਰਹਾਉ॥ ਜਪੁ ਤਪ ਸੰਜਮ ਵਰਤ ਕਰੇ ਪੂਜਾ, ਮਨਮੁਖ ਰੋਗੁ ਨ ਜਾਈ ॥ ਅੰਤਰਿ ਰੋਗੁ ਮਹਾ ਅਭਿਮਾਨਾ, ਦੂਜੈ ਭਾਇ ਖੁਆਈ ॥੨॥ ਬਾਹਰਿ ਭੇਖ ਬਹੁਤੁ ਚਤੁਰਾਈ, ਮਨੂਆ ਦਹਦਿਸਿ ਧਾਵੈ ॥ ਹਉਮੈ ਬਿਆਪਿਆ ਸਬਦੁ ਨ ਚੀਨੈ, ਫਿਰਿ ਫਿਰਿ ਜੂਨੀ ਆਵੈ ॥੩॥ ਨਾਨਕ ਨਦਰਿ ਕਰੇ ਸੋ ਬੂਝੈ, ਸੋ ਜਨੁ ਨਾਮੁ ਧਿਆਏ ॥ ਗੁਰ ਪਰਸਾਦੀ ਏਕੋ ਬੂਝੈ, ਏਕਸੁ ਮਾਹਿ ਸਮਾਏ ॥੪॥੪॥ (ਹੇ ਭਾਈ! ਜਿਹੜੇ ਮਨੁੱਖ ਮੂੰਹੋਂ) ਹਰਿ ਹਰਿ ਨਾਮ ਦਾ ਜਾਪ ਕਰਦੇ ਹਨ ਅਤੇ (ਨਾਲ ਨਾਲ) ਹਰ ਰੋਜ ਕਪਟ ਕਮਾਉਂਦੇ (ਕਰਦੇ) ਹਨ, (ਉਨ੍ਹਾਂ ਦਾ) ਹਿਰਦਾ ਪਵਿਤ੍ਰ ਨਹੀਂ ਹੁੰਦਾ।(ਉਹ ਭਾਵੇਂ) ਹਰ ਰੋਜ ਬਹੁਤ ਧਰਮ ਕਰਮ ਕਰਦੇ ਹਨ, (ਪਰ ਉਨ੍ਹਾਂ ਨੂੰ) ਸੁਪਨੇ ਵਿਚ ਵੀ ਸੁਖ ਪ੍ਰਾਪਤ ਨਹੀਂ ਹੁੰਦਾ।੧।ਹੇ (ਅਪਣੇ ਆਪ ਬਣੇ) ਗਿਆਨਵਾਨ ਮਨੁੱਖ! ਗੁਰੂ ਦੀ ਸ਼ਰਣ ਵਿਚ ਪਏ ਤੋਂ ਬਿਨਾ ਭਗਤੀ ਨਹੀਂ ਹੁੰਦੀ।ਜੇ ਸਭ ਕੋਈ ਚਾਹੁੰਦਾ ਵੀ ਹੋਵੇ, (ਫਿਰ ਵੀ) ਕੋਰੇ ਕਪੜੇ ਨੂੰ ਕਦੇ ਰੰਗ ਨਹੀਂ ਚੜ੍ਹ ਸਕਦਾ (ਇਵੇਂ ਮਨ ਨੂੰ ਸਾਫ ਕੀਤੇ ਬਿਨਾ, ਪ੍ਰਭੂ ਦੇ ਪ੍ਰੇਮ ਦਾ ਰੰਗ ਨਹੀਂ ਚੜ੍ਹਦਾ)।੧।ਰਹਾਉ।(ਹੇ ਭਾਈ!) ਮਨਮੁਖ ਦਾ ਹਉਮੈ ਰੋਗ ਨਹੀਂ ਜਾਂਦਾ, (ਭਾਵੇਂ ਉਹ) ਜਪ ਤਪ, ਸੰਜਮ, ਵਰਤ ਅਤੇ ਠਾਕਰਾਂ ਦੀ ਪੂਜਾ ਕਰੀ ਜਾਵੇ।(ਉਸ ਦੇ) ਮਨ ਦੇ ਅੰਦਰ ਹੰਕਾਰ ਦਾ ਵੱਡਾ ਰੋਗ ਲੱਗਾ ਹੋਇਆ ਹੈ, (ਉਹ) ਦੁਐਤ ਭਾਵ ਕਰਕੇ ਕੁਰਾਹੇ ਪਿਆ ਹੋਇਆ ਹੈ।੨।(ਮਨਮੁਖ ਲੋਕ ਦਿਖਾਵੇ ਲਈ) ਬਾਹਰੋਂ ਸਾਧੂਆਂ ਵਾਲਾ ਭੇਖ ਬਣਾਈ ਰਖਦਾ ਹੈ, ਚਤਰਾਈ ਨਾਲ ਗੱਲਾਂ ਬੜੀਆਂ ਕਰਦਾ ਹੈ, (ਪਰ ਉਸ ਦਾ) ਮਨ ਦਸੇ ਦਿਸ਼ਾਵਾਂ ਵਲ ਦੌੜਿਆ ਫਿਰਦਾ ਹੈ।(ਉਹ) ਹਉਮੈ ਵਿਚ ਫਸਿਆ ਹੋਇਆ ਗੁਰੂ ਦੇ ਸ਼ਬਦ ਨੂੰ ਨਹੀਂ ਜਾਣਦਾ ,(ਇਸ ਕਰਕੇ) ਮੁੜ ਮੁੜ ਜੋਨੀਆਂ ਵਿਚ ਆਉਂਦਾ (ਜੰਮਦਾ ਮਰਦਾ) ਰਹਿੰਦਾ ਹੈ।੩।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਉਤੇ ਪ੍ਰਭੂ) ਮੇਹਰ ਦੀ ਨਜਰ ਕਰਦਾ ਹੈ, ਉਹ (ਗੁਰੂ ਦੇ ਸ਼ਬਦ ਨੂੰ) ਸਮਝਦਾ ਹੈ ਅਤੇ ਉਹ ਮਨੁੱਖ ਪ੍ਰਭੂ ਦਾ ਨਾਮ ਸਿਮਰਦਾ ਹੈ।(ਉਹ ਮਨੁੱਖ) ਗੁਰੂ ਦੀ ਕ੍ਰਿਪਾ ਨਾਲ ਇਕ ਪ੍ਰਭੂ ਨੂੰ ਜਾਣ ਲੈਂਦਾ ਹੈ ਅਤੇ ਇਕ ਪ੍ਰਭੂ ਵਿਚ ਸਮਾ ਜਾਂਦਾ ਹੈ

।੪।੪।

ਪਦਾਰਥ = ਕਰਹਿ–ਕਰਦੇ ਹਨ।ਨਿਤ–ਸਦਾ; ਹਰ ਰੋਜ।ਕਪਟੁ–ਛਲ; ਧੋਖਾ।ਕਮਾਵਹਿ–ਕਮਾਉਂਦੇ ਹਨ।ਸੁਧੁ–ਪਵਿਤ੍ਰ।ਅਨਦਿਨੁ –ਹਰ ਰੋਜ।ਕਰਮ–ਧਾਰਮਕ ਕਰਮ।ਬਹੁਤੇਰੇ–ਬਹੁਤ।ਸੁਪਨੈ–ਸੁਪਨੇ ਵਿਚ ਵੀ।੧।ਗਿਆਨੀ–ਹੇ ਗਿਆਨ ਵਾਨ ਮਨੁੱਖ!। ਕੋਰੈ–ਅਣ ਧੋਤਾ ਕੱਪੜਾ (ਪਾਣ ਉਤਾਰੇ ਬਿਨਾ ਕਪੜਾ।ਜਿਸ ਮਨੁੱਖ ਦੇ ਮਨ ਉਤੇ ਗੁਰ ਉਪਦੇਸ਼ ਦਾ ਅਸਰ ਨਹੀਂ)।ਲੋਚੈ–ਚਾਹੁੰਦਾ ਹੋਵੇ ।ਸਭੁ ਕੋਈ–ਹਰੇਕ ਮਨੁੱਖ।੧।ਰਹਾਉ।ਜਪੁ–ਮੰਤ੍ਰਾਂ ਦਾ ਜਾਪ।ਤਪ–ਤਪੱਸਿਆ।ਸੰਜਮ–ਇੰਦ੍ਰੀਆਂ ਨੂੰ ਵਿਸ਼ਿਆਂ ਵੱਲੋਂ ਰੋਕਣ ਲਈ ਕਰੜੇ ਸਾਧਨ ਕਰਨੇ।ਪੂਜਾ–ਠਾਕਰਾਂ ਦੀ ਪੂਜਾ।ਅੰਤਰਿ–ਮਨ ਵਿਚ।ਮਹਾ ਅਭਿਮਾਨਾ–ਵੱਡਾ ਹੰਕਾਰ।ਦੂਜੈ ਭਾਇ–ਮਾਇਆ ਦੇ ਪਿਆਰ ਕਰ ਕੇ।ਖੁਆਈ–ਕੁਰਾਹੇ ਪਿਆ ਹੈ।੨।ਮਨੂਆ–ਮਨ।ਦਹਦਿਸਿ–ਦਸੇ ਦਿਸ਼ਾਵਾਂ ਵੱਲ।ਧਾਵੈ–ਦੌੜਦਾ ਹੈ।ਬਿਆਪਿਆ – ਫਸਿਆ ਹੋਇਆ ।ਨ ਚੀਨੈ–ਨਹੀਂ ਜਾਣਦਾ।ਫਿਰਿ ਫਿਰਿ–ਮੁੜ ਮੁੜ।੩।ਨਦਰਿ–ਮੇਹਰ ਦੀ ਨਜਰ।ਸੋ–ਉਹ।ਬੂਝੈ–ਸਮਝਦਾ ਹੈ; ਜਾਣ ਲੈਂਦਾ ਹੈ।ਜਨੁ–ਮਨੁੱਖ।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।ਏਕੋ–ਇਕ ਪ੍ਰਭੂ।ਏਕਸੁ ਮਾਹਿ–ਇਕ ਪ੍ਰਭੂ ਵਿਚ।ਸਮਾਏ–ਮਿਲ ਜਾਂਦਾ ਹੈ।੪।੪।

ਸੂਹੀ ਮਹਲਾ ੪ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਗੁਰਮਤਿ ਨਗਰੀ ਖੋਜਿ ਖੋਜਾਈ ॥ ਹਰਿ ਹਰਿ ਨਾਮੁ ਪਦਾਰਥੁ ਪਾਈ ॥੧॥ ਮੇਰੈ ਮਨਿ ਹਰਿ ਹਰਿ ਸਾਂਤਿ ਵਸਾਈ ॥ ਤਿਸਨਾ ਅਗਨਿ ਬੁਝੀ ਖਿਨ ਅੰਤਰਿ, ਗੁਰਿ ਮਿਲਿਐ ਸਭ ਭੁਖ ਗਵਾਈ ॥੧॥ਰਹਾਉ॥ ਹਰਿ ਗੁਣ ਗਾਵਾ ਜੀਵਾ ਮੇਰੀ ਮਾਈ ॥ ਸਤਿਗੁਰਿ ਦਇਆਲਿ ਗੁਣ ਨਾਮੁ ਦ੍ਰਿੜਾਈ ॥੨॥ ਹਉ ਹਰਿ ਪ੍ਰਭੁ ਪਿਆਰਾ ਢੂਢਿ ਢੂਢਾਈ ॥ ਸਤਸੰਗਤਿ ਮਿਲਿ ਹਰਿ ਰਸੁ ਪਾਈ ॥੩॥ ਧੁਰਿ ਮਸਤਕਿ ਲੇਖ ਲਿਖੇ ਹਰਿ ਪਾਈ ॥ ਗੁਰੁ ਨਾਨਕੁ ਤੁਠਾ ਮੇਲੈ ਹਰਿ ਭਾਈ ॥੪॥੧॥੫॥ (ਹੇ ਭਾਈ!) ਗੁਰੂ ਦੀ ਸਿੱਖਿਆ ਲੈ ਕੇ ਮੈਂ ਸਰੀਰ ਰੂਪ ਨਗਰੀ ਵਿਚ ਵਿਚਾਰ ਨਾਲ ਖੋਜ ਕੀਤੀ ਹੈ।(ਸਰੀਰ ਦੇ ਅੰਦਰੋਂ ਹੀ) ਹਰੀ ਦਾ ਨਾਮ ਰੂਪ ਪਦਾਰਥ ਪਾ ਲਿਆ ਹੈ।੧।(ਹੇ ਭਾਈ!) ਮੇਰੇ ਮਨ ਵਿਚ ਹਰੀ ਦੇ ਨਾਮ ਨੇ ਸ਼ਾਂਤੀ ਵਸਾ ਦਿਤੀ ਹੈ।(ਜਿਸ ਕਰਕੇ ਮੇਰੇ ਮਨ ਵਿਚੋਂ) ਤ੍ਰਿਸ਼ਨਾ ਦੀ ਅੱਗ ਇਕ ਖਿਨ ਦੇ ਅੰਦਰ ਹੀ ਬੁਝ ਗਈ ਹੈ, ਗੁਰੂ ਦੇ ਮਿਲਣ ਨਾਲ (ਹਰੀ ਦੇ ਨਾਮ ਨੇ ਪਦਾਰਥਾਂ ਦੀ ਮੇਰੀ) ਸਾਰੀ ਭੁੱਖ ਗਵਾ ਦਿਤੀ ਹੈ।੧।ਰਹਾਉ।ਹੇ ਮੇਰੀ ਮਾਂ! ਮੈਂ ਹਰੀ ਦੇ ਗੁਣ ਗਾਉਂਦਾ ਹੋਇਆ ਹੀ (ਆਤਮਕ ਪੱਖੋਂ) ਜਿਉਂਦਾ ਹਾਂ।ਸਤਿਗੁਰੂ ਨੇ ਦਇਆਲ ਹੋ ਕੇ (ਮੈਨੂੰ ਹਰੀ ਦੇ) ਗੁਣ ਦ੍ਰਿੜ ਕਰਾ ਦਿਤੇ ਹਨ ਅਤੇ ਹਰੀ ਦਾ ਨਾਮ ਵੀ ਦ੍ਰਿੜ ਕਰਾ ਦਿਤਾ ਹੈ।੨।(ਹੇ ਭਾਈ!) ਮੈਂ ਪਿਆਰੇ ਪ੍ਰਭੂ ਨੂੰ ਆਪ ਢੂੰਢਦਾ ਹਾਂ ਅਤੇ (ਹੋਰਨਾਂ ਗੁਰਮੁਖਾਂ ਦੁਆਰਾ ਵੀ ਮੈਂ ਉਸ ਦੀ) ਢੂੰਢ ਕਰਵਾ ਰਿਹਾ ਹਾਂ।ਸਤਸੰਗਤ ਵਿਚ ਮਿਲ ਕੇ ਮੈਂ (ਹਰੀ ਦੇ ਗੁਣ ਤੇ ਨਾਮ ਦਾ) ਰਸ ਪ੍ਰਾਪਤ ਕਰ ਰਿਹਾ ਹਾਂ।੩।ਧੁਰ ਰੱਬ ਦੀ ਹਜੂਰੀ ਤੋਂ ਮੇਰੇ ਮੱਥੇ ਉਤੇ ਲੇਖ ਲਿਖੇ ਹੋਏ ਸਨ (ਮੇਰੇ ਭਾਗਾਂ ਵਿਚ ਪ੍ਰਭੂ ਦੀ ਪ੍ਰਾਪਤੀ ਲਿਖੀ ਹੋਈ ਸੀ, ਜਿਸ ਕਰਕੇ) ਮੈਂ ਪ੍ਰਭੂ ਨੂੰ ਪਾ ਲਿਆ ਹੈ।(ਪ੍ਰਭੂ ਨੂੰ ਕਿਵੇਂ ਪਾਇਆ ਹੈ?) ਹੇ ਭਾਈ! ਗੁਰੂ ਨਾਨਕ (ਦੇਵ ਜੀ ਜਦੋਂ) ਪ੍ਰਸੰਨ ਹੁੰਦੇ ਹਨ ,(ਤਾਂ ਉਹ) ਹਰੀ ਨਾਲ ਮਿਲਾ ਦੇਂਦੇ ਹਨ।੪।੧।੫।

ਪਦਾਰਥ = ਗੁਰਮਤਿ–ਗੁਰੂ ਦੀ ਸਿੱਖਿਆ ਲੈ ਕੇ।ਨਗਰੀ–ਸਰੀਰ ਰੂਪ ਨਗਰ।ਖੋਜਿ ਖੋਜਾਈ–ਵਿਚਾਰ ਨਾਲ ਖੋਜ ਕੀਤੀ ਹੈ।ਪਾਈ–ਪਾ ਲਿਆ।੧।ਮਨਿ–ਮਨ ਵਿਚ।ਤਿਸਨਾ ਅਗਨਿ–ਤ੍ਰਿਸ਼ਨਾ ਦੀ ਅੱਗ।ਬੁਝੀ–ਬੁਝ ਗਈ।ਖਿਨ ਅੰਤਰਿ–ਇਕ ਖਿਨ ਦੇ ਅੰਦਰ ਹੀ। ਗੁਰਿ ਮਿਲਿਐ–ਗੁਰੂ ਦੇ ਮਿਲਣ ਨਾਲ।ਗਵਾਈ–ਦੂਰ ਕਰ ਦਿਤੀ।੧।ਰਹਾਉ।ਗਾਵਾ–ਮੈਂ ਗਾਉਂਦਾ ਹਾਂ।ਜੀਵਾ–ਜਿਉਂਦਾ ਹਾਂ।ਮਾਈ–ਹੇ ਮਾਂ!।ਸਤਿਗੁਰਿ–ਸਤਿਗੁਰੂ ਨੇ।ਦਇਆਲਿ–ਦਿਆਲ ਹੋ ਕੇ।ਦ੍ਰਿੜਾਈ–ਦ੍ਰਿੜ ਕਰਾ (ਮਨ ਵਿਚ ਵਸਾ) ਦਿਤਾ।੨।ਹਉ–ਮੈਂ। ਢੂਢਿ–ਖੋਜਦਾ ਹਾਂ।ਢੂਢਾਈ–ਖੋਜ ਕਰਾ ਰਿਹਾ ਹਾਂ।ਮਿਲਿ–ਮਿਲ ਕੇ।ਰਸੁ–ਅਨੰਦ।੩।ਧੁਰਿ–ਧੁਰ ਰੱਬ ਦੀ ਹਜੂਰੀ ਤੋਂ।ਮਸਤਕਿ – ਮੱਥੇ ਉਤੇ।ਤੁਠਾ–ਪ੍ਰਸੰਨ ਹੁੰਦੇ ਹਨ।ਮੇਲੈ–ਮਿਲਾ ਦੇਂਦੇ ਹਨ।ਭਾਈ–ਹੇ ਭਾਈ!।੪।੧।੫।

ਸੂਹੀ ਮਹਲਾ ੪ ॥ ਹਰਿ ਕ੍ਰਿਪਾ ਕਰੇ ਮਨਿ ਹਰਿ ਰੰਗੁ ਲਾਏ ॥ ਗੁਰਮੁਖਿ ਹਰਿ ਹਰਿ ਨਾਮਿ ਸਮਾਏ ॥੧॥ ਹਰਿ ਰੰਗਿ ਰਾਤਾ ਮਨੁ ਰੰਗ ਮਾਣੇ ॥ ਸਦਾ ਅਨੰਦਿ ਰਹੈ ਦਿਨ ਰਾਤੀ, ਪੂਰੇ ਗੁਰ ਕੈ ਸਬਦਿ ਸਮਾਣੇ ॥੧॥ਰਹਾਉ॥ ਹਰਿ ਰੰਗ ਕਉ ਲੋਚੈ ਸਭੁ ਕੋਈ ॥ ਗੁਰਮੁਖਿ ਰੰਗੁ ਚਲੂਲਾ ਹੋਈ ॥੨॥ ਮਨਮੁਖਿ ਮੁਗਧੁ ਨਰੁ ਕੋਰਾ ਹੋਇ ॥ ਜੇ ਸਉ ਲੋਚੈ ਰੰਗੁ ਨ ਹੋਵੈ ਕੋਇ ॥੩॥ ਨਦਰਿ ਕਰੇ ਤਾ ਸਤਿਗੁਰੁ ਪਾਵੈ ॥ ਨਾਨਕ ਹਰਿ ਰਸਿ ਹਰਿ ਰੰਗਿ ਸਮਾਵੈ ॥੪॥੨॥੬॥ (ਹੇ ਭਾਈ! ਜਿਸ ਮਨੁੱਖ ਉਤੇ) ਹਰੀ ਕ੍ਰਿਪਾ ਕਰਦਾ ਹੈ, (ਉਸ ਦੇ) ਮਨ ਵਿਚ (ਹਰੀ ਅਪਣਾ) ਪ੍ਰੇਮ ਲਾਉਂਦਾ ਹੈ।(ਫਿਰ ਉਹ) ਗੁਰੂ ਦੁਆਰਾ ਹਰੀ ਦੇ ਨਾਮ ਵਿਚ ਲੀਨ ਹੋ ਜਾਂਦਾ ਹੈ (ਸੁਰਤ ਸਦਾ ਨਾਮ ਵਿਚ ਜੁੜ ਜਾਂਦੀ ਹੈ)।੧।(ਹੇ ਭਾਈ! ਜਿਸ ਮਨੁੱਖ ਦਾ) ਮਨ ਹਰੀ ਦੇ ਪ੍ਰੇਮ ਰੰਗ ਵਿਚ ਰੰਗਿਆ ਹੋਇਆ ਹੈ, ਉਹ

ਆਤਮਕ ਅਨੰਦ ਮਾਣਦਾ ਹੈ।ਉਹ ਦਿਨ ਰਾਤ ਸਦਾ ਅਨੰਦ ਵਿਚ ਰਹਿੰਦਾ ਹੈ ਤੇ ਪੂਰੇ ਗੁਰੂ ਦੇ ਸ਼ਬਦ ਵਿਚ ਲੀਨ ਰਹਿੰਦਾ ਹੈ।੧।ਰਹਾਉ।(ਹੇ ਭਾਈ!) ਸਭ ਕੋਈ ਹਰੀ ਦੇ ਪ੍ਰੇਮ ਰੰਗ ਨੂੰ ਚਾਹੁੰਦਾ ਹੈ।(ਪਰ) ਪ੍ਰੇਮ ਦਾ ਗੂੜ੍ਹਾ ਰੰਗ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ।੨।ਮਨਮੁਖ ਮੂਰਖ ਮਨੁੱਖ (ਹਰੀ ਦੇ ਪ੍ਰੇਮ ਰੰਗ ਤੋਂ) ਕੋਰਾ ਹੁੰਦਾ ਹੈ।ਜੇ ਉਹ ਸੌ ਵਾਰੀ ਵੀ ਚਾਹੇ, ਤਾਂ ਵੀ ਉਸ ਨੂੰ ਕਿਸੇ ਤਰ੍ਹਾਂ ਪ੍ਰੇਮ ਰੰਗ ਨਹੀਂ ਚੜ੍ਹ ਸਕਦਾ।੩।(ਜੇ ਪ੍ਰਭੂ ਉਸ ਮਨਮੁਖ ਉਤੇ) ਮਿਹਰ ਦੀ ਨਜਰ ਕਰੇ, ਤਾਂ ਉਸ ਨੂੰ ਸਤਿਗੁਰੂ ਦਾ ਮਿਲਾਪ ਪ੍ਰਾਪਤ ਹੁੰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਫਿਰ ਉਹ) ਹਰੀ ਦੇ ਨਾਮ ਰਸ ਰਾਹੀਂ ਹਰੀ ਦੇ ਪ੍ਰੇਮ ਰੰਗ ਵਿਚ ਸਮਾ ਜਾਂਦਾ ਹੈ।੪।੨।੬।

ਪਦਾਰਥ = ਮਨਿ–ਮਨ ਵਿਚ।ਰੰਗੁ–ਪ੍ਰੇਮ ਰੰਗ।ਲਾਏ–ਲਾਉਂਦਾ (ਪੈਦਾ ਕਰਦਾ) ਹੈ।ਗੁਰਮੁਖਿ–ਗੁਰੂ ਦੁਆਰਾ।ਨਾਮਿ ਸਮਾਏ–ਨਾਮ ਵਿਚ ਲੀਨ ਰਹਿੰਦਾ ਹੈ।੧।ਰੰਗਿ–ਪ੍ਰੇਮ ਰੰਗ ਵਿਚ।ਰਾਤਾ–ਰੰਗਿਆ ਹੋਇਆ।ਰੰਗੁ ਮਾਣੇ–ਅਨੰਦ ਮਾਣਦਾ ਹੈ।ਅਨੰਦਿ–ਅਨੰਦ ਵਿਚ।ਸਬਦਿ–ਸ਼ਬਦ ਵਿਚ।ਸਮਾਣੇ–ਲੀਨ ਰਹਿੰਦਾ ਹੈ।੧।ਰਹਾਉ।ਕਉ–ਨੂੰ।ਲੋਚੈ–ਚਾਹੁੰਦਾ ਹੈ।ਸਭੁ ਕੋਈ–ਹਰੇਕ ਮਨੁੱਖ।ਚਲੂਲਾ–ਗੂੜ੍ਹਾ।੨।ਨਰੁ–ਮਨੁੱਖ।ਕੋਰਾ–ਪ੍ਰੇਮ ਤੋਂ ਖਾਲੀ; ਅਣਭਿੱਜ।ਮੁਗਧ–ਮੂਰਖ।ਸਉ–ਸੌ ਵਾਰੀ।੩।ਨਦਰਿ–ਮੇਹਰ ਦੀ ਨਜਰ।ਤਾ–ਤਾਂ; ਤਦ।ਰਸਿ–ਰਸ ਰਾਹੀਂ।ਸਮਾਵੈ–ਸਮਾ (ਲੀਨ ਹੋ) ਜਾਂਦਾ ਹੈ।੪।੨।੬।

ਅੰਗ ੭੩੩ = ਸੂਹੀ ਮਹਲਾ ੪ ॥ ਜਿਹਵਾ ਹਰਿ ਰਸਿ ਰਹੀ ਅਘਾਇ ॥ ਗੁਰਮੁਖਿ ਪੀਵੈ ਸਹਜਿ ਸਮਾਇ ॥੧॥ ਹਰਿ ਰਸੁ ਜਨ ਚਾਖਹੁ ਜੇ ਭਾਈ ॥ ਤਉ ਕਤ ਅਨਤ ਸਾਦਿ ਲੋਭਾਈ ॥੧॥ਰਹਾਉ॥ ਗੁਰਮਤਿ ਰਸੁ ਰਾਖਹੁ ਉਰ ਧਾਰਿ ॥ ਹਰਿ ਰਸਿ ਰਾਤੇ ਰੰਗਿ ਮੁਰਾਰਿ ॥੨॥ ਮਨਮੁਖਿ ਹਰਿ ਰਸੁ ਚਾਖਿਆ ਨ ਜਾਇ ॥ ਹਉਮੈ ਕਰੈ ਬਹੁਤੀ ਮਿਲੈ ਸਜਾਇ ॥੩॥ ਨਦਰਿ ਕਰੇ ਤਾ ਹਰਿ ਰਸੁ ਪਾਵੈ ॥ ਨਾਨਕ ਹਰਿ ਰਸਿ ਹਰਿ ਗੁਣ ਗਾਵੈ ॥੪॥੩॥੭॥ (ਹੇ ਭਾਈ! ਗੁਰਮੁਖਾਂ ਦੀ) ਜੀਭ ਹਰੀ ਦੇ ਨਾਮ ਰਸ ਨਾਲ ਰੱਜੀ ਰਹਿੰਦੀ ਹੈ।(ਜੋ ਮਨੁੱਖ) ਗੁਰੂ ਦੁਆਰਾ ਨਾਮ ਰਸ ਪੀਂਦਾ ਹੈ, ਉਹ ਸਹਿਜ ਅਵਸਥਾ ਵਿਚ ਲੀਨ ਹੋ ਜਾਂਦਾ ਹੈ।੧।ਹੇ ਭਾਈ ਜਨੋਂ! ਜੇ ਤੁਸੀਂ ਹਰੀ ਦਾ ਨਾਮ ਰਸ ਚੱਖ ਲਵੋਂਗੇ।ਤਾਂ ਕਿਸੇ ਹੋਰ (ਵਿਸ਼ੇ ਵਿਕਾਰਾਂ ਦੇ) ਸੁਆਦ ਵਿਚ ਕਿਉਂ ਲੁਭਾਇਮਾਨ ਹੋਵੋਂਗੇ? (ਨਹੀਂ ਹੋਵੋਂਗੇ)।੧।ਰਹਾਉ।(ਹੇ ਭਾਈ!) ਗੁਰੂ ਦੀ ਸਿੱਖਿਆ ਲੈ ਕੇ (ਹਰੀ ਦਾ ਨਾਮ) ਰਸ ਹਿਰਦੇ ਵਿਚ ਟਿਕਾ ਕੇ ਰੱਖੋ।(ਜੋ ਮਨੁੱਖ) ਹਰੀ ਦੇ ਨਾਮ ਰਸ ਵਿਚ ਮਗਨ ਹਨ, ਉਹ ਹਰੀ ਦੇ ਅਨੰਦ ਵਿਚ ਰਹਿੰਦੇ ਹਨ।੨।(ਹੇ ਭਾਈ!) ਮਨਮੁਖ ਤੋਂ ਹਰੀ ਦਾ ਨਾਮ ਰਸ ਚੱਖਿਆ ਨਹੀਂ ਜਾਂਦਾ।(ਉਹ ਹਰੇਕ ਚੀਜ ਦਾ) ਹੰਕਾਰ ਕਰਦਾ ਹੈ, (ਜਿਸ ਕਰਕੇ ਉਸ ਨੂੰ ਪ੍ਰਲੋਕ ਵਿਚ) ਬਹੁਤ ਸਜਾ ਮਿਲਦੀ ਹੈ।੩।(ਹੇ ਭਾਈ! ਜੇ) ਪ੍ਰਭੂ ਮੇਹਰ ਦੀ ਨਜਰ ਕਰੇ, ਤਾਂ (ਮਨੁੱਖ) ਹਰੀ ਦਾ ਨਾਮ ਰਸ ਪ੍ਰਾਪਤ ਕਰ ਸਕਦਾ ਹੈ।ਨਾਨਕ ਗੁਰੂ ਜੀ ਆਖਦੇ ਹਨ (ਫਿਰ ਉਹ ਮਨੁੱਖ) ਹਰੀ ਦੇ ਨਾਮ ਰਸ ਵਿਚ ਮਗਨ ਰਹਿੰਦਾ ਹੈ ਅਤੇ ਹਰੀ ਦੇ ਗੁਣ ਗਾਉਂਦਾ ਹੈ।੪।੩।੭।

ਸਹਿਜ ਅਵਸਥਾ ਆਤਮਾ ਦੀ ਉਹ ਹਾਲਤ ਹੈ ਜੋ ਤਿੰਨਾਂ ਗੁਣਾਂ ਤੋਂ ਉਚੀ ਅਸਲੀ ਗਿਆਨ ਵਾਲੀ ਹੁੰਦੀ ਹੈ, ਜਿਸ ਵਿਚ ਮਨ ਸ਼ਾਂਤ ਤੇ ਦੌੜ ਭੱਜ ਤੋਂ ਰਹਿਤ ਅਡੋਲ ਹੋ ਕੇ ਅਪਣੇ ਅਸਲ ਸਰੂਪ ਵਿਚ ਟਿਕਿਆ ਰਹਿੰਦਾ ਹੈ।ਉਸ ਅਵਸਥਾ ਵਿਚ ਮਨੁੱਖ ਦਾ ਜੀਵਨ ਕੁਦਰਤੀ ਜੀਵਨ ਹੁੰਦਾ ਹੈ ਤੇ ਦਿਖਾਵੇ ਰਹਿਤ ਹੁੰਦਾ ਹੈ।ਮਨ ਨਿਰਭੈ ਹੋ ਕੇ ਦੁਨਿਆਵੀ ਦਬਾਉ ਤੋਂ ਰਹਿਤ ਰਹਿੰਦਾ ਹੈ।

ਪਦਾਰਥ = ਜਿਹਵਾ–ਜੀਭ।ਰਸਿ–(ਨਾਮ) ਰਸ ਨਾਲ।ਰਹੀ ਅਘਾਇ–ਰੱਜੀ ਰਹਿੰਦੀ ਹੈ।ਗੁਰਮੁਖਿ–ਗੁਰੂ ਦੁਆਰਾ।ਸਹਜਿ–ਸਹਿਜ ਅਵਸਥਾ ਵਿਚ।ਸਮਾਇ–ਸਮਾ ਜਾਂਦਾ ਹੈ।੧।ਜਨ ਭਾਈ–ਹੇ ਭਾਈ ਜਨੋਂ!।ਚਾਖਹੁ–ਪੀ ਲਵੋ।ਤਉ–ਤਾਂ; ਤਦ।ਕਤ–ਕਿਉਂ।ਸਾਦਿ–ਸੁਆਦ ਵਿਚ।ਅਨਤ–ਹੋਰ।ਲੋਭਾਈ–ਲੋਭਾਇਮਾਨ ਹੋਵੋਂਗੇ।੧।ਰਹਾਉ।ਗੁਰਮਤਿ–ਗੁਰੂ ਦੀ ਸਿਖਿਆ ਲੈ ਕੇ।ਉਰ–ਹਿਰਦਾ।ਧਾਰਿ–ਟਿਕਾ ਕੇ।ਰਾਤੇ–ਮਗਨ ਹਨ।ਰੰਗਿ–ਅਨੰਦ ਵਿਚ।ਮੁਰਾਰਿ–ਪ੍ਰਭੂ ਦੇ।੨।ਮਨਮੁਖਿ–ਮਨ ਦੇ ਪਿੱਛੇ ਚੱਲਣ ਵਾਲਾ ਮਨੁੱਖ।ਹਉਮੈ ਕਰੈ–ਹੰਕਾਰ ਕਰਦਾ ਹੈ।ਸਜਾਇ–ਸਜਾ।੩।ਨਦਰਿ–ਮੇਹਰ ਦੀ ਨਜਰ।ਪਾਵੈ–ਪ੍ਰਾਪਤ ਕਰਦਾ ਹੈ।੪।੩।੭।

ਸੂਹੀ ਮਹਲਾ ੪ ਘਰੁ ੬ ੧ੴ ਸਤਿਗੁਰ ਪ੍ਰਸਾਦਿ ॥ ਨੀਚ ਜਾਤਿ ਹਰਿ ਜਪਤਿਆ, ਉਤਮ ਪਦਵੀ ਪਾਇ ॥ ਪੂਛਹੁ ਬਿਦਰ ਦਾਸੀ ਸੁਤੈ, ਕਿਸਨੁ ਉਤਰਿਆ ਘਰਿ ਜਿਸੁ ਜਾਇ ॥੧॥ ਹਰਿ ਕੀ ਅਕਥ ਕਥਾ ਸੁਨਹੁ ਜਨ ਭਾਈ, ਜਿਤੁ ਸਹਸਾ ਦੂਖ ਭੂਖ ਸਭ ਲਹਿ ਜਾਇ ॥੧॥ਰਹਾਉ॥ ਰਵਿਦਾਸੁ ਚਮਾਰੁ ਉਸਤਤਿ ਕਰੇ, ਹਰਿ ਕੀਰਤਿ ਨਿਮਖ ਇਕ ਗਾਇ ॥ ਪਤਿਤ ਜਾਤਿ ਉਤਮੁ ਭਇਆ, ਚਾਰਿ ਵਰਨ ਪਏ ਪਗਿ ਆਇ ॥੨॥ ਨਾਮ ਦੇਅ ਪ੍ਰੀਤਿ ਲਗੀ ਹਰਿ ਸੇਤੀ, ਲੋਕੁ ਛੀਪਾ ਕਹੈ ਬੁਲਾਇ ॥ ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ, ਹਰਿ ਨਾਮ ਦੇਉ ਲੀਆ ਮੁਖਿ ਲਾਇ ॥੩॥ ਜਿਤਨੇ ਭਗਤ ਹਰਿ ਸੇਵਕਾ, ਮੁਖਿ ਅਠਸਠਿ ਤੀਰਥ ਤਿਨ ਤਿਲਕੁ ਕਢਾਇ ॥ ਜਨੁ ਨਾਨਕੁ ਤਿਨ ਕਉ ਅਨਦਿਨੁ ਪਰਸੇ, ਜੇ ਕ੍ਰਿਪਾ ਕਰੇ ਹਰਿ ਰਾਇ ॥੪॥੧॥੮॥ (ਹੇ ਭਾਈ!) ਨੀਚ ਜਾਤ ਵਾਲਾ ਮਨੁੱਖ ਵੀ

ਹਰੀ ਦਾ ਨਾਮ ਜਪਦਿਆਂ ਉਤਮ ਪਦਵੀ ਪਾ ਲੈਂਦਾ ਹੈ।ਦਾਸੀ ਦੇ ਪੁਤ੍ਰ ਬਿਦਰ ਬਾਰੇ (ਕਿਸੇ ਨੂੰ ਵੀ) ਜਾ ਕੇ ਪੁੱਛ ਲਵੋ, ਜਿਸ ਦੇ ਘਰ ਕ੍ਰਿਸਨ ਜਾ ਕੇ ਉਤਰਿਆ (ਠਹਿਰਿਆ) ਸੀ।੧।ਹੇ ਭਾਈ ਜਨੋਂ! ਹਰੀ ਦੀ ਨਾ ਬਿਆਨ ਹੋ ਸਕਣ ਵਾਲੀ ਕਥਾ ਸੁਣੋ, ਜਿਸ (ਕਥਾ ਦੇ ਸੁਣਨ) ਨਾਲ ਸਾਰੇ ਸੰਸੇ, ਸਾਰੇ ਦੁਖ ਲਹਿ ਜਾਂਦੇ ਹਨ ਅਤੇ ਸਾਰੀ ਕਿਸਮ ਦੀਆਂ ਭੁੱਖਾਂ ਲਹਿ ਜਾਂਦਆਂ ਹਨ।੧।ਰਹਾਉ।ਚਮਾਰ ਜਾਤ ਦਾ ਭਗਤ ਰਵਿਦਾਸ ਪ੍ਰਭੂ ਦੀ ਉਸਤਤੀ ਕਰਦਾ ਸੀ ਅਤੇ ਹਰੇਕ ਪਲ ਹਰੀ ਦਾ ਜਸ ਗਾਉਂਦਾ ਰਹਿੰਦਾ ਸੀ।ਨੀਵੀਂ ਜਾਤੀ ਵਾਲਾ (ਉਹ ਭਗਤ ਰਵਿਦਾਸ) ਉਤਮ ਪਦਵੀ ਵਾਲਾ (ਮਹਾਂ ਪੁਰਖ) ਹੋ ਗਿਆ ਸੀ ਅਤੇ ਚਾਰੇ ਵਰਨਾਂ ਦੇ ਲੋਕ (ਉਸ ਦੇ) ਪੈਰੀਂ ਆ ਪਏ (ਨਮਸ਼ਕਾਰ ਕਰਨ ਲਗ ਪਏ) ਸਨ।੨।(ਅੱਗੇ ਹੋਰ ਸੁਣੋਂ) ਨਾਮ ਦੇਵ ਦੀ ਪ੍ਰੀਤ ਹਰੀ ਨਾਲ ਲਗ ਗਈ ਸੀ, (ਜਿਸ ਨੂੰ) ਜਗਤ ਛੀਂਬਾ ਕਹਿ ਕੇ ਬੁਲਾਉਂਦਾ ਸੀ।ਹਰੀ ਨੇ (ਉਚੀ ਜਾਤੀਆਂ ਦੇ) ਖਤ੍ਰੀ, ਬ੍ਰਾਹਮਣ ਪਿਠ ਦੇ ਕੇ ਛਡ ਦਿਤੇ ਅਤੇ ਨਾਮ ਦੇਵ ਨੂੰ ਮੂੰਹ ਲਾ ਲਿਆ ਸੀ (ਦਰਸ਼ਨ ਦਿਤੇ ਅਤੇ ਦੇਹੁਰੇ ਦਾ ਮੂੰਹ ਘੁਮਾ ਕੇ ਨਾਮ ਦੇਵ ਵੱਲ ਕਰ ਦਿਤਾ ਸੀ)।੩।(ਹੇ ਭਾਈ!) ਹਰੀ ਦੇ ਜਿਤਨੇ ਵੀ ਭਗਤ ਤੇ ਸੇਵਕ ਹਨ, ਅਠਾਹਠ ਤੀਰਥ ਉਨ੍ਹਾਂ ਦੇ ਮੱਥੇ ਉਤੇ ਤਿਲਕ ਕੱਢਦੇ (ਲਾਉਂਦੇ) ਹਨ (ਉਨ੍ਹਾਂ ਦਾ ਦਰਸ਼ਨ ਤੀਰਥਾਂ ਦੇ ਦਰਸ਼ਨਾਂ ਨਾਲੋਂ ਵੀ ਸ੍ਰੇਸਟ ਹੈ)।ਜੇ ਹਰੀ ਰਾਜਾ ਕ੍ਰਿਪਾ ਕਰੇ ਤਾਂ ਦਾਸ ਨਾਨਕ ਉਨ੍ਹਾਂ (ਭਗਤਾਂ ਦੇ ਚਰਨਾਂ) ਨੂੰ ਹਰ ਰੋਜ ਪਰਸਦਾ ਰਹੇ (ਦਰਸ਼ਨ ਕਰਦਾ ਰਹੇ)।੪।੧।੮।

ਪਦਾਰਥ = ਨੀਚ ਜਾਤਿ–ਨੀਵੀ ਜਾਤ ਵਾਲਾ ਮਨੁੱਖ।ਉਤਮ ਪਦਵੀ–ਉਚੀ ਆਤਮਕ ਅਵਸਥਾ।ਪਾਇ–ਪਾ ਲੈਂਦਾ ਹੈ।ਬਿਦਰ–ਰਾਜਾ ਵਿਚਿਤ੍ਰ ਵੀਰਜ ਦੀ ਦਾਸੀ ਸੁਦੇਸ਼ਨਾ ਦੀ ਕੁੱਖੋਂ ਬਿਆਸ ਦਾ ਪੁਤ੍ਰ (ਬਿਦਰ ਦੀ ਭਗਤੀ ਭਾਵ ਦੇਖ ਕੇ ਕ੍ਰਿਸ਼ਨ ਜੀ ਦੁਰਜੋਧਨ ਦਾ ਮਹਿਲ ਛਡ ਕੇ ਬਿਦਰ ਦੇ ਘਰ ਠਹਿਰੇ ਸਨ)।ਘਰਿ–ਘਰ ਵਿਚ।ਉਤਰਿਆ–ਉਤਾਰਾ ਕੀਤਾ (ਠਹਿਰਿਆ)।ਜਾਇ–ਜਾ ਕੇ।੧।ਅਕਥ ਕਥਾ– ਬਿਆਨ ਨਾ ਹੋ ਸਕਣ ਵਾਲੀ ਕਥਾ।ਜਨ ਭਾਈ–ਹੇ ਭਾਈ ਜਨੋਂ!।ਜਿਤੁ–ਜਿਸ ਨਾਲ।ਸਹਸਾ–ਸ਼ੱਕ; ਭਰਮ।ਲਹਿ ਜਾਇ–ਉਤਰ ਜਾਂਦੀ ਹੈ।੧।ਰਹਾਉ।ਹਰਿ ਕੀਰਤਿ–ਹਰੀ ਦਾ ਜਸ।ਨਿਮਖ ਇਕ–ਹਰ ਇਕ ਪਲ।ਗਾਇ–ਗਾਉਂਦਾ ਸੀ।ਪਤਿਤ ਜਾਤਿ–ਨੀਵੀਂ ਜਾਤੀ ਵਾਲਾ।ਉਤਮ ਭਇਆ–ਉਤਮ ਪਦਵੀ ਵਾਲਾ (ਮਹਾਂ ਪੁਰਖ) ਹੋ ਗਿਆ।ਚਾਰਿ ਵਰਨ–ਖਤ੍ਰੀ, ਬ੍ਰਾਹਮਣ, ਵੈਸ਼ ਤੇ ਸ਼ੂਦਰ।ਪਏ ਪਗਿ ਆਇ–ਪੈਰੀਂ ਆ ਪਏ।੨।ਨਾਮ ਦੇਅ–ਨਾਮ ਦੇਵ।ਹਰਿ ਸੇਤੀ–ਹਰੀ ਨਾਲ।ਲੋਕੁ–ਸਾਰਾ ਜਗਤ।ਛੀਪਾ–ਛੀਂਬਾ।ਕਹੈ ਬੁਲਾਇ–ਕਹਿ ਕੇ ਬੁਲਾਉਂਦਾ ਸੀ।ਪਿਠਿ ਦੇ–ਪਿੱਠ ਦੇ ਕੇ।ਲੀਆ ਮੁਖਿ ਲਾਇ–ਮੱਥੇ ਲਾ ਲਿਆ (ਦਰਸ਼ਨ ਦਿਤੇ)।੩। ਅਠਸਠਿ–ਅਠਾਹਠ।ਤਿਨ–ਉਨ੍ਹਾਂ ਦੇ।ਤਿਲਕ ਕਢਾਇ–ਤਿਲਕ ਲਾਉਂਦੇ ਹਨ।ਕਉ–ਨੂੰ।ਅਨਦਿਨ–ਹਰ ਰੋਜ।ਪਰਸੇ–ਛੋਂਹਦਾ ਰਹੇ। ਾਇ–ਰਾਜਾ।੪।੧।੮।

ਸੂਹੀ ਮਹਲਾ ੪ ॥ ਤਿਨ੍ਹੀ ਅੰਤਰਿ ਹਰਿ ਆਰਾਧਿਆ, ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰਾ ॥ ਤਿਨ ਕੀ ਬਖੀਲੀ ਕੋਈ ਕਿਆ ਕਰੇ, ਜਿਨ ਕਾ ਅੰਗੁ ਕਰੇ ਮੇਰਾ ਹਰਿ ਕਰਤਾਰਾ ॥੧॥ ਹਰਿ ਹਰਿ ਧਿਆਇ ਮਨ ਮੇਰੇ, ਮਨ ਧਿਆਇ ਹਰਿ, ਜਨਮ ਜਨਮ ਕੇ ਸਭਿ ਦੂਖ ਨਿਵਾਰਣਹਾਰਾ ॥੧॥ਰਹਾਉ॥ ਧੁਰਿ ਭਗਤ ਜਨਾ ਕਉ ਬਖਸਿਆ, ਹਰਿ ਅੰਮ੍ਰਿਤ ਭਗਤਿ ਭੰਡਾਰਾ ॥ ਮੂਰਖੁ ਹੋਵੈ ਸੁ ਉਨ ਕੀ ਰੀਸ ਕਰੇ, ਤਿਸੁ ਹਲਤਿ ਪਲਤਿ ਮੁਹੁ ਕਾਰਾ ॥੨॥ ਸੇ ਭਗਤ ਸੇ ਸੇਵਕਾ, ਜਿਨਾ ਹਰਿ ਨਾਮੁ ਪਿਆਰਾ ॥ ਤਿਨ ਕੀ ਸੇਵਾ ਤੇ ਹਰਿ ਪਾਈਐ, ਸਿਰਿ ਨਿੰਦਕ ਕੈ ਪਵੈ ਛਾਰਾ ॥੩॥ ਜਿਸੁ ਘਰਿ ਵਿਰਤੀ ਸੋਈ ਜਾਣੈ, ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ ॥ ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ ਨ ਪਾਇਓ, ਹਰਿ ਸੇਵਕ ਭਾਇ ਨਿਸਤਾਰਾ ॥੪॥੨॥੯॥ (ਹੇ ਭਾਈ!) ਜਿਨ੍ਹਾਂ ਮਨੁੱਖਾਂ ਦੇ ਮੱਥੇ ਉਤੇ ਧੁਰ ਦਰਗਾਹ ਤੋਂ ਲੇਖ ਲਿਖਿਆ ਹੋਇਆ ਹੈ, ਉਨ੍ਹਾਂ ਨੇ ਹੀ ਅਪਣੇ ਹਿਰਦੇ ਅੰਦਰ ਹਰੀ ਦਾ ਨਾਮ ਸਿਮਰਿਆ ਹੈ।ਉਨ੍ਹਾਂ ਦੀ ਨਿੰਦਿਆ ਕਰਕੇ ਕੋਈ (ਮਨੁੱਖ ਉਨ੍ਹਾਂ ਦਾ) ਕੀ ਕਰ ਸਕਦਾ ਹੈ? (ਕੋਈ ਕੁਛ ਨਹੀਂ ਵਿਗਾੜ ਸਕਦਾ) ਜਿਨ੍ਹਾਂ ਦਾ ਪੱਖ ਮੇਰਾ ਹਰੀ ਕਰਤਾਰ ਕਰਦਾ ਹੈ।੧।ਹੇ ਮੇਰੇ ਮਨ! ਤੂੰ ਹਰਿ ਹਰਿ ਨਾਮ ਸਿਮਰ, ਹੇ ਮਨ! ਹਰੀ ਦਾ ਨਾਮ ਜਰੂਰ ਸਿਮਰਿਆ ਕਰ, ਹਰੀ ਜਨਮਾਂ ਜਨਮਾਂਤਰਾਂ ਦੇ ਸਾਰੇ ਦੁੱਖ ਦੂਰ ਕਰ ਦੇਣ ਵਾਲਾ ਹੈ।੧।ਰਹਾਉ।(ਹੇ ਭਾਈ!) ਧੁਰ ਤੋਂ ਹੀ ਹਰੀ ਨੇ ਭਗਤ ਜਨਾਂ ਨੂੰ ਭਗਤੀ ਦਾ ਅੰਮ੍ਰਿਤ ਭੰਡਾਰ ਬਖਸ਼ਿਆ ਹੈ।ਜਿਹੜਾ ਮੂਰਖ ਹੁੰਦਾ ਹੈ, ਉਹ ਉਨ੍ਹਾਂ ਦੀ ਰੀਸ ਕਰਦਾ ਹੈ, ਲੋਕ ਪ੍ਰਲੋਕ ਵਿਚ ਉਸ ਦਾ ਮੂੰਹ ਕਾਲਾ ਹੁੰਦਾ ਹੈ।੨।(ਹੇ ਭਾਈ!) ਉਹ ਭਗਤ ਹਨ, ਉਹ ਸੇਵਕ ਹਨ, ਜਿਨ੍ਹਾਂ ਨੂੰ ਹਰੀ ਦਾ ਨਾਮ ਪਿਆਰਾ ਲਗਦਾ ਹੈ।ਉਨ੍ਹਾਂ (ਭਗਤਾਂ ਸੇਵਕਾਂ ਦੀ) ਸੇਵਾ ਕਰਨ ਨਾਲ ਹੀ ਹਰੀ ਪ੍ਰਾਪਤ ਹੁੰਦਾ ਹੈ, (ਪਰ ਭਗਤਾਂ ਦੇ) ਨਿੰਦਕਾਂ ਦੇ ਸਿਰ ਉਤੇ (ਲਾਹਣਤਾਂ ਰੂਪ) ਸੁਆਹ ਪੈਂਦੀ ਹੈ।੩।(ਹੇ ਭਾਈ!) ਜਿਸ (ਗੁਰੂ ਦੇ) ਘਰ ਵਿਚ ਇਹ ਗਲ ਵਰਤੀ ਹੋਵੇ, ਉਹ ਹੀ ਜਾਣਦਾ ਹੈ, ਸਾਰੇ ਜਗਤ ਦੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁੱਛ ਕੇ ਵਿਚਾਰ ਕਰੋ (ਉਨ੍ਹਾਂ ਦੀ ਗੁਰ ਗੱਦੀ ਦੇ ਇਤਹਾਸ ਵੱਲ ਨਜਰ ਮਾਰ ਕੇ ਦੇਖੋ।ਤਾਂ ਪਤਾ ਲੱਗੇਗਾ

ਕਿ) ਚਾਰ ਪੀੜ੍ਹੀਆਂ ਵਿਚ (ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਰਾਮਦਾਸ ਜੀ ਤਕ) ਅਤੇ ਮੁੱਢ ਕਦੀਮਾਂ ਤੋਂ ਈਰਖਾ ਕਰਨ ਨਾਲ ਕਿਸੇ ਨੇ ਵੀ ਕੁਛ ਵੀ ਪ੍ਰਾਪਤ ਨਹੀਂ ਕੀਤਾ, ਕੇਵਲ ਸੇਵਕਾਂ ਵਾਲੀ ਭਾਵਨਾ ਰੱਖਣ ਨਾਲ ਹੀ ਹਰੀ ਪਾਰ ਉਤਾਰਾ ਕਰਦਾ ਹੈ।੪।੨।੯।

ਸਾਰੰਸ਼ = ਗੁਰੂ ਰਾਮਦਾਸ ਜੀ ਨੇ ਇਹ ਸ਼ਬਦ ਪ੍ਰਿਥੀ ਚੰਦ ਪ੍ਰਤੀ ਉਚਾਰਿਆ ਹੈ, ਸਿੱਖਿਆ ਦੇਂਦੇ ਹਨ ਕਿ ਤੂੰ ਸੇਵਕ ਬਣ ਕੇ ਸੇਵਾ ਕਰ ,ਗੁਰੂ ਨਾਨਕ ਦੇਵ ਜੀ ਤੇਰੇ ਤੇ ਪ੍ਰਸੰਨ ਹੋਏ ਤਾਂ ਤੇਰੀ ਇੱਛਾ ਪੂਰੀ ਹੋ ਸਕਦੀ ਹੈ।

ਪਦਾਰਥ = ਤਿਨ੍ਹੀ–ਉਨ੍ਹਾਂ ਨੇ।ਅੰਤਰਿ–ਅਪਣੇ ਹਿਰਦੇ ਅੰਦਰ।ਆਰਾਧਿਆ–ਸਿਮਰਿਆ।ਜਿਨ ਕਉ–ਜਿਨ੍ਹਾਂ ਦੇ।ਧੁਰਿ–ਧੁਰ ਦਰਗਾਹ ਤੋਂ।ਲਿਖਤੁ–ਲੇਖ।ਲਿਲਾਰਾ–ਮੱਥੇ ਉਤੇ।ਤਿਨ ਕੀ–ਉਨ੍ਹਾਂ ਦੀ।ਬਖੀਲੀ–ਨਿੰਦਿਆ; ਚੁਗਲੀ; ਈਰਖਾ; ਦੁਸ਼ਮਣੀ।ਕਿਆ ਕਰੇ–ਕੀ ਕਰ ਸਕਦਾ ਹੈ? ਅੰਗੁ–ਪੱਖ।੧।ਮਨ ਮੇਰੇ–ਹੇ ਮੇਰੇ ਮਨ!।ਨਿਵਾਰਣਹਾਰਾ–ਦੂਰ ਕਰਨ ਵਾਲਾ।੧।ਰਹਾਉ।ਕਉ–ਨੂੰ।ਭਗਤਿ ਭੰਡਾਰਾ ਭਗਤੀ ਦਾ ਖਜਾਨਾ।ਸੁ–ਉਹ।ਉਨ ਕੀ–ਉਨ੍ਹਾਂ ਦੀ।ਰੀਸ ਕਰੇ–ਬਰਾਬਰੀ ਦੀ ਇੱਛਾ ਕਰਦਾ ਹੈ।ਹਲਤਿ–ਇਸ ਲੋਕ ਵਿਚ। ਪਲਤਿ–ਪ੍ਰਲੋਕ ਵਿਚ।ਮੁਹੁ–ਮੂੰਹ।ਕਾਰਾ–ਕਾਲਾ।੨।ਸੇ–ਉਹ।ਤੇ–ਤੋਂ; ਦੀ ਰਾਹੀਂ।ਕੈ–ਦੇ।ਸਿਰਿ–ਸਿਰ ਉਤੇ।ਪਵੈ ਛਾਰਾ–ਸੁਆਹ ਪੈਂਦੀ ਹੈ। ੩।ਜਿਸੁ ਘਰਿ–ਜਿਸ ਘਰ ਵਿਚ।ਵਿਰਤੀ–ਵਰਤੀ (ਵਾਪਰੀ) ਹੋਵੇ; ਪਿਰਤ; ਮਰਿਆਦਾ।ਸੋਈ ਜਾਣੈ–ਉਹ ਹੀ ਜਾਣਦਾ ਹੈ।ਪੂਛਿ–ਪੁੱਛ ਕੇ।ਚਹੁ ਪੀੜੀ–ਚਾਰ ਪੁਸ਼ਤਾਂ ਵਿਚ।ਆਦਿ ਜੁਗਾਦਿ–ਜਗਤ ਦੇ ਅਰੰਭ ਤੋਂ ਅਤੇ ਜੁੱਗਾਂ ਦੇ ਸ਼ੁਰੂ ਤੋਂ।ਕਿਨੈ–ਕਿਸੇ ਨੇ ਵੀ।ਸੇਵਕ ਭਾਇ–ਸੇਵਕਾਂ ਵਾਲੀ ਭਾਵਨਾ ਰੱਖਣ ਨਾਲ।ਨਿਸਤਾਰਾ–ਪਾਰ ਉਤਾਰਾ; ਮੁਕਤੀ।੪।੨।੯।

ਜਿਸ ਘਰਿ ਵਿਰਤੀ = ਜਿਸ ਨਿੰਦਕ ਦੇ ਹਿਰਦੇ ਵਿਚ ਬਖੀਲੀ ਵਾਲੀ ਦਸ਼ਾ ਵਾਪਰਦੀ ਹੈ, ਉਹ ਹੀ ਜਾਣਦਾ ਹੈ, (ਜੋ ਉਸ ਨੂੰ ਲਾਹਣਤਾਂ ਪੈਂਦੀਆਂ ਹਨ)।ਇਸੇ ਤਰ੍ਹਾਂ ਦੇ ਅਰਥ ਦਰਪਣ ਤੇ ਨਿਰਣੈ ਨੇ ਕੀਤੇ ਹਨ।ਪਰ ਉਪਰਲੇ ਅਰਥ ਵਿਸ਼ੇ ਅਨੁਸਾਰ ਸਹੀ ਹਨ।

ਸੂਹੀ ਮਹਲਾ ੪ ॥ ਜਿਥੈ ਹਰਿ ਆਰਾਧੀਐ, ਤਿਥੈ ਹਰਿ ਮਿਤੁ ਸਹਾਈ ॥ ਗੁਰ ਕਿਰਪਾ ਤੇ ਹਰਿ ਮਨਿ ਵਸੈ, ਹੋਰਤੁ ਬਿਧਿ ਲਇਆ ਨ ਜਾਈ ॥੧॥ (ਹੇ ਭਾਈ!) ਜਿਥੇ ਵੀ ਹਰੀ ਨੂੰ ਯਾਦ ਕਰੀਏ, ਉਥੇ ਹੀ ਹਰੀ ਮਿਤਰ ਸਹਾਇਤਾ ਕਰਦਾ ਹੈ।ਗੁਰੂ ਦੀ ਕ੍ਰਿਪਾ ਨਾਲ ਹਰੀ ਮਨ ਵਿਚ ਆ ਵਸਦਾ ਹੈ, ਹੋਰ ਕਿਸੇ ਤਰੀਕੇ ਨਾਲ ਲਿਆ (ਹਰੀ ਪਾਇਆ) ਨਹੀਂ ਜਾ ਸਕਦਾ।੧।

ਅੰਗ ੭੩੪ = ਹਰਿ ਧਨੁ ਸੰਚੀਐ ਭਾਈ ॥ ਜਿ ਹਲਤਿ ਪਲਤਿ ਹਰਿ ਹੋਇ ਸਖਾਈ ॥੧॥ਰਹਾਉ॥ ਸਤਸੰਗਤੀ ਸੰਗਿ ਹਰਿ ਧਨੁ ਖਟੀਐ, ਹੋਰ ਥੈ ਹੋਰਤੁ ਉਪਾਇ, ਹਰਿ ਧਨੁ ਕਿਤੈ ਨ ਪਾਈ ॥ ਹਰਿ ਰਤਨੈ ਕਾ ਵਾਪਾਰੀਆ, ਹਰਿ ਰਤਨ ਧਨੁ ਵਿਹਾਝੇ, ਕਚੈ ਕੇ ਵਾਪਾਰੀਏ, ਵਾਕਿ ਹਰਿ ਧਨੁ ਲਇਆ ਨ ਜਾਈ ॥੨॥ ਹਰਿ ਧਨੁ ਰਤਨੁ ਜਵੇਹਰੁ ਮਾਣਕੁ ,ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ, ਹਰਿ ਭਗਤੀ ਹਰਿ ਲਿਵ ਲਾਈ ॥ ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ, ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ ॥ ਹਲਤਿ ਪਲਤਿ ਹਰਿ ਧਨੈ ਕੀ, ਭਗਤਾ ਕਉ ਮਿਲੀ ਵਡਿਆਈ ॥੩॥ ਹੇ ਭਾਈ! ਹਰੀ ਦਾ ਨਾਮ ਧਨ ਇਕੱਠਾ ਕਰਨਾ ਚਾਹੀਦਾ ਹੈ।ਜਿਹੜਾ ਹਰੀ ਇਸ ਲੋਕ ਵਿਚ ਤੇ ਪ੍ਰਲੋਕ ਵਿਚ ਸਹਾਈ ਹੁੰਦਾ ਹੈ।੧।ਰਹਾਉ।(ਹੇ ਭਾਈ!) ਸਤਸੰਗਤ ਨਾਲ ਮਿਲ ਕੇ ਹਰੀ ਦਾ ਨਾਮ ਧਨ ਕਮਾਇਆ ਜਾ ਸਕਦਾ ਹੈ, ਹੋਰ ਕਿਸੇ ਥਾਂ ਤੋਂ ਹੋਰ ਕਿਸੇ ਜਤਨ ਨਾਲ ਕਿਸੇ ਥਾਂ ਤੋਂ ਹਰੀ ਦਾ ਨਾਮ ਧਨ ਪ੍ਰਾਪਤ ਨਹੀਂ ਹੁੰਦਾ।ਹਰੀ ਦੇ ਨਾਮ ਰਤਨ ਦਾ ਵਪਾਰੀ ਹਰੀ ਦਾ ਰਤਨ ਰੂਪ ਨਾਮ ਧਨ ਖ੍ਰੀਦਦਾ ਹੈ, (ਪਰ) ਕੱਚੇ ਧਨ ਦੇ ਵਪਾਰੀ ਤੋਂ ਨਿਰੀਆਂ ਗੱਲਾਂ ਨਾਲ ਹਰੀ ਦਾ ਨਾਮ ਧਨ ਲਿਆ ਨਹੀਂ ਜਾ ਸਕਦਾ।੨।(ਹੇ ਭਾਈ!) ਹਰੀ ਦਾ ਨਾਮ ਧਨ ਰਤਨ, ਜਵਾਹਰ ਅਤੇ ਮਾਣਕ ਨਾਲੋਂ ਵੀ ਅਮੋਲਕ ਹੈ, ਅੰਮ੍ਰਿਤ ਵੇਲੇ ਦੇ ਵੱਤਰ ਵਾਲੇ (ਮਨੁੱਖਾ ਜਨਮ ਦੇ ਸ਼ੁੱਭ ਅਤੇ ਉਪਜਾਊ) ਸਮੇਂ ਵਿਚ ਹਰੀ ਦੇ ਨਾਮ ਧਨ ਨਾਲ ਹਰੀ ਦੇ ਭਗਤਾਂ ਨੇ ਲਿਵ ਲਾਈ ਹੈ।ਅੰਮ੍ਰਿਤ ਵੇਲੇ ਦੇ ਵਤਰ ਵਾਲੇ ਸਮੇਂ ਦਾ ਨਾਮ ਧਨ ਬੀਜਿਆ ਹੋਇਆ (ਇਤਨਾ ਫਲਿਆ ਕਿ) ਭਗਤ ਲੋਕ ਆਪ ਖਾ ਖਾ ਕੇ ਹੋਰਨਾਂ ਨੂੰ ਦੇ ਦੇ ਕੇ ਵੰਡ ਰਹੇ ਹਨ (ਆਪ ਜਪਦੇ ਹਨ ਤੇ ਹੋਰਨਾਂ ਨੂੰ ਵੀ ਜਪਾ ਰਹੇ ਹਨ, ਪਰ ਉਨ੍ਹਾਂ ਪਾਸੋਂ ਇਹ ਧਨ) ਮੁੱਕਦਾ ਨਹੀਂ।(ਇਸੇ ਕਰਕੇ) ਭਗਤਾਂ ਨੂੰ ਇਸ ਲੋਕ ਵਿਚ ਤੇ ਪ੍ਰਲੋਕ ਵਿਚ ਹਰੀ ਦੇ ਨਾਮ ਦੀ ਵਡਿਆਈ ਮਿਲੀ ਹੈ।੩।

ਪਦਾਰਥ = ਆਰਾਧੀਐ–ਯਾਦ ਕਰੀਏ।ਤਿਥੈ–ਉਥੇ ਹੀ।ਮਿਤੁ–ਮਿਤ੍ਰ।ਸਹਾਈ–ਮੱਦਤ ਕਰਨ ਵਾਲਾ।ਤੇ–ਤੋਂ; ਨਾਲ।ਮਨਿ–ਮਨ ਵਿਚ।ਹੋਰਤੁ ਬਿਧਿ–ਹੋਰ ਕਿਸੇ ਤਰੀਕੇ ਨਾਲ।ਲਇਆ ਨ ਜਾਈ–ਪ੍ਰਾਪਤ ਨਹੀਂ ਕੀਤਾ ਜਾ ਸਕਦਾ।੧।ਹਰਿ ਧਨੁ–ਹਰੀ ਦਾ ਨਾਮ ਧਨ।ਸੰਚੀਐ–ਇਕੱਠਾ ਕਰਨਾ ਚਾਹੀਦਾ ਹੈ।ਭਾਈ–ਹੇ ਭਾਈ!।ਜਿ ਹਰਿ–ਜਿਹੜਾ ਹਰੀ।ਹਲਤਿ–ਇਸ ਲੋਕ ਵਿਚ।ਪਲਤਿ–ਪ੍ਰਲੋਕ ਵਿਚ।ਹੋਇ ਸਖਾਈ–ਸਹਾਈ ਹੁੰਦਾ ਹੈ; ਮਿਤ੍ਰ ਬਣਦਾ ਹੈ।੧।ਰਹਾਉ।ਸੰਗਿ–ਨਾਲ।ਖਟੀਐ–ਕਮਾਇਆ ਜਾ ਸਕਦਾ ਹੈ।ਹੋਰ ਥੈ–ਕਿਸੇ ਹੋਰ ਥਾਂ ਤੋਂ।ਹੋਰਤੁ ਉਪਾਇ–ਕਿਸੇ ਹੋਰ ਜਤਨ ਨਾਲ।ਕਿਤੈ–ਕਿਸੇ ਥਾਂ ਤੋਂ।ਨ ਪਾਈ–ਪ੍ਰਾਪਤ ਨਹੀਂ ਹੁੰਦਾ।ਵਾਪਾਰੀਆ–

ਵਪਾਰ ਕਰਨ ਵਾਲਾ ਵਪਾਰੀ।ਵਿਹਾਝੇ-ਖ਼੍ਰੀਦਦਾ ਹੈ।ਕਚੈ ਕੇ-ਨਾਸ਼ਵੰਤ ਧਨ ਦੇ; ਕੰਚ ਦੇ।ਵਾਕਿ-ਗੱਲਾਂ ਨਾਲ (ਵਾ ਕਿ-ਉਨ੍ਹਾਂ ਪਾਸੋਂ)।੨।ਜਵੇਹਰੁ -ਜਵਾਹਰ (ਕੀਮਤੀ ਰਤਨ)।ਮਾਣਕੁ-ਲਾਲ ਰੰਗ ਦਾ ਕੀਮਤੀ ਪੱਥਰ; ਮੋਤੀ।ਵੇਲੈ-ਸਮੇਂ ਦਾ।ਵਤੈ-ਜਮੀਨ ਦੀ ਉਹ ਹਾਲਤ, ਜਦ ਨਾ ਬਹੁਤੀ ਗਿੱਲੀ ਤੇ ਨਾ ਬਹੁਤੀ ਸੁੱਕੀ ਹੋਵੇ, ਬੀਜਣ ਯੋਗ ਹਾਲਤ (ਨਾਮ ਜਪਣ ਦਾ ਯੋਗ ਸਮਾਂ)।ਹਰਿ ਭਗਤੀ-ਹਰੀ ਦੇ ਭਗਤਾਂ ਨੇ ।ਲਿਵ ਲਾਈ-ਸੁਰਤ ਜੋੜੀ।ਨਿਖੁਟੈ ਨਾਹੀ-ਮੁੱਕਦਾ ਨਹੀਂ।ਕਉ-ਨੂੰ।੩।

ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ, ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ, ਕਿਸੈ ਕਾ ਗਵਾਇਆ ਨ ਜਾਈ ॥ ਹਰਿ ਧਨ ਕਉ ਉਚਕਾ ਨੇੜਿ ਨ ਆਵਈ, ਜਮੁ ਜਾਗਾਤੀ ਡੰਡੁ ਨ ਲਗਾਈ ॥੪॥ ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ, ਤਿਨਾ ਇਕ ਵਿਖ ਨਾਲਿ ਨ ਜਾਈ ॥ ਹਲਤੈ ਵਿਚਿ ਸਾਕਤ ਦੁਹੇਲੇ ਭਏ, ਹਥਹੁ ਛੁੜਕਿ ਗਇਆ, ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ ॥੫॥ ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ ,ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ ॥ ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ, ਜਨ ਨਾਨਕ ਕਉ ਗੁਰਿ ਸੋਝੀ ਪਾਈ ॥੩॥੩॥੧੦॥ (ਹੇ ਭਾਈ!) ਹਰੀ ਦੇ ਨਾਮ ਧਨ ਨੂੰ ਕਿਸੇ ਕਿਸਮ ਦਾ ਡਰ ਨਹੀਂ, (ਇਹ) ਸੱਚਾ ਧਨ ਸਦਾ ਸਦਾ ਸਥਿਰ ਰਹਿਣ ਵਾਲਾ ਹੈ, (ਕਿਉਂਕਿ) ਇਹ ਜੋ ਹਰੀ ਦਾ ਨਾਮ ਧਨ ਹੈ, (ਇਸ ਨੂੰ) ਅੱਗ ਸਾੜ ਨਹੀਂ ਸਕਦੀ, ਚੋਰ ਚੋਰੀ ਨਹੀਂ ਕਰ ਸਕਦੇ, ਪਾਣੀ ਡੋਬ ਨਹੀਂ ਸਕਦਾ ਅਤੇ ਜਮਦੂਤ ਆਦਿ ਕਿਸੇ ਦਾ ਗਵਾਇਆ (ਗੁਆਚ) ਨਹੀਂ ਜਾਂਦਾ।ਹਰੀ ਦੇ ਨਾਮ ਧਨ ਨੂੰ ਚੁੱਕ ਕੇ ਲੈ ਜਾਣ ਵਾਲਾ ਕੋਈ ਠੱਗ ਨੇੜੇ ਨਹੀਂ ਆਉਂਦਾ ਅਤੇ ਟੈਕਸ ਲਾਉਣ ਵਾਲਾ ਜਮ ਵੀ (ਇਸ ਨੂੰ) ਦੰਡ ਨਹੀਂ ਲਗਾ ਸਕਦਾ।੪।(ਹੇ ਭਾਈ!) ਸਾਕਤਾਂ ਨੇ ਪਾਪ ਕਰਮ ਕਰਕੇ (ਵਿਸ਼ੇ ਵਿਕਾਰ ਪੈਦਾ ਕਰਨ ਵਾਲਾ) ਵਿਹੁ ਰੂਪ ਧਨ ਇਕੱਠਾ ਕੀਤਾ ਹੈ, (ਜੋ ਸੰਸਾਰ ਤੋਂ ਤੁਰਨ ਵੇਲੇ) ਇਕ ਕਦਮ ਵੀ ਉਨ੍ਹਾਂ ਦੇ ਨਾਲ ਨਹੀਂ ਜਾਂਦਾ।(ਜਦੋਂ ਇਹ ਧਨ) ਉਨ੍ਹਾਂ ਦੇ ਹੱਥੋਂ ਛੁਟ ਗਿਆ ਤਾਂ ਇਸ ਲੋਕ ਵਿਚ ਸਾਕਤ ਦੁਖੀ ਹੁੰਦੇ ਹਨ, ਅੱਗੇ ਪ੍ਰਲੋਕ ਵਿਚ, ਹਰੀ ਦੀ ਦਰਗਾਹ ਵਿਚ ਵੀ ਸਾਕਤ ਲੋਕਾਂ ਨੂੰ ਢੋਈ ਪ੍ਰਾਪਤ ਨਹੀਂ ਹੁੰਦੀ।੫।ਹੇ ਸੰਤ ਜਨੋਂ! ਇਸ ਹਰਿ ਨਾਮ ਧਨ ਦਾ ਸ਼ਾਹ (ਮਾਲਕ) ਹਰੀ ਆਪ ਹੈ, ਜਿਸ ਮਨੁੱਖ ਨੂੰ (ਹਰੀ ਇਹ ਨਾਮ ਧਨ ਕ੍ਰਿਪਾ ਕਰਕੇ) ਦੇਂਦਾ ਹੈ, ਉਹ ਹਰੀ ਦਾ ਨਾਮ ਧਨ (ਹਿਰਦੇ ਵਿਚ) ਲੱਦ ਕੇ (ਇਥੋਂ) ਲੈ ਜਾਂਦਾ ਹੈ।ਦਾਸ ਨਾਨਕ ਨੂੰ ਗੁਰੂ ਨੇ ਇਹ ਸੋਝੀ ਬਖਸ਼ੀ ਹੈ ਕਿ ਇਸ ਹਰਿ ਨਾਮ ਧਨ ਦਾ ਤੋਟਾ ਕਦੇ ਨਹੀਂ ਆਉਂਦਾ।੫।੩।੧੦।

ਪਦਾਰਥ = ਨਿਰਭਉ-ਡਰ ਰਹਿਤ।ਅਸਥਿਰੁ-ਸਦਾ ਕਾਇਮ ਰਹਿਣ ਵਾਲਾ; ਨਾਸ਼ ਰਹਿਤ।ਅਗਨੀ-ਅੱਗ।ਤਸਕਰੈ-ਚੋਰਾਂ ਤੋਂ ।ਕਉ-ਨੂੰ।ਉਚਕਾ (ਉਚੱਕਾ ਬੋਲੋ)-ਚੁੱਕ ਕੇ ਲੈ ਜਾਣ ਵਾਲਾ ਠੱਗ ਲੁਟੇਰਾ।ਜਾਗਾਤੀ-ਟੈਕ ਲੈਣ ਵਾਲਾ।ਡੰਡੁ-ਸਜਾ; ਟੈਕਸ।੪। ਸਾਕਤੀ (ਸਾਕਤੀਂ)-ਮਾਇਆ ਵਿਚ ਫਸੇ ਮਨਮੁੱਖਾਂ ਨੇ।ਬਿਖਿਆ ਧਨ-ਵਿਹੁ ਰੂਪ ਵਿਸ਼ਿਆਂ ਵਾਲਾ ਧਨ।ਸੰਚਿਆ-ਇਕੱਠਾ ਕੀਤਾ। ਤਿਨਾ-ਉਨ੍ਹਾਂ ਦੇ।ਵਿਖ-ਕਦਮ।ਹਲਤੈ ਵਿਚਿ-ਇਸ ਲੋਕ ਵਿਚ।ਦੁਹੇਲੇ ਭਏ-ਦੁਖੀ ਹੁੰਦੇ ਹਨ।ਹਥਹੁ-ਹੱਥ ਵਿਚੋਂ।ਛੁੜਕਿ ਗਇਆ-ਨਿਕਲ (ਛੁਟ) ਗਿਆ।ਅਗੈ ਪਲਤਿ-ਅੱਗੇ ਪ੍ਰਲੋਕ ਵਿਚ।ਢੋਈ-ਆਸਰਾ।੫।ਸਾਹੁ-ਸ਼ਾਹ (ਮਾਲਕ)।ਸੰਤਹੁ-ਹੇ ਸੰਤੋ!।ਦੇਇ-ਦੇਂਦਾ ਹੈ।ਸੁ-ਉਹ।ਲਦਿ ਚਲਾਈ-ਲੱਦ ਕੇ ਲੈ ਚਲਦਾ ਹੈ।ਤੋਟਾ-ਘਾਟਾ।ਗੁਰਿ-ਗੁਰੂ ਨੇ।ਸੋਝੀ ਪਾਈ-ਸਮਝ ਬਖਸ਼ੀ ਹੈ।੬।੩। ੧੦।

ਸੂਹੀ ਮਹਲਾ ੪ ਜਿਸ ਨੋ ਹਰਿ ਸੁਪ੍ਰਸੰਨੁ ਹੋਇ, ਸੋ ਹਰਿ ਗੁਣਾ ਰਵੈ, ਸੋ ਭਗਤੁ ਸੋ ਪਰਵਾਨੁ ॥ ਤਿਸ ਕੀ ਮਹਿਮਾ ਕਿਆ ਵਰਨੀਐ, ਜਿਸ ਕੈ ਹਿਰਦੈ ਵਸਿਆ ਹਰਿ ਪੁਰਖੁ ਭਗਵਾਨੁ ॥੧॥ ਗੋਵਿੰਦ ਗੁਣ ਗਾਈਐ ਜੀਉ ,ਲਾਇ ਸਤਿਗੁਰੂ ਨਾਲਿ ਧਿਆਨੁ ॥੧॥ਰਹਾਉ॥ ਸੋ ਸਤਿਗੁਰੂ ਸਾ ਸੇਵਾ ਸਤਿਗੁਰ ਕੀ ਸਫਲ ਹੈ, ਜਿਸ ਤੇ ਪਾਈਐ ਪਰਮ ਨਿਧਾਨੁ ॥ ਜੋ ਦੂਜੈ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ, ਸੋ ਨਿਹਫਲ ਸਭੁ ਅਗਿਆਨੁ ॥੨॥ ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ, ਸੋ ਪਾਵੈ ਦਰਗਹ ਮਾਨੁ ॥ ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ, ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥੩॥ ਜੇਤਾ ਜੀਉ ਪਿੰਡੁ ਸਭੁ ਤੇਰਾ, ਤੂੰ ਅਤਰਜਾਮੀ ਪੁਰਖੁ ਭਗਵਾਨੁ ॥ ਦਾਸਨਿ ਦਾਸੁ ਕਹੈ ਜਨੁ ਨਾਨਕੁ , ਜੇਹਾ ਤੂੰ ਕਰਾਇਹਿ ਤੇਹਾ ਹਉ ਕਰੀ ਵਖਿਆਨੁ ॥੪॥੪॥੧੧॥ (ਹੇ ਭਾਈ!) ਜਿਸ ਮਨੁੱਖ ਉਤੇ ਹਰੀ ਬਹੁਤ ਪ੍ਰਸੰਨ ਹੁੰਦਾ ਹੈ, ਉਹ ਹਰੀ ਦੇ ਗੁਣ ਗਾਉਂਦਾ ਹੈ, ਉਹ (ਹਰੀ ਦਾ ਅਸਲੀ) ਭਗਤ ਹੈ ਅਤੇ ਉਹ (ਹੀ ਹਰੀ ਦੇ ਦਰ ਤੇ) ਪ੍ਰਵਾਨ ਹੈ।ਉਸ ਮਨੁੱਖ ਦੀ ਮਹਿਮਾਂ ਕੀ ਵਰਨਣ ਕਰੀਏ? ਜਿਸ ਦੇ ਹਿਰਦੇ ਵਿਚ ਹਰੀ ਭਗਵਾਨ ਪੁਰਖ ਵਸਿਆ ਹੈ।੧।ਹੇ ਪਿਆਰੇ ਜੀ! ਸਤਿਗੁਰੂ (ਦੇ ਚਰਨਾਂ) ਨਾਲ ਧਿਆਨ ਲਾ ਕੇ ਗੋਬਿੰਦ ਦੇ ਗੁਣ ਗਾਉਣੇ ਚਾਹੀਦੇ ਹਨ।੧।ਰਹਾਉ ।ਉਹ ਸਤਿਗੁਰੂ ਹੈ ਅਤੇ ਸਤਿਗੁਰੂ ਦੀ ਉਹ ਸੇਵਾ ਕੀਤੀ ਸਫਲ ਹੈ, ਜਿਸ ਤੋਂ (ਨਾਮ ਦਾ) ਉਤਮ ਖਜਾਨਾ ਪਾਈਦਾ ਹੈ।ਜਿਹੜੇ ਸਾਕਤ ਲੋਕ ਦ੍ਵੈਤ ਭਾਵ ਵਿਚ ਲਗ ਕੇ ਇੱਛਾਵਾਂ ਦੀ ਪੂਰਤੀ ਵਾਸਤੇ ਮੰਦ ਵਾਸ਼ਨਾ ਦਾ ਸੇਵਨ ਕਰਦੇ (ਵਿਸ਼ੇ ਵਿਕਾਰਾਂ ਵਿਚ

ਫਸ ਜਾਂਦੇ) ਹਨ, ਉਹ ਸਾਰਾ ਜੀਵਨ ਨਿਸਫਲ ਗਵਾ ਲੈਂਦੇ ਹਨ ਅਤੇ (ਉਨ੍ਹਾਂ ਦਾ ਜੀਵਨ) ਬੇਸਮਝੀ ਵਾਲਾ ਹੁੰਦਾ ਹੈ।੨।(ਹੇ ਭਾਈ! ਗੁਰੂ ਉਤੇ) ਜਿਸ ਮਨੁੱਖ ਨੂੰ ਭਰੋਸਾ ਹੁੰਦਾ ਹੈ, ਉਸ ਦਾ (ਹਰੀ ਜਸ) ਗਾਇਆ ਥਾਂਇ ਪੈਂਦਾ (ਪ੍ਰਵਾਨ ਹੁੰਦਾ) ਹੈ ਅਤੇ ਉਹ ਹਰੀ ਦੀ ਦਰਗਾਹ ਵਿਚ ਆਦਰ ਪਾਉਂਦਾ ਹੈ।ਜਿਹੜੇ ਕਪਟੀ ਮਨੁੱਖ (ਗੁਰੂ ਉਤੇ) ਭਰੋਸਾ ਰੱਖੇ ਤੋਂ ਬਿਨਾ ਝੂਠੀਂ ਮੂਠੀਂ ਅੱਖਾਂ ਮੀਟਦੇ (ਬਗੁਲ ਸਮਾਧੀ ਲਾਉਂਦੇ) ਹਨ, ਉਨ੍ਹਾਂ ਦਾ (ਤਪੀ ਅਤੇ ਧਿਆਨੀ ਹੋਣ ਦਾ) ਝੂਠਾ ਹੰਕਾਰ ਉਤਰ ਜਾਇਗਾ।੩।(ਹੇ ਭਾਈ! ਪਖੰਡ ਤੇ ਹੰਕਾਰ ਛਡ ਕੇ ਇਸ ਤਰ੍ਹਾਂ ਬੇਨਤੀ ਕਰੋ ਕਿ ਹੇ ਪ੍ਰਭੂ! ਸਾਡੇ ਪਾਸ) ਸਰੀਰ, ਮਨ (ਤੇ ਹੋਰ) ਜਿਤਨਾ ਕੁਝ ਹੈ, (ਉਹ ਸਭ) ਤੇਰਾ ਦਿਤਾ ਹੋਇਆ ਹੈ ਅਤੇ ਤੂੰ ਸਭ ਦੇ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ ਸਰਬ ਵਿਆਪਕ ਭਗਵਾਨ ਹੈਂ।ਦਾਸ ਨਾਨਕ ਆਖਦਾ ਹੈ ਕਿ ਮੈਂ ਤੇਰੇ ਦਾਸਾਂ ਦਾ ਦਾਸ ਹਾਂ, ਮੈਂ ਉਹੋ ਜਿਹਾ ਵਖਿਆਨ ਕਰਦਾ ਹਾਂ, ਜਿਹੋ ਜਿਹਾ ਤੂੰ ਮੈਰੇ ਕੋਲੋਂ ਕਰਾਉਂਦਾ ਹੈਂ।੪।੪।੧੧।

ਪਦਾਰਥ = ਜਿਸ ਨੋ–ਜਿਸ ਨੂੰ (ਉਤੇ)।ਸੁਪ੍ਰਸੰਨੁ–ਬਹੁਤ ਖੁਸ਼।ਸੋ–ਉਹ।ਪਰਵਾਨ–ਪ੍ਰਮਾਣੀਕ।ਰਵੈ–ਉਚਾਰਦਾ (ਗਾਉਂਦਾ) ਹੈ।ਤਿਸ ਕੀ–ਉਸ ਦੀ।ਮਹਿਮਾ–ਵਡਿਆਈ।ਵਰਨੀਐ–ਬਿਆਨ ਕਰੀਏ।ਕੈ–ਦੇ।ਹਿਰਦੈ–ਹਿਰਦੇ ਵਿਚ।੧।ਗਾਈਐ–ਗਾਉਣੇ ਚਾਹੀਦੇ ਹਨ।ਜੀਉ–ਹੇ ਪਿਆਰੇ ਜੀ!।ਲਾਇ–ਲਾ ਕੇ।੧।ਰਹਾਉ।ਸੋ–ਉਹ।ਸਾ–ਉਹ।ਤੇ–ਤੋਂ।ਪਰਮ ਨਿਧਾਨੁ–ਉਤਮ ਖਜਾਨਾ। ਦੂਜੈ ਭਾਇ–ਦ੍ਵੈਤ ਭਾਵ ਵਿਚ।ਸਾਕਤ–ਮਾਇਆ ਵਿਚ ਫਸਿਆ ਮਨਮੁਖ।ਕਾਮਨਾ–ਇਛਾਵਾਂ; ਵਾਸ਼ਨਾਵਾਂ।ਅਰਥਿ–ਵਾਸਤੇ।ਦੁਰਗੰਧ –ਮੰਦ ਵਾਸ਼ਨਾ; ਵਿਸ਼ੇ ਵਿਕਾਰ।ਸਰਵਦੇ–ਸੇਵਨ ਕਰਦੇ ਹਨ।ਨਿਹਫਲ–ਨਿਸਫਲ।੨।ਪਰਤੀਤਿ–ਭਰੋਸਾ; ਸ਼ਰਧਾ।ਥਾਇ ਪਵੈ– ਪ੍ਰਵਾਨ ਹੁੰਦਾ ਹੈ।ਮਾਨੁ–ਆਦਰ।ਪਰਤੀਤੀ–ਭਰੋਸਾ।ਕਪਟੀ–ਫਰੇਬੀ।ਕੂੜੀ ਕੂੜੀ–ਝੂਠੀ ਮੂਠੀ।ਅਖੀ–ਅੱਖਾਂ।ਉਨ ਕਾ–ਉਨ੍ਹਾਂ ਦਾ। ਗੁਮਾਨੁ–ਹੰਕਾਰ।੩।ਜੇਤਾ–ਜਿਤਨਾ ਵੀ।ਜੀਉ–ਮਨ; ਜਿੰਦ।ਪਿੰਡੁ–ਸਰੀਰ।ਅੰਤਰਜਾਮੀ–ਸਭ ਦੇ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ।ਦਾਸਨਿ ਦਾਸ–ਦਾਸਾਂ ਦਾ ਦਾਸ।ਜੇਹਾ–ਜਿਹੋ ਜਿਹਾ।ਕਰਾਇਹਿ–ਕਰਾਉਂਦਾ ਹੈਂ।ਤੇਹਾ–ਉਹੋ ਜਿਹਾ।ਹਉ–ਮੈਂ।ਕਰੀ–ਕਰਦਾ ਹਾਂ।੪।੪।੧੧।

ਸੂਹੀ ਮਹਲਾ ੪ ਘਰੁ ੭ ੴ ਸਤਿਗੁਰ ਪ੍ਰਸਾਦਿ ॥ ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ, ਤੂ ਸਾਹਿਬ ਗੁਣੀ ਨਿਧਾਨਾ ॥ ਹੇ ਮਾਲਕ ਪ੍ਰਭੂ! ਤੂੰ ਗੁਣਾਂ ਦਾ ਭੰਡਾਰ ਹੈਂ, ਮੈਂ (ਸਮਰੱਥਾ ਹੀਣ ਮਨੁੱਖ) ਤੇਰੇ ਕਿਹੜੇ ਕਿਹੜੇ ਗੁਣ ਕਹਿ ਕਹਿ ਕੇ ਗਾਵਾਂ?

ਅੰਗ ੭੩੫ = ਤੁਮਰੀ ਮਹਿਮਾ ਬਰਨਿ ਨ ਸਾਕਉ ,ਤੂੰ ਠਾਕੁਰ ਊਚ ਭਗਵਾਨਾ ॥੧॥ ਮੈ ਹਰਿ ਹਰਿ ਨਾਮੁ ਧਰ ਸੋਈ ॥ ਜਿਉ ਭਾਵੈ ਤਿਉ ਰਾਖੁ ਮੇਰੇ ਸਾਹਿਬ, ਮੈ ਤੁਝ ਬਿਨੁ ਅਵਰੁ ਨ ਕੋਈ ॥੧॥ਰਹਾਉ॥ ਮੈ ਤਾਣੁ ਦੀਬਾਣੁ ਤੂ ਹੈ ਮੇਰੇ ਸੁਆਮੀ, ਮੈ ਤੁਧੁ ਆਗੈ ਆਰਦਾਸਿ ॥ ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ, ਮੇਰਾ ਦੁਖੁ ਸੁਖੁ ਤੁਝ ਹੀ ਪਾਸੇ ॥੨॥ ਵਿਚੇ ਧਰਤੀ ਵਿਚੇ ਪਾਣੀ, ਵਿਚਿ ਕਾਸਟ ਅਗਨਿ ਧਰੀਜੈ ॥ ਬਕਰੀ ਸਿੰਘੁ ਇਕਤੈ ਥਾਇ ਰਾਖੈ, ਮਨ ਹਰਿ ਜਪਿ ਭ੍ਰਮੁ ਭਉ ਦੂਰਿ ਕੀਜੈ ॥੩॥ ਹਰਿ ਕੀ ਵਡਿਆਈ ਦੇਖਹੁ ਸੰਤਹੁ ,ਹਰਿ ਨਿਮਾਣਿਆ ਮਾਣੁ ਦੇਵਾਏ ॥ ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ, ਤਿਉ ਨਾਨਕ ਸਾਧ ਜਨਾ ਜਗਤੁ ਆਣਿ ਸਭੁ ਪੈਰੀ ਪਾਏ ॥੪॥੧॥੧੨॥ ਮੈਂ ਤੇਰੀ ਮਹਿਮਾਂ ਵਰਨਣ ਨਹੀਂ ਕਰ ਸਕਦਾ, ਤੂੰ (ਸਭ ਦਾ) ਮਾਲਕ ਸਭ ਤੋਂ ਉਚਾ ਭਗਵਾਨ ਹੈਂ। ੧।(ਹੇ ਭਾਈ!) ਜੋ ਹਰੀ ਦਾ ਨਾਮ ਹੈ, ਉਹ ਹੀ ਮੇਰਾ ਆਸਰਾ ਹੈ।ਹੇ ਮੇਰੇ ਮਾਲਕ ਪ੍ਰਭੂ! ਜਿਵੇਂ ਤੈਨੂੰ ਚੰਗਾ ਲਗਦਾ ਹੈ, ਤਿਵੇਂ ਮੇਰੀ ਰੱਖਿਆ ਕਰ, (ਕਿਉਂਕਿ) ਮੇਰਾ ਤੇਰੇ ਬਿਨਾ ਹੋਰ ਕੋਈ ਆਸਰਾ ਨਹੀਂ ਹੈ।੧।ਰਹਾਉ।ਹੇ ਮੇਰੇ ਮਾਲਕ! ਮੇਰਾ (ਸਰੀਰਕ) ਬਲ ਤੇ ਆਸਰਾ ਤੂੰ ਹੀ ਹੈਂ, (ਇਸ ਲਈ) ਮੈਂ ਤੇਰੇ ਅੱਗੇ ਹੀ ਅਰਦਾਸ ਕਰਦਾ ਹਾਂ।ਮੈਂਨੂੰ ਹੋਰ ਕੋਈ ਥਾਂ ਨਹੀਂ ਦਿਸਦੀ, ਜਿਸ ਪਾਸ ਮੈਂ ਬੇਨਤੀ ਕਰਾਂ, ਮੇਰਾ ਦੁਖ ਤੇ ਸੁਖ ਤੇਰੇ ਪਾਸ ਹੀ (ਸੁਣਿਆ ਜਾਂਦਾ) ਹੈ।੨।(ਹਰੀ ਦੀ ਵਡਿਆਈ ਤੇ ਕਰਾਮਾਤ ਦਾ ਨਮੂਨਾ ਦੇਂਦੇ ਹਨ, ਪ੍ਰਭੂ ਨੇ) ਧਰਤੀ ਵਿਚ ਪਾਣੀ, ਪਾਣੀ ਵਿਚ ਧਰਤੀ ਅਤੇ ਲੱਕੜੀ ਵਿਚ ਅੱਗ ਰੱਖੀ ਹੋਈ ਹੈ (ਵਿਰੋਧੀ ਤੱਤ ਇਕੋ ਥਾਂ ਰਹਿੰਦੇ ਹਨ।ਇਹ ਇਉਂ ਸਮਝੋ ਕਿ) ਬੱਕਰੀ ਤੇ ਸ਼ੇਰ ਇਕੋ ਹੀ ਥਾਂ ਵਿਚ ਰੱਖੇ ਹੋਏ ਹਨ (ਪਾਣੀ ਧਰਤੀ ਨੂੰ ਗਾਲਦਾ ਨਹੀ ਤੇ ਨਾ ਹੀ ਡੋਬਦਾ ਹੈ, ਅੱਗ ਲੱਕੜੀ ਨੂੰ ਸਾੜਦੀ ਨਹੀਂ, ਐਸੀ ਸਮਰੱਥਾ ਦੇਖ ਕੇ) ਹੇ ਮਨ! ਹਰੀ ਦਾ ਨਾਮ ਜਪ ਕੇ ਅਪਣਾ ਭਰਮ ਤੇ ਡਰ ਦੂਰ ਕਰ ਲੈ।੩।ਹੇ ਸੰਤ ਜਨੋਂ! ਹਰੀ ਦੀ ਵਡਿਆਈ ਦੇਖੋ, ਹਰੀ ਨਿਮਾਣਿਆਂ ਨੂੰ ਮਾਣ ਦਿਵਾਉਂਦਾ ਹੈ।ਜਿਵੇਂ ਧਰਤੀ ਪੈਰਾਂ ਦੇ ਥੱਲਿਓਂ (ਧੂੜ ਬਣ ਕੇ ਸਭ ਦੇ) ਉਪਰ ਆ ਪੈਂਦੀ ਹੈ; (ਮਰਨ ਉਪਰਾਂਤ) ਉਪਰ ਆ ਜਾਂਦੀ ਹੈ {ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ੧੩੭੮}, ਤਿਵੇਂ ਹਰੀ ਸਾਰੇ ਜਗਤ ਨੂੰ ਲਿਆ ਕੇ (ਨਿਮ੍ਰਤਾ ਵਾਲੇ) ਸਾਧੂ ਜਨਾਂ ਦੇ ਪੈਰੀਂ ਪਾ ਦੇਂਦਾ ਹੈ।੪।੧।੧੨।

ਪਦਾਰਥ = ਕਵਨ ਕਵਨ–ਕਿਹੜੇ ਕਿਹੜੇ।ਕਹਿ ਕਹਿ–ਬੋਲ ਬੋਲ ਕੇ।ਗਾਵਾ–ਮੈਂ ਗਾਵਾਂ।ਸਾਹਿਬ–ਮਾਲਕ ਪ੍ਰਭੂ।ਗੁਣੀ ਨਿਧਾਨਾ– ਗੁਣਾਂ ਦਾ ਭੰਡਾਰ।ਮਹਿਮਾ–ਵਡਿਆਈ।ਬਰਨਿ ਨ ਸਾਕਉ–ਮੈਂ ਵਰਨਣ ਨਹੀਂ ਕਰ ਸਕਦਾ।ਠਾਕੁਰ–ਮਾਲਕ।੧।ਧਰ–ਆਸਰਾ।

ਮੈ–ਮੇਰਾ।ਸੋਈ–ਉਹ ਹੀ।ਭਾਵੈ–ਚੰਗਾ ਲਗਦਾ ਹੈ।ਅਵਰੁ–ਹੋਰ।੧।ਰਹਾਉ।ਤਾਣੁ–(ਸਰੀਰ ਦਾ) ਜੋਰ।ਦੀਬਾਣੁ–ਆਸਰਾ; ਹਾਕਮ (ਜਿਸ ਪਾਸ ਫਰਿਆਦ ਕਰੀਦੀ ਹੈ)।ਸੁਆਮੀ–ਹੇ ਮਾਲਕ!।ਤੁਧੁ ਆਗੈ–ਤੇਰੇ ਅੱਗੇ।ਪਹਿ–ਪਾਸ।ਕਰਉ–ਮੈਂ ਕਰਾਂ।ਪਾਸੇ (ਪਾਸਿ) –ਪਾਸ।੨।ਵਿਚੇ–ਵਿਚ।ਕਾਸਟ–ਲੱਕੜੀ।ਅਗਨਿ–ਅੱਗ।ਧਰੀਜੈ–ਧਰੀ (ਰੱਖੀ) ਹੋਈ ਹੈ।ਸਿੰਘੁ–ਸ਼ੇਰ।ਇਕਤੈ ਥਾਇ–ਇਕੋ ਹੀ ਥਾਂ ਵਿਚ।ਮਨ–ਹੇ ਮਨ!।ਭ੍ਰਮੁ ਭਉ–ਭਰਮ ਤੇ ਡਰ।ਕੀਜੈ–ਕਰ ਲੈ।੩।ਸੰਤਹੁ–ਹੇ ਸੰਤੋਂ!।ਮਾਣੁ–ਆਦਰ।ਦੇਵਾਏ–ਦਿਵਾਉਂਦਾ ਹੈ ।ਚਰਣ ਤਲੇ ਤੇ–ਪੈਰਾਂ ਦੇ ਥੱਲੇ ਤੋਂ।ਆਣਿ–ਲਿਆ ਕੇ।ਪੈਰੀ ਪਾਏ–ਪੈਰੀਂ ਪਾ ਦੇਂਦਾ ਹੈ।੪।੧।੧੨।

ਸੂਹੀ ਮਹਲਾ ੪ ॥ ਤੂੰ ਕਰਤਾ ਸਭੁ ਕਿਛੁ ਆਪੇ ਜਾਣਹਿ, ਕਿਆ ਤੁਧੁ ਪਹਿ ਆਖਿ ਸੁਣਾਈਐ ॥ ਬੁਰਾ ਭਲਾ ਤੁਧੁ ਸਭੁ ਕਿਛੁ ਸੁਝੈ, ਜੇਹਾ ਕੋ ਕਰੇ ਤੇਹਾ ਕੋ ਪਾਈਐ ॥੧॥ ਮੇਰੇ ਸਾਹਿਬ, ਤੂੰ ਅੰਤਰ ਕੀ ਬਿਧਿ ਜਾਣਹਿ ॥ ਬੁਰਾ ਭਲਾ ਤੁਧੁ ਸਭੁ ਕਿਛੁ ਸੁਝੈ, ਤੁਧੁ ਭਾਵੈ ਤਿਵੈ ਬੁਲਾਵਹਿ ॥੧॥ਰਹਾਉ॥ ਸਭੁ ਮੋਹੁ ਮਾਇਆ ਸਰੀਰੁ ਹਰਿ ਕੀਆ, ਵਿਚਿ ਦੇਹੀ ਮਾਨੁਖ ਭਗਤਿ ਕਰਾਈ ॥ ਇਕਨਾ ਸਤਿਗੁਰੁ ਮੇਲਿ ਸੁਖੁ ਦੇਵਹਿ, ਇਕਿ ਮਨਮੁਖਿ ਧੰਧੁ ਪਿਟਾਈ ॥੨॥ ਸਭੁ ਕੋ ਤੇਰਾ ਤੂੰ ਸਭਨਾ ਕਾ ਮੇਰੇ ਕਰਤੇ, ਤੁਧੁ ਸਭਨਾ ਸਿਰਿ ਲਿਖਿਆ ਲੇਖੁ ॥ ਜੇਹੀ ਤੂੰ ਨਦਰਿ ਕਰਹਿ, ਤੇਹਾ ਕੋ ਹੋਵੈ, ਬਿਨੁ ਨਦਰੀ ਨਾਹੀ ਕੋ ਭੇਖੁ ॥੩॥ ਤੇਰੀ ਵਡਿਆਈ ਤੂੰ ਹੈ ਜਾਣਹਿ, ਸਭ ਤੁਧਨੋ ਨਿਤ ਧਿਆਏ ॥ ਜਿਸ ਨੋ ਤੁਧੁ ਭਾਵੈ ਤਿਸ ਨੋ ਤੂੰ ਮੇਲਹਿ, ਜਨ ਨਾਨਕ ਸੋ ਥਾਇ ਪਾਏ ॥੪॥੨॥੧੩॥ (ਹੇ ਪ੍ਰਭੂ!) ਤੂੰ ਜਗਤ ਨੂੰ ਪੈਦਾ ਕਰਨਵਾਲਾ ਹੈਂ, (ਅਸੀਂ ਅਪਨਾ ਦੁਖ) ਤੇਰੇ ਪਾਸ ਬੋਲ ਕੇ ਕੀ ਸੁਣਾਈਏ? (ਕਿਉਂਕਿ ਤੂੰ) ਆਪੇ ਸਭ ਕੁਛ ਜਾਣਦਾ ਹੈਂ।(ਕਿਹੜਾ ਜੀਵ) ਬੁਰਾ ਹੈ, ਕਿਹੜਾ ਚੰਗਾ ਹੈ, ਸਭ ਕੁਛ ਤੈਨੂੰ ਪਤਾ ਹੈ, (ਇਸੇ ਕਰਕੇ) ਜਿਹੋ ਜਿਹਾ ਕੋਈ ਜੀਵ ਕਰਮ ਕਰਦਾ ਹੈ, ਉਹੋ ਜਿਹਾ (ਉਹ ਅਪਨੇ ਕੀਤੇ ਕਰਮਾਂ ਦਾ ਫਲ) ਪਾ ਲੈਂਦਾ ਹੈ।੧।ਹੇ ਮੇਰੇ ਮਾਲਕ ਪ੍ਰਭੂ! ਤੂੰ (ਹਰੇਕ ਜੀਵ ਦੇ) ਅੰਦਰ ਦੀ ਹਾਲਤ ਜਾਣਦਾ ਹੈਂ। (ਜੀਵਾਂ ਦਾ ਕੀਤਾ) ਬੁਰਾ ਭਲਾ ਤੈਨੂੰ ਸਭ ਪਤਾ ਹੈ, ਜਿਵੇਂ ਤੈਨੂੰ ਚੰਗਾ ਲਗਦਾ ਹੈ, ਤਿਵੇਂ ਤੂੰ (ਜੀਵਾਂ ਨੂੰ) ਬੁਲਾਉਂਦਾ ਹੈਂ (ਚੰਗਾ ਮਨੁੱਖ ਚੰਗਾ ਤੇ ਬੁਰਾ ਮਨੁੱਖ ਬੁਰਾ ਬੋਲਦਾ ਹੈ)।੧।ਰਹਾਉ।(ਹੇ ਭਾਈ!) ਮਾਇਆ ਦਾ ਮੋਹ ਸਭ ਹਰੀ ਨੇ ਪੈਦਾ ਕੀਤਾ ਹੈ, (ਹਰੇਕ ਜੀਵ ਦਾ) ਸਰੀਰ ਵੀ ਹਰੀ ਨੇ ਹੀ ਪੈਦਾ ਕੀਤਾ ਹੈ, (ਪਰ ਉਸ ਨੇ ਅਪਣੀ) ਭਗਤੀ ਮਨੁੱਖਾ ਦੇਹੀ ਵਿਚ ਹੀ ਕਰਵਾਈ ਹੈ (ਹੋਰ ਕਿਸੇ ਜੂਨ ਵਿਚ ਭਗਤੀ ਨਹੀਂ ਹੁੰਦੀ।ਹੇ ਪ੍ਰਭੂ! ਤੂੰ) ਕਈ ਮਨੁੱਖਾਂ ਨੂੰ ਸਤਿਗੁਰੂ ਮਿਲਾ ਕੇ ਆਤਮਕ ਸੁਖ ਦੇਂਦਾ ਹੈ ਅਤੇ ਕਈ ਮਨਮੁਖਾਂ ਨੂੰ (ਉਨ੍ਹਾਂ ਦੇ ਕੀਤੇ ਕਰਮਾਂ ਕਰਕੇ) ਤੂੰ ਧੰਧ ਪਿਟਾਉਂਦਾ ਹੈਂ (ਸੰਸਾਰੀ ਵਿਹਾਰਾਂ ਵਿਚ ਪਾ ਕੇ ਖੁਆਰ ਕਰਦਾ ਹੈਂ)।੨।ਹੇ ਮੇਰੇ ਕਰਤਾਰ! ਸਭ ਕੋਈ (ਹਰੇਕ ਜੀਵ) ਤੇਰਾ ਪੈਦਾ ਕੀਤਾ ਹੋਇਆ ਹੈ ਅਤੇ ਤੂੰ ਸਭ ਦਾ ਮਾਲਕ ਹੈਂ, ਤੈਂ ਸਾਰੇ ਜੀਵਾਂ ਦੇ ਸਿਰ ਉਤੇ (ਉਨ੍ਹਾਂ ਕੀਤੇ ਕਰਮਾਂ ਦਾ) ਲੇਖ ਲਿਖਿਆ ਹੈ।(ਉਸ ਲੇਖ ਅਨੁਸਾਰ) ਜਿਹੋ ਜੇਹੀ ਤੂੰ (ਕਿਸੇ ਜੀਵ ਉਤੇ ਮੇਹਰ ਜਾਂ ਕਰੋਪੀ ਦੀ) ਨਜਰ ਕਰਦਾ ਹੈ, ਉਹੋ ਜਿਹਾ (ਉਹ ਜੀਵ ਚੰਗਾ ਜਾਂ ਮੰਦਾ) ਹੋ ਜਾਂਦਾ ਹੈ, ਤੇਰੀ ਨਜਰ ਤੋਂ ਬਿਨਾ ਕੋਈ (ਜੀਵ ਅਪਣੇ ਆਪ ਕਿਸੇ ਤਰ੍ਹਾਂ ਦਾ) ਰੂਪ ਨਹੀਂ ਕਰ ਸਕਦਾ (ਜਿਸ ਚੰਗੇ ਮੰਦੇ ਰੂਪ ਵਿਚ ਜੀਵ ਦਿਸਦਾ ਹੈ, ਇਹ ਤੇਰੀ ਮੇਹਰ ਜਾਂ ਕਰੋਪੀ ਦਾ ਹੀ ਸਿੱਟਾ ਹੈ)।੩।(ਹੇ ਪ੍ਰਭੂ!) ਤੇਰੀ ਵਡਿਆਈ ਤੂੰ ਆਪ ਹੀ ਜਾਣਦਾ ਹੈਂ, ਸਾਰਾ (ਜਗਤ) ਤੈਨੂੰ ਨਿਤ ਧਿਆਉਂਦਾ ਹੈ।ਦਾਸ ਨਾਨਕ ਆਖਦਾ ਹੈ ਕਿ ਜਿਸ (ਮਨੁੱਖ) ਨੂੰ ਤੂੰ ਚਾਹੁੰਦਾ ਹੈਂ, ਉਸ ਨੂੰ ਤੂੰ (ਅਪਣੇ ਨਾਲ) ਮਿਲਾ ਲੈਂਦਾ ਹੈਂ, ਉਹ (ਹੀ ਤੇਰੇ ਦਰਬਾਰ ਵਿਚ) ਪ੍ਰਵਾਨ ਹੁੰਦਾ ਹੈ।੪।੨।੧੩।

ਪਦਾਰਥ = ਕਰਤਾ–ਜਗਤ ਨੂੰ ਪੈਦਾ ਕਰਨ ਵਾਲਾ।ਜਾਣਹਿ–ਤੂੰ ਜਾਣਦਾ ਹੈਂ।ਤੁਧੁ ਪਹਿ–ਤੇਰੇ ਪਾਸ।ਆਖਿ–ਬੋਲ ਕੇ।ਤੁਧੁ ਸੁਝੈ–ਤੈਨੂੰ ਪਤਾ ਹੈ।ਜੇਹਾ–ਜਿਹੋ ਜਿਹਾ।ਕਰੇ–ਕਰਦਾ ਹੈ।ਤੇਹਾ–ਉਹੋ ਜਿਹਾ।ਕੋ–ਕੋਈ ਜੀਵ।ਪਾਈਐ–(ਫਲ) ਪਾ ਲੈਂਦਾ ਹੈ।੧। ਸਾਹਿਬ–ਹੇ ਮਾਲਕ ਪ੍ਰਭੂ!।ਅੰਤਰ ਕੀ–(ਹਰੇਕ ਦੇ) ਅੰਦਰ ਦੀ।ਬਿਧਿ–ਹਾਲਤ।ਭਾਵੈ–ਚੰਗਾ ਲਗਦਾ ਹੈ।ਬੁਲਾਵਹਿ–ਬੁਲਾਉਂਦਾ ਹੈਂ।੧।ਰਹਾਉ।ਹਰਿ ਕੀਆ–ਹਰੀ ਨੇ ਪੈਦਾ ਕੀਤਾ ਹੈ।ਵਿਚਿ ਦੇਹੀ ਮਾਨੁਖ–ਮਨੁੱਖਾ ਸਰੀਰ ਵਿਚ।ਕਰਾਈ–ਕਰਵਾਈ ਹੈ।ਇਕਨਾ–ਕਈਆਂ ਜੀਵਾਂ ਨੂੰ।ਇਕਿ–ਕਈਆਂ ਨੂੰ।ਧੰਧੁ ਪਿਟਾਈ–ਧੰਧਾ ਪਿਟਾਉਂਦਾ ਹੈਂ (ਸੰਸਾਰੀ ਧੰਧਿਆਂ ਵਿਚ ਫਸਾ ਕੇ ਦੁਖੀ ਕਰਦਾ ਹੈਂ) ।੨।ਸਭੁ ਕੋ–ਸਭ ਕੋਈ (ਹਰੇਕ ਜੀਵ)।ਸਭਨਾ ਕਾ–ਸਾਰੇ ਜੀਵਾਂ ਦਾ।ਕਰਤੇ–ਹੇ ਕਰਤਾਰ!।ਤੁਧੁ–ਤੈਂ।ਸਿਰਿ–ਸਿਰ ਉਤੇ।ਨਦਰਿ–ਨਜਰ।ਕੋ–ਕੋਈ। ਭੇਖੁ–(ਚੰਗੇ ਮੰਦੇ ਦਾ) ਭੇਖ (ਰੂਪ)।੩।ਸਭੁ–ਸਾਰਾ (ਜਗਤ)।ਤੁਧੁ ਨੋ–ਤੈਨੂੰ।ਨਿਤ–ਹਰ ਰੋਜ; ਸਦਾ।ਧਿਆਏ–ਧਿਆਉਂਦਾ ਹੈ।ਭਾਵੈ–ਚਾਹੁੰਦਾ ਹੈਂ।ਤਿਸ ਨੋ–ਉਸ ਨੂੰ।ਮੇਲਹਿ–ਮਿਲਾ ਲੈਂਦਾ ਹੈਂ।ਸੋ–ਉਹ।ਥਾਇ ਪਾਇ–ਪ੍ਰਵਾਨ ਹੁੰਦਾ ਹੈ।੪।੨। ੧੩।

ਸੂਹੀ ਮਹਲਾ ੪ ॥ ਜਿਨ ਕੈ ਅੰਤਰਿ ਵਸਿਆ ਮੇਰਾ ਹਰਿ ਹਰਿ, ਤਿਨ ਕੇ ਸਭਿ ਰੋਗ ਗਵਾਏ ॥ ਤੇ ਮੁਕਤ ਭਏ ਜਿਨ ਹਰਿ ਨਾਮੁ

(ਧਿਆਇਆ, ਤਿਨ ਪਵਿਤੁ ਪਰਮਪਦੁ ਪਾਏ ॥੧॥ ਮੇਰੇ ਰਾਮ, ਹਰਿ ਜਨ ਆਰੋਗ ਭਏ ॥ ਗੁਰ ਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ, ਤਿਨ ਕੇ ਹਉਮੈ ਰੋਗ ਗਏ ॥੧॥ਰਹਾਉ॥ ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ, ਵਿਚਿ ਹਉਮੈ ਕਾਰ ਕਮਾਈ ॥ ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ, ਹਰਿ ਗੁਰਮੁਖਿ ਸੋਝੀ ਪਾਈ ॥੨॥ ਹਉਮੈ ਰੋਗਿ ਸਭੁ ਜਗਤੁ ਬਿਆਪਿਆ, ਤਿਨ ਕਉ ਜਨਮ ਮਰਣ ਦੁਖੁ ਭਾਰੀ ॥ ਗੁਰ ਪਰਸਾਦੀ ਕੋ ਵਿਰਲਾ ਛੂਟੈ, ਤਿਸੁ ਜਨ ਕਉ ਹਉ ਬਲਿਹਾਰੀ ॥੩॥ ਜਿਨਿ ਸਿਸਟਿ ਸਾਜੀ ਸੋਈ ਹਰਿ ਜਾਣੈ, ਤਾ ਕਾ ਰੂਪੁ ਅਪਾਰੋ ॥ ਨਾਨਕ ਆਪੇ ਵੇਖਿ ਹਰਿ ਵਿਗਸੈ, ਗੁਰਮੁਖਿ ਬ੍ਰਹਮ ਬੀਚਾਰੋ ॥੪॥੩॥੧੪॥ (ਹੇ ਭਾਈ!) ਜਿਨ੍ਹਾਂ ਮਨੁੱਖਾਂ ਦੇ ਹਿਰਦੇ ਅੰਦਰ ਮੇਰਾ ਹਰੀ ਵਸਿਆ ਹੋਇਆ ਹੈ, ਹਰੀ ਨੇ ਉਨ੍ਹਾਂ ਦੇ ਸਾਰੇ ਰੋਗ ਦੂਰ ਕਰ ਦਿਤੇ ਹਨ। ਉਹ ਮਨੁੱਖ ਮੁਕਤ ਹੋ ਗਏ ਹਨ, ਜਿਨ੍ਹਾਂ ਨੇ ਹਰੀ ਦਾ ਨਾਮ ਧਿਆਇਆ ਹੈ ਅਤੇ ਉਨ੍ਹਾਂ ਨੇ (ਪ੍ਰਭੂ ਤੋਂ) ਪਵਿਤ੍ਰ ਪਰਮ ਪਦ ਪਾ ਲਿਆ ਹੈ।੧।(ਹੇ ਭਾਈ!) ਮੇਰੇ ਹਰੀ ਰਾਮ ਦੇ ਸੇਵਕ ਅਰੋਗ (ਨਾਮ ਜਪ ਕੇ ਰੋਗ ਰਹਿਤ) ਹੋ ਗਏ ਹਨ। ਗੁਰੂ ਦੇ ਬਚਨਾਂ ਦੁਆਰਾ ਜਿਨ੍ਹਾਂ ਨੇ ਮੇਰੇ ਹਰੀ ਨੂੰ ਜਪਿਆ ਹੈ, ਉਨ੍ਹਾਂ ਦੇ ਹਉਮੈ (ਅਤੇ ਹੋਰ ਸਾਰੇ ਵਿਕਾਰ ਰੂਪ) ਰੋਗ ਦੂਰ ਹੋ ਗਏ ਹਨ।੧।ਰਹਾਉ।(ਹੇ ਭਾਈ!) ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਤਿੰਨਾਂ ਗੁਣਾਂ ਵਿਚ ਫਸੇ ਹੋਣ ਕਰਕੇ ਰੋਗੀ ਰਹੇ ਹਨ, (ਕਿਉਂਕਿ ਇਨ੍ਹਾਂ ਨੇ ਸਾਰੀ) ਕਿਰਿਆ ਹਉਮੈ ਵਿਚ ਲਗ ਕੇ ਕੀਤੀ ਹੈ। ਜਿਸ ਪ੍ਰਭੂ ਨੇ (ਇਹ ਤਿੰਨੇ ਵੱਡੇ ਦੇਵਤੇ) ਪੈਦਾ ਕੀਤੇ ਹਨ, ਉਸ ਨੂੰ ਇਹ ਵਿਚਾਰੇ ਚੇਤੇ ਨਹੀਂ ਕਰਦੇ, (ਪਰ) ਹਰੀ ਦਾ ਗਿਆਨ ਗੁਰਮੁਖਾਂ ਨੇ ਪ੍ਰਾਪਤ ਕੀਤਾ ਹੈ।੨।(ਹੇ ਭਾਈ!) ਸਾਰਾ ਜਗਤ ਹਉਮੈ ਦੇ ਰੋਗ ਵਿਚ ਫਸਿਆ ਪਿਆ ਹੈ, (ਜੋ ਲੋਕ ਇਸ ਰੋਗ ਵਿਚ ਫਸੇ ਹੋਏ ਹਨ) ਉਨ੍ਹਾਂ ਨੂੰ ਜਨਮ ਮਰਨ ਦਾ ਬੜਾ ਭਾਰੀ ਦੁਖ ਲੱਗਾ ਰਹਿੰਦਾ ਹੈ। ਗੁਰੂ ਦੀ ਕ੍ਰਿਪਾ ਨਾਲ ਕੋਈ ਵਿਰਲਾ ਮਨੁੱਖ (ਹਉਮੈ ਦੇ ਰੋਗ ਤੋਂ) ਛੁਟਦਾ ਹੈ, (ਗੁਰੂ ਜੀ ਆਖਦੇ ਹਨ ਕਿ ਹਉਮੈ ਤੋਂ ਬਚੇ ਹੋਏ ਅਜੇਹੇ) ਉਸ ਮਨੁੱਖ ਤੋਂ ਮੈਂ ਬਲਿਹਾਰ ਜਾਂਦਾ ਹਾਂ।੩।(ਹੇ ਭਾਈ!) ਜਿਸ ਹਰੀ ਨੇ ਸ੍ਰਿਸਟੀ ਸਾਜੀ ਹੈ, ਉਹ ਹੀ (ਅਪਣੇ ਪੈਦਾ ਕੀਤੀ ਸ੍ਰਿਸਟੀ ਦੀ ਹਾਲਤ ਨੂੰ) ਜਾਣਦਾ ਹੈ, (ਉਹ ਕੈਸਾ ਹੈ) ਉਸ ਹਰੀ ਦਾ ਰੂਪ ਪਾਰਾਵਾਰ ਤੋਂ ਰਹਿਤ (ਬੇਅੰਤ) ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਆਪ ਹੀ (ਅਪਣੇ ਪੈਦਾ ਕੀਤੇ ਜਗਤ ਤਮਾਸ਼ੇ ਨੂੰ) ਦੇਖ ਕੇ ਖੁਸ਼ ਹੁੰਦਾ ਹੈ, (ਪਰ) ਬ੍ਰਹਮ ਦਾ ਇਹ ਬਿਚਾਰ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ।੪।੩।੧੪।

ਪਦਾਰਥ = ਜਿਨ ਕੈ-ਜਿਨ੍ਹਾਂ ਦੇ। ਅੰਤਰਿ-ਹਿਰਦੇ ਅੰਦਰ। ਤਿਨ ਕੇ-ਉਨ੍ਹਾਂ ਦੇ। ਗਵਾਏ-ਦੂਰ ਕਰ ਦਿਤੇ। ਤੇ-ਉਹ। ਭਏ-ਹੋ ਗਏ। ਤਿਨ-ਉਨ੍ਹਾਂ ਨੇ। ਪਵਿਤੁ-ਪਵਿਤ੍ਰ। ਪਰਮ ਪਦੁ-ਸਭ ਤੋਂ ਉਚਾ ਆਤਮਕ ਦਰਜਾ। ਪਾਏ-ਪਾ ਲਿਆ ਹੈ।੧। ਰਾਮ ਹਰੀ-ਸਰਬ ਵਿਆਪਕ ਪ੍ਰਭੂ। ਜਨ-ਸੇਵਕ। ਆਰੋਗ-ਰੋਗ ਰਹਿਤ। ਬਚਨੀ-ਬਚਨਾਂ ਦੁਆਰਾ।੧। ਰਹਾਉ। ਮਹਾ ਦੇਉ-ਸ਼ਿਵ ਜੀ। ਤ੍ਰੈ ਗੁਣ-ਰਾਜਸ, ਸਾਤਕ ਤੇ ਤਾਮਸ (ਮਾਇਆ ਦੇ) ਤਿੰਨ ਗੁਣ। ਕਾਰ ਕਮਾਈ-ਕੰਮ ਕੀਤੇ। ਜਿਨਿ ਕੀਏ-ਜਿਸ (ਪ੍ਰਭੂ) ਨੇ ਪੈਦਾ ਕੀਤੇ। ਤਿਸਹਿ-ਉਸ ਨੂੰ। ਨ ਚੇਤਹਿ-ਚੇਤੇ ਨਹੀਂ ਕਰਦੇ ਰਹੇ। ਬਪੁੜੇ-ਵਿਚਾਰੇ; ਤੁੱਛ। ਗੁਰਮੁਖਿ-ਗੁਰਮੁਖਾਂ ਨੇ। ਸੋਝੀ-ਗਿਆਨ।੨। ਰੋਗਿ-ਰੋਗ ਵਿਚ। ਬਿਆਪਿਆ-ਫਸਿਆ ਹੈ। ਕਉ-ਨੂੰ। ਗੁਰ ਪਰਸਾਦੀ-ਗੁਰੂ ਦੀ ਕਿਰਪਾ ਨਾਲ। ਕੋ-ਕੋਈ। ਛੂਟੈ-ਛੁਟਦਾ (ਬਚਦਾ) ਹੈ। ਤਿਸੁ ਜਨ ਕਉ-ਉਸ ਮਨੁੱਖ ਤੋਂ। ਹਉ-ਮੈਂ। ਬਲਿਹਾਰੀ-ਸਦਕੇ ਹਾਂ।੩। ਜਿਨਿ-ਜਿਸ (ਪ੍ਰਭੂ) ਨੇ। ਸਿਸਟਿ-ਦੁਨੀਆਂ। ਸਾਜੀ-ਪੈਦਾ ਕੀਤੀ। ਸੋਈ-ਉਹ ਹੀ। ਤਾ ਕਾ-ਉਸ ਦਾ। ਅਪਾਰੋ-ਉਰਲੇ ਤੇ ਪਾਰਲੇ ਕਿਨਾਰੇ ਤੋਂ ਰਹਿਤ। ਬਿਗਸੈ-ਖੁਸ਼ ਹੁੰਦਾ ਹੈ। ਬ੍ਰਹਮ ਬੀਚਾਰੋ-ਪ੍ਰਭੂ ਦਾ ਵਿਚਾਰ।੪।੩।੧੪।

ਵਿਆਖਿਆ = ਬ੍ਰਹਮਾ ਨੂੰ ਸਤੋ ਗੁਣ ਦਾ ਰੋਗ ਹੈ, ਵਿਸ਼ਨੂੰ ਨੂੰ ਰਜੋ ਗੁਣ ਦਾ ਤੇ ਸ਼ਿਵ ਜੀ ਨੂੰ ਤਮੋ ਗੁਣ ਦਾ ਰੋਗ ਹੈ। ਬ੍ਰਹਮਾ ਨੂੰ ਹੰਕਾਰ ਹੈ ਕਿ ਮੈਂ ਸ੍ਰਿਸਟੀ ਨੂੰ ਰਚਣ ਵਾਲਾ ਹਾਂ, ਵਿਸ਼ਨੂੰ ਨੂੰ ਹੰਕਾਰ ਕਿ ਸਭ ਜੀਵਾਂ ਦੀ ਪਾਲਣਾ ਮੈਂ ਕਰਦਾ ਹਾਂ ਅਤੇ ਸ਼ਿਵ ਜੀ ਨੂੰ ਹੰਕਾਰ ਹੈ ਕਿ ਜੀਵਾਂ ਦਾ ਸੰਘਾਰ ਮੈਂ ਹੀ ਕਰਦਾ ਹਾਂ {ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ ੧੪੦੩}। ਅਜੇਹੇ ਦੇਵਤਿਆਂ ਨੂੰ ਪੈਦਾ ਕਰਨ ਵਾਲੇ ਹਰੀ ਦਾ ਗਿਆਨ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ। ਉਸ ਹਰੀ ਦਾ ਰੂਪ ਨਾ ਬ੍ਰਹਮਾ ਵਰਗਾ ਹੈ, ਨਾ ਵਿਸ਼ਨੂੰ ਵਰਗਾ ਤੇ ਨਾ ਹੀ ਸ਼ਿਵ ਜੀ ਵਰਗਾ ਹੈ, ਉਹ ਪ੍ਰਕ੍ਰਿਤੀ ਦੇ ਪਾਰਾਵਾਰ ਤੋਂ ਪਰੇ ਹੈ। ਇਹ ਦੇਵਤੇ ਭੁੱਲ ਜਾਂਦੇ ਹਨ ਕਿ ਸਾਨੂੰ ਪੈਦਾ ਕਰਨ ਵਾਲਾ ਨਿਰੰਕਾਰ ਹੈ, ਨਿਰੰਕਾਰ ਹੀ ਸਭ ਜੀਵਾਂ ਨੂੰ ਪੈਦਾ ਕਰਦਾ ਹੈ, ਪਾਲਣਾ ਤੇ ਸੰਘਾਰ ਕਰਦਾ ਹੈ।

ਅੰਗ ੭੩੬ = ਰਾਗ ਸੂਹੀ ਮਹਲਾ ੪ ॥ ਕੀਤਾ ਕਰਣਾ ਸਰਬ ਰਜਾਈ, ਕਿਛੁ ਕੀਚੈ ਜੇ ਕਰਿ ਸਕੀਐ ॥ ਆਪਣਾ ਕੀਤਾ ਕਿਛੂ ਨ ਹੋਵੈ, ਜਿਉ ਹਰਿ ਭਾਵੈ ਤਿਉ ਰਖੀਐ ॥੧॥ ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥ ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ, ਜਿਉ ਭਾਵੈ ਤਿਵੈ ਬਖਸਿ ॥੧॥ਰਹਾਉ॥ ਸਭੁ ਜੀਉ ਪਿੰਡੁ ਦੀਆ ਤੁਧੁ ਆਪੇ, ਤੁਧੁ ਆਪੇ ਕਾਰੈ ਲਾਇਆ ॥ ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ, ਜੇਹਾ ਤੁਧੁ ਧੁਰਿ ਲਿਖਿ ਪਾਇਆ ॥੨॥ ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ, ਕੋਈ ਛੇਵਾ ਕਰਿਉ ਜੇ

ਕਿਛੁ ਕੀਤਾ ਹੋਵੈ ॥ ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ, ਇਕਿ ਮਨਮੁਖਿ ਕਰਹਿ ਸਿ ਰੋਵੈ ॥੩॥ ਹਰਿ ਕੀ ਵਡਿਆਈ ਹਉ ਆਖਿ ਨ ਸਾਕਾ, ਹਉ ਮੂਰਖੁ ਮੁਗਧੁ ਨੀਚਾਣੁ ॥ ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ, ਸਰਣਾਗਤਿ ਪਇਆ ਅਜਾਣੁ ॥੪॥੪॥੧੫॥੨੪॥ (ਹੇ ਪ੍ਰਭੂ! ਜੋ ਕੁਛ ਅਸੀਂ ਪਿੱਛੇ) ਕੀਤਾ ਹੈ; ਜੋ ਸੰਸਾਰ ਤੈਂ ਪੈਦਾ ਕੀਤਾ ਹੈ ਅਤੇ (ਜੋ ਕੁਝ ਅੱਗੇ ਨੂੰ) ਕਰਨਾ ਹੈ, ਉਹ ਸਭ ਤੇਰੀ ਹੁਕਮ ਵਿਚ ਹੁੰਦਾ ਹੈ, ਜੇ ਅਸੀਂ ਕੁਛ ਕਰ ਸਕਦੇ ਹੋਈਏ ਤਾਂ (ਅਸੀਂ ਜੀਵ) ਕਰ ਲਈਏ। ਸਾਡਾ ਅਪਣਾ ਕੀਤਾ ਕੁਛ ਨਹੀਂ ਹੋ ਸਕਦਾ, ਹੇ ਹਰੀ! ਜਿਵੇਂ ਤੈਨੂੰ ਚੰਗਾ ਲਗਦਾ ਹੈ, ਤਿਵੇਂ ਸਾਨੂੰ ਰੱਖ ਲੈ।੧।ਹੇ ਮੇਰੇ ਹਰੀ ਜੀਓ! ਸਭ ਕੋਈ (ਹਰੇਕ ਜੀਵ) ਤੇਰੇ ਵਸ ਵਿਚ ਹੈ। ਸਾਡੇ ਵਿਚ ਤਾਕਤ ਨਹੀਂ, ਜੇ ਅਸੀਂ (ਤੇਰੀ ਤਾਕਤ ਤੋਂ ਬਿਨਾ) ਕੁਛ ਕਰ ਸਕੀਏ, ਜਿਵੇਂ ਤੈਨੂੰ ਚੰਗਾ ਲਗਦਾ ਹੈ, ਤਿਵੇਂ (ਤੂੰ ਸਾਨੂੰ) ਬਖਸ਼ ਲੈ।੧।ਰਹਾਉ।(ਹੇ ਪ੍ਰਭੂ! ਸਾਨੂੰ) ਜਿੰਦ ਤੇ ਸਰੀਰ ਸਭ ਤੈਂ ਆਪ ਹੀ ਦਿਤਾ ਹੋਇਆ ਹੈ ਅਤੇ ਤੈਂ ਆਪ ਹੀ (ਹਰੇਕ ਜੀਵ ਨੂੰ) ਕੰਮ ਵਿਚ ਲਾਇਆ ਹੋਇਆ ਹੈ। ਜਿਹੋ ਜਿਹਾ ਤੂੰ ਹੁਕਮ ਕਰਦਾ ਹੈਂ ਅਤੇ ਜਿਹੋ ਜਿਹਾ ਤੈਂ ਧੁਰ ਦਰਗਾਹ ਤੋਂ (ਜੀਵ ਦੇ ਮੱਥੇ ਤੇ) ਲਿਖ ਕੇ ਪਾਇਆ ਹੈ, ਉਹੋ ਜਿਹਾ ਹੀ ਹਰ ਕੋਈ ਜੀਵ ਕਰਮ ਕਰਦਾ ਹੈ।੨।(ਹੇ ਪ੍ਰਭੂ) ਤੈਂ ਪੰਜ ਤੱਤ ਪੈਦਾ ਕਰ ਕੇ ਸਾਰੀ ਸ੍ਰਿਸਟੀ ਸਾਜੀ ਹੈ, (ਤੇਰੇ ਤੋਂ ਬਿਨਾ ਜੇ ਕਿਸੇ ਹੋਰ ਦਾ) ਕੁਛ ਕੀਤਾ ਹੋ ਸਕਦਾ ਹੋਵੇ, (ਤਾਂ ਉਹ) ਛੇਵਾਂ ਤੱਤ ਬਣਾ ਕਰਕੇ ਦਿਖਾਵੇ। ਕਈ ਜੀਵਾਂ ਤੂੰ ਸਤਿਗੁਰੂ ਨਾਲ ਮਿਲਾ ਕੇ ਅਪਣੀ ਸਮਝ ਬਖਸ਼ ਦੇਂਦਾ ਹੈਂ, ਕਈ ਮਨਮੁਖ ਹਨ, ਜੋ ਭੈੜੇ ਕਰਮ ਕਰਦੇ ਹਨ; ਕਈਆਂ ਨੂੰ ਮਨਮੁਖ ਬਣਾ ਦੇਂਦਾ ਹੈਂ, (ਫਿਰ) ਉਹ ਰੋਂਦੇ ਰਹਿੰਦੇ ਹਨ (ਕੀਤੇ ਬੁਰੇ ਕਰਮਾਂ ਦਾ ਫਲ ਭੋਗਦੇ ਹੋਏ ਦੁਖੀ ਹੁੰਦੇ ਹਨ)।੩। ਮੈਂ ਹਰੀ ਦੀ ਵਡਿਆਈ ਆਖ ਨਹੀਂ ਸਕਦਾ, (ਕਿਉਂਕਿ) ਮੈਂ ਮੂਰਖ, ਬੇਸਮਝ ਤੇ ਨੀਵਾਂ ਹਾਂ। ਹੇ ਹਰੀ! ਹੇ ਮੇਰੇ ਸੁਆਮੀ! ਦਾਸ ਨਾਨਕ ਨੂੰ ਬਖਸ਼ ਲੈ, ਮੈਂ ਅਣਜਾਣ ਤੇਰੀ ਸ਼ਰਣ ਵਿਚ ਆ ਪਿਆ ਹਾਂ।੪।੪।੧੫।੨੪।

ਪਦਾਰਥ = ਸਰਬ-ਸਭ। ਰਜਾਈ-ਹੁਕਮ ਵਿਚ। ਕੀਚੈ-ਕਰ ਲਈਏ। ਭਾਵੈ-ਚੰਗਾ ਲਗਦਾ ਹੈ। ਰਖੀਐ-ਰੱਖ ਲੈ।੧। ਸਭੁ ਕੋ-ਸਭ ਕੋਈ (ਹਰੇਕ ਜੀਵ)। ਵਸਿ-ਵਸ ਵਿਚ। ਜੋਰੁ-ਤਾਕਤ। ਕਰਿ ਹਮ ਸਾਕਹ-ਅਸੀਂ ਕਰ ਸਕੀਏ। ਤਿਵੈ-ਤਿਵੇਂ।੧।ਰਹਾਉ। ਜੀਉ-ਜਿੰਦ; ਮਨ। ਪਿੰਡੁ-ਸਰੀਰ। ਤੁਧੁ-ਤੂੰ। ਕਾਰੈ-ਕੰਮ ਵਿਚ। ਕੋ-ਹਰ ਕੋਈ। ਕਮਾਵੈ-ਕਰਦਾ ਹੈ। ਧੁਰਿ-ਧੁਰ ਦਰਗਾਹ ਤੋਂ।੨। ਪੰਚ ਤਤੁ -ਪੰਜ (ਹਵਾ ਪਾਣੀ ਅੱਗ ਧਰਤੀ ਤੇ ਅਕਾਸ਼) ਤੱਤ (ਤਤੁ ਨੂੰ ਔਂਕੜ ਛੋਟੇ ਵਾਵੇ ਦੀ ਥਾਂ ਹੈ)। ਸ੍ਰਿਸਟਿ-ਦੁਨੀਆਂ। ਸਾਜੀ-ਬਣਾਈ। ਕਰਿਉ-ਕਰ ਕੇ ਦਿਖਾਵੇ। ਇਕਨਾ-ਕਈਆਂ ਨੂੰ। ਮੇਲਿ-ਮਿਲਾ ਕੇ। ਬੁਝਾਵਹਿ-ਸਮਝ ਬਖਸ਼ਦਾ ਹੈਂ। ਇਕਿ-ਕਈ। ਕਰਹਿ-ਕਰਦੇ ਹਨ; ਬਣਾ ਦੇਂਦਾ ਹੈਂ। ਸਿ-ਉਹ। ਰੋਵੈ-ਰੋਂਦੇ (ਦੁਖੀ ਹੁੰਦੇ) ਹਨ।੩। ਹਉ-ਮੈਂ। ਆਖਿ ਨ ਸਾਕਾ-ਬਿਆਨ ਨਹੀਂ ਕਰ ਸਕਦਾ। ਮੁਗਧੁ-ਬੇਸਮਝ। ਨੀਚਾਣੁ-ਨੀਵਾਂ। ਕਉ-ਨੂੰ। ਸਰਣਾਗਤਿ ਪਇਆ-ਸ਼ਰਣ ਵਿਚ ਆ ਪਿਆ ਹਾਂ। ਅਜਾਣੁ-ਅਣਜਾਣ।੪।੪।੧੫।੨੪।

ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ ॥

ਜਨ ਨਾਨਕ ਨਾਮੁ ਪਰਿਓ ਗੁਰ ਚੇਲਾ ਗੁਰ ਰਾਖਹੁ ਲਾਜ ਜਨ ਕੇ ॥ (੭੩੧)

ਉਥਾਨਕਾ = ਗੁਰੂ ਅਰਜਨ ਦੇਵ ਜੀ ਸੰਤੋਖਸਰ ਸਰੋਵਰ ਦੀ ਖੁਦਾਈ ਕਰਾ ਰਹੇ ਸਨ, ਖੁਦਾਈ ਕਰਨ ਤੇ ਇਕ ਮਠ (ਜੋਗੀ ਦਾ ਟਿਕਾਣਾ) ਨਿਕਲਿਆ, ਜਿਸ ਵਿਚ ਇਕ ਜੋਗੀ ਰਾਜਾ ਜਨਕ ਦੇ ਸਮੇਂ ਤੋਂ ਸਮਾਧੀ ਲਾਈ ਬੈਠਾ ਸੀ। ਉਸ ਜੋਗੀ ਦਾ ਨਾਂ ਸੰਤੋਖ ਰਾਏ ਸੀ। ਗੁਰੂ ਜੀ ਨੇ ਸਿੱਖਾਂ ਤੋਂ ਉਸ ਦੇ ਤਾਲੂਏ ਤੇ ਪੈਰਾਂ ਦੀ ਮੱਖਣ ਨਾਲ ਮਾਲਸ਼ ਕਰਵਾਈ। ਜਿਸ ਨਾਲ ਜੋਗੀ ਦੇ ਦਸਮ ਦੁਆਰ ਚੜ੍ਹੇ ਪ੍ਰਾਣ ਉਤਰ ਆਏ। ਉਸ ਨੇ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਨਿਹਾਲ ਹੋ ਗਿਆ। ਜੋਗੀ ਨੇ ਗੁਰੂ ਜੀ ਤੋਂ ਸੰਸਾਰ ਦਾ ਰੂਪ ਪੁੱਛਿਆ ਕਿ ਦਿਸਦੇ ਪ੍ਰਪੰਚ ਦਾ ਕੀ ਸਰੂਪ ਹੈ? ਉਸ ਦੇ ਉਤਰ ਵਿਚ ਗੁਰੂ ਜੀ ਨੇ ਇਹ ਸ਼ਬਦ ਉਚਾਰਨ ਕੀਤਾ।

ਰਾਗੁ ਸੂਹੀ ਮਹਲਾ ੫ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥ ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥ ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥੧॥ ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥ ਕਤਹਿ ਗਇਓ ਉਹੁ ਕਤ ਤੇ ਆਇਓ ॥੧॥ਰਹਾਉ॥ ਜਲ ਤੇ ਊਠਹਿ ਅਨਿਕ ਤਰੰਗਾ ॥ ਕਨਿਕ ਭੂਖਨ ਕੀਨੇ ਬਹੁ ਰੰਗਾ ॥ ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥੨॥ ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥ ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥੩॥ ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥ ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥੪॥੧॥ (ਹੇ ਭਾਈ!) ਜਿਸ ਤਰ੍ਹਾਂ ਬਾਜੀਗਰ ਨੇ ਬਾਜੀ ਪਾਈ ਹੋਵੇ।(ਉਸ ਵੇਲੇ ਉਹ) ਅਨੇਕਾਂ ਤਰ੍ਹਾਂ ਦੇ ਰੂਪ ਤੇ ਭੇਖ (ਸ਼ਕਲਾਂ ਤੇ ਸ੍ਵਾਂਗ ਬਣਾ ਕੇ ਲੋਕਾਂ ਨੂੰ) ਦਿਖਾਉਂਦਾ ਹੈ।(ਇਸੇ ਤਰ੍ਹਾਂ ਨਿਰੰਕਾਰ ਅਪਣੇ ਵਿਚੋਂ ਅਨੇਕ ਰੂਪ ਵਾਲੇ ਸੰਸਾਰ ਦੀ ਰਚਨਾ ਕਰਦਾ ਹੈ, ਫਿਰ ਜਦ) ਸਾਂਗ ਉਤਾਰ ਕੇ (ਸੰਸਾਰ ਦੀ) ਖੇਡ ਦੇ ਪਸਾਰੇ ਨੂੰ ਰੋਕਦਾ ਹੈ (ਇਹ

ਖਿਲਾਰਾ ਸਮੇਟ ਲੈਂਦਾ ਹੈ)।ਤਦ ਉਹ ਆਪ ਇਕੋ ਇਕ (ਨਿਰੰਕਾਰ) ਰਹਿ ਜਾਂਦਾ ਹੈ।੧।(ਹੇ ਭਾਈ! ਜਗਤ ਤਮਾਸ਼ੇ ਸਮੇਂ ਪ੍ਰਭੂ ਦਾ) ਕਿਹੜਾ ਰੂਪ ਨਜਰ ਆਇਆ ਹੈ ਤੇ (ਖੇਡ ਬੰਦ ਕਰਨ ਸਮੇਂ ਪ੍ਰਭੂ ਦਾ) ਕਿਹੜਾ ਰੂਪ ਨਾਸ਼ ਹੋਇਆ ਹੈ (ਉਸ ਦਾ ਰੂਪ) ਕਿੱਥੇ ਗਿਆ ਤੇ ਉਹ ਕਿਥੋਂ ਆਇਆ ਸੀ? (ਉਹ ਸਰਬ ਵਿਆਪਕ ਹੈ, ਉਸ ਦੀ ਰਚੀ ਖੇਡ ਨਾਸ਼ ਹੋ ਜਾਂਦੀ ਹੈ, ਪਰ ਉਹ ਆਪ ਅਬਿਨਾਸੀ ਹੈ)।੧।ਰਹਾਉ।(ਅੱਗੇ ਹੋਰ ਦ੍ਰਿਸ਼ਟਾਂਤ ਦੇਂਦੇ ਹਨ) ਪਾਣੀ ਤੋਂ ਅਨੇਕਾਂ ਲਹਿਰਾਂ ਉਠਦੀਆਂ ਹਨ (ਜੋ ਮੁੜ ਪਾਣੀ ਵਿਚ ਮਿਲ ਕੇ ਪਾਣੀ ਰੂਪ ਹੀ ਹੋ ਜਾਂਦੀਆਂ ਹਨ)।ਸੋਨੇ ਦੇ ਬਹੁਤ ਪ੍ਰਕਾਰ ਦੇ ਗਹਿਣੇ ਬਣਾਏ ਜਾਂਦੇ ਹਨ (ਉਹ ਗਹਿਣੇ ਸੋਨਾ ਰੂਪ ਹੀ ਹੁੰਦੇ ਹਨ। ਧਰਤੀ ਵਿਚ) ਬੀਜ ਬੀਜ ਕੇ ਦੇਖਿਆ ਜਾਵੇ, (ਉਸ ਬੀਜ ਵਿਚੋਂ) ਬਹੁਤ ਪ੍ਰਕਾਰ ਦੇ (ਫੁੱਲ ਪੱਤੇ ਆਦਿ ਨਿਕਲਦੇ ਹਨ)।ਫਲ ਪੱਕ ਜਾਣ ਤੇ ਬੀਜ ਇਕ ਅਕਾਰ ਰੂਪ ਹੀ ਰਹਿ ਜਾਂਦਾ ਹੈ (ਇਸ ਤਰ੍ਹਾਂ ਜਦ ਸ੍ਰਿਸਟੀ ਰਚਨਾ ਉਨਤੀ ਕਰਦੀ ਕਰਦੀ ਪ੍ਰਫੁਲਿਤ ਹੋ ਕੇ ਖਤਮ ਹੁੰਦੀ ਹੈ, ਤਾਂ ਇਕ ਨਿਰੰਕਾਰ ਹੀ ਰਹਿ ਜਾਂਦਾ ਹੈ)।੨।(ਹੇ ਭਾਈ! ਜਿਵੇਂ) ਅਕਾਸ਼ ਇਕ ਹੈ, (ਪਰ ਪਾਣੀ ਨਾਲ ਭਰੇ) ਹਜਾਰਾਂ ਘੜਿਆਂ ਵਿਚ (ਸਾਨੂੰ ਅਨੇਕਾਂ ਅਕਾਸ਼ ਦਿਸਦੇ ਹਨ।ਜਦੋਂ) ਘੜੇ ਟੁੱਟ ਜਾਂਦੇ ਹਨ, ਤਾਂ ਉਹੀ (ਇਕ ਅਕਾਸ਼ ਦਾ) ਪ੍ਰਕਾਸ਼ ਦਿਸਦਾ ਹੈ।ਮਾਇਆ ਦੇ ਭਰਮ ਕਰਕੇ (ਮਨੁੱਖ ਵਿਚ) ਲੋਭ ਤੇ ਮੋਹ ਆਦਿ ਵਿਕਾਰ ਪੈਦਾ ਹੋ ਜਾਂਦੇ ਹਨ (ਜਿਸ ਕਰਕੇ ਸਾਨੂੰ ਸੰਸਾਰ ਹਰੀ ਤੋਂ ਵੱਖਰਾ ਪ੍ਰਤੀਤ ਹੁੰਦਾ ਹੈ।ਗੁਰੂ ਦੀ ਕ੍ਰਿਪਾ ਨਾਲ ਇਸ) ਭਰਮ ਦਾ ਛੁਟਕਾਰਾ ਹੋ ਜਾਣ ਨਾਲ (ਮਨੁੱਖ ਨੂੰ ਸਾਰਾ ਸੰਸਾਰ) ਨਿਰੰਕਾਰ ਰੂਪ ਦਿਸਣ ਲਗ ਪੈਂਦਾ ਹੈ।੩।(ਰਹਾਉ ਵਾਲੀ ਤੁਕ ਦਾ ਉਤਰ = ਹੇ ਭਾਈ!) ਉਹ ਨਿਰੰਕਾਰ ਨਾਸ਼ ਰਹਿਤ ਹੈ, ਨਾਸ਼ ਨਹੀਂ ਹੁੰਦਾ।(ਸਾਰਾ ਸੰਸਾਰ ਨਿਰੰਕਾਰ ਰੂਪ ਹੈ, ਇਸ ਲਈ) ਨਾ ਕੋਈ ਆਉਂਦਾ ਹੈ ਅਤੇ ਨਾ ਕੋਈ ਜਾਂਦਾ ਹੈ {ਨਹ ਕਿਛੁ ਜਨਮੈ ਨਹ ਕਿਛੁ ਮਰੈ।ਆਪਨ ਚਲਿਤੁ ਆਪ ਹੀ ਕਰੈ ੨੮੧}।ਨਾਨਕ ਗੁਰੂ ਜੀ ਆਖਦੇ ਹਨ ਕਿ ਪੂਰੇ ਗੁਰੂ ਨੇ (ਮੇਰੇ ਮਨ ਵਿਚੋਂ) ਹਉਮੈ ਦੀ ਮੈਲ ਧੋ ਦਿਤੀ ਹੈ, (ਜਿਸ ਕਰਕੇ) ਮੇਰੀ ਪਰਮ ਗਤੀ ਹੋ ਗਈ ਹੈ।੪।੧।

ਪਦਾਰਥ = ਬਾਜੀਗਰਿ–ਬਾਜੀਗਰ ਨੇ।ਬਾਜੀ–ਖੇਡ।ਨਾਨਾ ਰੂਪ–ਅਨੇਕਾਂ ਰੂਪ।ਸਾਂਗ–ਨਕਲੀ ਸ਼ਕਲ।ਉਤਾਰਿ–ਉਤਾਰ ਕੇ।ਥੰਮਿ੍ਓ –ਰੋਕਦਾ (ਬੰਦ ਕਰਦਾ) ਹੈ।ਪਾਸਾਰਾ–ਖੇਡ ਦਾ ਖਿਲਾਰਾ।ਏਕੋ ਏਕੰਕਾਰਾ–ਇਕੋ ਨਿਰੰਕਾਰ।੧।ਕਵਨ ਰੂਪ–ਕਿਹੜਾ ਰੂਪ।ਦ੍ਰਿਸਟਿਓ –ਨਜਰ ਆਇਆ।ਬਿਨਸਾਇਓ–ਨਾਸ਼ ਹੋਇਆ।ਕਤਹਿ–ਕਿਥੇ।ਕਤ ਤੇ–ਕਿਥੋਂ।੧।ਰਹਾਉ।ਜਲ ਤੇ–ਪਾਣੀ ਤੋਂ।ਅਨਿਕ ਤਰੰਗਾ– ਅਨੇਕਾਂ ਲਹਿਰਾਂ।ਊਠਹਿ–ਉਠਦੀਆਂ ਹਨ।ਕਨਿਕ–ਸੋਨੇ ਦੇ।ਭੂਖਨ–ਗਹਿਣੇ।ਕੀਨੇ–ਕੀਤੇ (ਬਣਾਏ) ਜਾਂਦੇ ਹਨ।ਬਹੁ ਰੰਗਾ–ਬਹੁਤ ਕਿਸਮਾਂ ਦੇ।ਬੀਜਿ–ਬੀਜ ਕੇ।ਫਲ ਪਾਕੇ ਤੇ–ਫਲ ਪੱਕ ਜਾਣ ਤੇ।੨।ਸਹਸ–ਹਜਾਰਾਂ।ਘਟਾ ਮਹਿ–ਘੜਿਆਂ ਵਿਚ।ਘਟ ਫੂਟੇ ਤੇ– ਘੜੇ ਟੁੱਟ ਜਾਣ ਤੇ।ਭ੍ਰਮ ਛੂਟੇ ਤੇ–ਭਰਮ ਦਾ ਛੁਟਕਾਰਾ ਹੋ ਜਾਣ ਨਾਲ।੩।ਅਬਿਨਾਸੀ–ਨਾਸ਼ ਰਹਿਤ (ਅਮਰ)।ਬਿਨਸਤ ਨਾਹੀ– ਨਾਸ਼ ਨਹੀਂ ਹੁੰਦਾ।ਕੋ–ਕੋਈ।ਆਵੈ–ਆਉਂਦਾ (ਜੰਮਦਾ) ਹੈ।ਜਾਹੀ–ਜਾਂਦਾ (ਮਰਦਾ) ਹੈ।ਗੁਰਿ ਪੂਰੈ–ਪੂਰੇ ਗੁਰੂ ਨੇ।ਮਲੁ–ਮੈਲ।ਧੋਈ –ਧੋ ਦਿਤੀ।ਪਰਮ ਗਤਿ–ਉਚੀ ਆਤਮਕ ਅਵਸਥਾ; ਮੁਕਤੀ।੪।੧।

ਸੂਹੀ ਮਹਲਾ ੫ ॥ ਕੀਤਾ ਲੋੜਹਿ ਸੋ ਪ੍ਰਭ ਹੋਇ ॥ ਤੁਝ ਬਿਨੁ ਦੂਜਾ ਨਾਹੀ ਕੋਇ ॥ ਜੋ ਜਨੁ ਸੇਵੇ ਤਿਸੁ ਪੂਰਨ ਕਾਜ ॥ ਦਾਸ ਅਪੁਨੇ ਕੀ ਰਾਖਹੁ ਲਾਜ ॥੧॥ ਤੇਰੀ ਸਰਣਿ ਪੂਰਨ ਦਇਆਲਾ ॥ ਤੁਝ ਬਿਨੁ ਕਵਨੁ ਕਰੇ ਪ੍ਰਤਿਪਾਲਾ ॥੧॥ਰਹਾਉ॥ ਜਲਿ ਥਲਿ ਮਹੀਅਲਿ ਰਹਿਆ ਭਰਪੂਰਿ ॥ ਨਿਕਟਿ ਵਸੈ ਨਾਹੀ ਪ੍ਰਭੁ ਦੂਰਿ ॥ ਲੋਕ ਪਤੀਆਰੈ ਕਛੂ ਨ ਪਾਈਐ ॥ ਸਾਚਿ ਲਗੈ ਤਾ ਹਉਮੈ ਜਾਈਐ ॥੨॥ ਜਿਸ ਨੋ ਲਾਇ ਲਏ ਸੋ ਲਾਗੈ ॥ ਗਿਆਨ ਰਤਨੁ ਅੰਤਰਿ ਤਿਸੁ ਜਾਗੈ ॥ ਦੁਰਮਤਿ ਜਾਇ ਪਰਮ ਪਦੁ ਪਾਇ ॥ ਗੁਰ ਪਰਸਾਦੀ ਨਾਮੁ ਧਿਆਏ ॥੩॥ ਹੇ ਪ੍ਰਭੂ! ਜੋ ਕੁਛ ਤੂੰ ਕਰਨਾ ਚਾਹੁੰਦਾ ਹੈਂ, (ਜਗਤ ਵਿਚ) ਉਹ ਹੀ ਹੁੰਦਾ ਹੈ।ਤੇਰੇ ਬਿਨਾ (ਕੁਝ ਕਰਨ ਦੇ ਸਮਰੱਥ ਹੋਰ) ਦੂਜਾ ਕੋਈ ਨਹੀਂ।ਜੋ ਮਨੁੱਖ ਤੇਰੀ ਪੂਜਾ ਕਰਦਾ ਹੈ, ਉਸ ਦੇ ਸਾਰੇ ਕੰਮ ਪੂਰੇ ਹੋ ਜਾਂਦੇ ਹਨ।ਤੂੰ ਅਪਣੇ ਦਾਸਾਂ ਦੀ ਸਦਾ ਲਾਜ ਰੱਖਦਾ ਹੈਂ।੧।ਹੇ ਦਇਆ ਕਰਨ ਵਾਲੇ ਪੂਰਨ ਪ੍ਰਭੂ! ਮੈਂ ਤੇਰੀ ਸ਼ਰਣ ਵਿਚ ਆਇਆ ਹਾਂ।ਤੇਰੇ ਬਿਨਾ (ਜਗਤ ਦੇ ਜੀਵਾਂ ਦੀ) ਕੌਣ ਪਾਲਣਾ ਕਰ ਸਕਦਾ ਹੈ?।੧।ਰਹਾਉ।(ਹੇ ਭਾਈ! ਪ੍ਰਭੂ) ਪਾਣੀਆਂ ਵਿਚ, ਸੁੱਕੀ ਧਰਤੀ ਵਿਚ, ਧਰਤੀ ਅਤੇ ਅਕਾਸ਼ ਵਿਚਕਾਰ ਪੁਲਾੜ ਵਿਚ ਭਰਪੂਰ ਹੋ ਰਿਹਾ ਹੈ।ਪ੍ਰਭੂ (ਸਭ ਦੇ) ਨੇੜੇ ਵਸਦਾ ਹੈ, (ਉਹ ਕਿਸੇ ਜੀਵ ਤੋਂ) ਦੂਰ ਨਹੀਂ ਹੈ।ਲੋਕਾਂ ਨੂੰ ਖੁਸ਼ ਕਰਨ ਨਾਲ (ਲੋਕਾਂ ਦੀ ਤਸੱਲੀ ਕਰਾ ਕੇ ਉਨ੍ਹਾਂ ਦੀ ਨਜਰਾਂ ਵਿਚ ਚੰਗਾ ਸੰਤ ਬਣਨ ਨਾਲ ਹਰੀ ਤੋਂ) ਕੁਛ ਪ੍ਰਾਪਤ ਨਹੀਂ ਹੁੰਦਾ।ਜੇ ਸੱਚੇ ਨਾਮ ਨਾਲ ਲਗ ਜਾਈਏ ਤਾਂ ਹਉਮੈ ਚਲੇ ਜਾਂਦੀ ਹੈ (ਫਿਰ ਸਾਰੇ ਕੰਮ ਪੂਰੇ ਹੋ ਜਾਂਦੇ ਹਨ)।੨।(ਹੇ ਭਾਈ!) ਜਿਸ ਮਨੁੱਖ ਨੂੰ (ਪ੍ਰਭੂ ਅਪਣੇ ਨਾਮ ਨਾਲ) ਲਾ ਲੈਂਦਾ ਹੈ, ਉਹ ਹੀ ਲਗਦਾ ਹੈ।(ਫਿਰ) ਉਸ ਦੇ ਹਿਰਦੇ ਅੰਦਰ ਗਿਆਨ ਰਤਨ ਪ੍ਰਗਟ ਹੋ ਜਾਂਦਾ ਹੈ।ਉਸ ਦੀ ਖੋਟੀ ਮੱਤ ਚਲੇ ਜਾਂਦੀ ਹੈ ਅਤੇ ਉਹ ਪਰਮ ਪਦ ਪਾ ਲੈਂਦਾ ਹੈ।ਗੁਰੂ ਦੀ ਕਿਰਪਾ ਨਾਲ (ਉਹ ਮਨੁੱਖ) ਨਾਮ ਧਿਆਉਂਦਾ ਰਹਿੰਦਾ ਹੈ।੩।

ਅੰਗ ੭੩੭ = ਦੁਇ ਕਰ ਜੋੜਿ ਕਰਉ ਅਰਦਾਸਿ ॥ ਤੁਧੁ ਭਾਵੈ ਤਾ ਆਣਹਿ ਰਾਸਿ ॥ ਕਰਿ ਕਿਰਪਾ ਅਪਨੀ ਭਗਤੀ ਲਾਇ ॥ ਜਨ ਨਾਨਕ ਪ੍ਰਭੁ ਸਦਾ ਧਿਆਇ ॥੪॥੨॥ (ਹੇ ਪ੍ਰਭੂ ! ਮੈਂ ਤੇਰੇ ਚਰਨਾਂ ਵਿਚ) ਦੋਵੇਂ ਹੱਥ ਜੋੜ ਕੇ ਅਰਦਾਸ ਕਰਦਾ ਹਾਂ। ਜੇ ਤੈਨੂੰ ਚੰਗਾ ਲਗੇ, ਤਾਂ ਤੂੰ ਰਾਸ ਲਿਆਂਉਂਦਾ (ਅਰਦਾਸ ਪ੍ਰਵਾਨ ਕਰਦਾ) ਹੈਂ। ਹੇ ਪ੍ਰਭੂ ! ਕ੍ਰਿਪਾ ਕਰਕੇ ਮੈਨੂੰ ਅਪਣੀ ਭਗਤੀ ਵਿਚ ਲਾ ਲੈ ਅਤੇ (ਕ੍ਰਿਪਾ ਕਰ ਕਿ) ਦਾਸ ਨਾਨਕ ਤੈਨੂੰ ਸਦਾ ਧਿਆਉਂਦਾ ਰਹੇ।੪।੨।

ਪਦਾਰਥ ਕੀਤਾ ਲੋੜਹਿ-ਤੂੰ ਕਰਨਾ ਚਾਹੁੰਦਾ ਹੈਂ। ਸੋ-ਉਹ ਹੀ। ਪ੍ਰਭ-ਹੇ ਪ੍ਰਭੂ !। ਜਨੁ-ਮਨੁੱਖ; ਸੇਵਕ। ਸੇਵੇ-ਪੂਜਾ ਕਰਦਾ ਹੈ। ਕਾਜ-ਕੰਮ। ਰਾਖਹੁ ਲਾਜ-ਇੱਜਤ ਰੱਖਦਾ ਹੈਂ।੧। ਪੂਰਨ ਦਇਆਲਾ-ਹੇ ਦਇਆ ਕਰਨ ਵਾਲੇ ਪੂਰਨ ਪ੍ਰਭੂ !। ਕਵਨੁ-ਕੌਣ। ਕਰੇ-ਕਰਦਾ ਹੈ। ਪ੍ਰਤਿਪਾਲਾ-ਪਾਲਣਾ।੧। ਰਹਾਉ। ਜਲਿ-ਪਾਣੀਆਂ ਵਿਚ। ਥਲਿ-ਸੁੱਕੀ ਧਰਤੀ ਵਿਚ। ਮਹੀਅਲਿ-ਧਰਤੀ ਤੇ ਅਕਾਸ਼ ਦੇ ਵਿਚਕਾਰ ਪੁਲਾੜ ਵਿਚ। ਨਿਕਟਿ-ਨੇੜੇ। ਲੋਕ ਪਤੀਆਰੈ-(ਜੰਤ੍ਰਾਂ ਮੰਤ੍ਰਾਂ ਨਾਲ) ਲੋਕਾਂ ਦੀ ਤਸੱਲੀ ਕਰਾਉਣ ਨਾਲ; ਲੋਕਾਂ ਨੂੰ ਖੁਸ਼ ਕਰਨ ਨਾਲ। ਸਾਚਿ-ਸੱਚੇ ਨਾਮ ਨਾਲ। ਲਾਗੈ-ਲਗ (ਜੁੜ) ਜਾਈਏ। ਤਾ-ਤਾਂ; ਤਦ।੨। ਜਿਸ ਨੋ-ਜਿਸ ਮਨੁੱਖ ਨੂੰ। ਅੰਤਰਿ-ਹਿਰਦੇ ਅੰਦਰ। ਤਿਸੁ-ਉਸ ਦੇ। ਜਾਗੈ-ਪ੍ਰਗਟ ਹੋ ਜਾਂਦਾ ਹੈ। ਦੁਰਮਤਿ-ਖੋਟੀ ਮੱਤ। ਜਾਇ-ਦੂਰ ਹੋ ਜਾਂਦੀ ਹੈ। ਪਰਮ ਪਦੁ-ਸਭ ਤੋਂ ਉਚੀ ਆਤਮਕ ਪਦਵੀ।੩। ਦੁਇ ਕਰ-ਦੋਵੇਂ ਹੱਥ। ਜੋੜਿ-ਜੋੜ ਕੇ। ਕਰਉ-ਮੈਂ ਕਰਦਾ ਹਾਂ। ਤੁਧੁ-ਤੈਨੂੰ। ਭਾਵੈ-ਚੰਗਾ ਲੱਗੇ। ਆਣਹਿ ਰਾਸਿ-ਰਾਸ ਲਿਆਉਂਦਾ (ਪ੍ਰਵਾਨ ਕਰਦਾ) ਹੈਂ। ਕਰਿ-ਕਰ ਕੇ। ਜਨ ਨਾਨਕ-ਦਾਸ ਨਾਨਕ।੪।੨।

ਸੂਹੀ ਮਹਲਾ ੫ ॥ ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ ॥ ਮਾਨੈ ਹੁਕਮੁ ਤਜੈ ਅਭਿਮਾਨੈ ॥ ਪ੍ਰਿਅ ਸਿਉ ਰਾਤੀ ਰਲੀਆ ਮਾਨੈ ॥੧॥ ਸੁਨਿ ਸਖੀਏ, ਪ੍ਰਭ ਮਿਲਣ ਨੀਸਾਨੀ ॥ ਮਨੁ ਤਨੁ ਅਰਪਿ, ਤਜਿ ਲਾਜ ਲੋਕਾਨੀ ॥੧॥ਰਹਾਉ॥ ਸਖੀ ਸਹੇਲੀ ਕਉ ਸਮਝਾਵੈ ॥ ਸੋਈ ਕਮਾਵੈ ਜੋ ਪ੍ਰਭ ਭਾਵੈ ॥ ਸਾ ਸੋਹਾਗਣਿ ਅੰਕਿ ਸਮਾਵੈ ॥੨॥ ਗਰਬਿ ਗਹੇਲੀ ਮਹਲੁ ਨ ਪਾਵੈ ॥ ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ ॥ ਕਰਮ ਹੀਣ ਮਨਮੁਖਿ ਦੁਖੁ ਪਾਵੈ ॥੩॥ ਬਿਨਉ ਕਰੀ ਜੇ ਜਾਣਾ ਦੂਰਿ ॥ ਪ੍ਰਭੁ ਅਬਿਨਾਸੀ ਰਹਿਆ ਭਰਪੂਰਿ ॥ ਜਨੁ ਨਾਨਕੁ ਗਾਵੈ ਦੇਖਿ ਹਦੂਰਿ ॥੪॥੩॥ ਉਹ ਸੁਹਾਗਣ ਇਸਤ੍ਰੀ ਸਲਾਹੁਣ ਯੋਗ ਹੈ, ਜੋ ਪ੍ਰਭੂ ਪਤੀ ਨੂੰ ਪਛਾਣਦੀ ਹੈ। ਅਤੇ ਹੰਕਾਰ ਛਡ ਦੇਂਦੀ ਹੈ ਅਤੇ (ਪਤੀ ਪ੍ਰਭੂ ਦਾ) ਹੁਕਮ ਮੰਨਦੀ ਹੈ। ਉਹ ਪਿਆਰੇ ਪਤੀ ਪ੍ਰਭੂ ਨਾਲ ਪਿਆਰ ਵਿਚ ਮਗਨ ਹੋਈ ਆਤਮਕ ਅਨੰਦ ਮਾਣਦੀ ਹੈ।੧। ਹੇ ਸਖੀ ! ਤੂੰ ਪ੍ਰਭੂ ਨੂੰ ਮਿਲਣ ਦੀ ਨਿਸ਼ਾਨੀ ਸੁਣ। ਲੋਕਾਂ ਦੀ ਲਾਜ ਛਡ ਕੇ ਅਪਣਾ ਮਨ ਤੇ ਤਨ (ਪ੍ਰਭੂ ਨੂੰ) ਅਰਪਣ ਕਰ ਦੇ।੧। ਰਹਾਉ। (ਗੁਰਮੁਖ) ਸਖੀ (ਅਪਣੀ ਜਗਿਆਸੂ) ਸਹੇਲੀ ਨੂੰ ਸਮਝਾਉਂਦੀ ਹੈ। (ਕਿ ਜਿਹੜੀ ਜੀਵ ਇਸਤ੍ਰੀ) ਉਹ ਹੀ ਕੰਮ ਕਰਦੀ ਹੈ, ਜੋ ਪ੍ਰਭੂ ਨੂੰ ਭਾਉਂਦਾ ਹੈ। ਉਹ ਸੁਹਾਗਣ ਇਸਤ੍ਰੀ ਪ੍ਰਭੂ ਦੇ ਸਰੂਪ ਵਿਚ ਸਮਾ ਜਾਂਦੀ ਹੈ (ਪ੍ਰਭੂ ਨਾਲ ਇਕ ਮਿਕ ਹੋ ਜਾਂਦੀ ਹੈ)।੨। (ਜਿਹੜੀ ਜੀਵ ਇਸਤ੍ਰੀ) ਹੰਕਾਰ ਵਿਚ ਗ੍ਰਸੀ ਹੋਈ ਹੈ, (ਉਹ ਪ੍ਰਭੂ ਪਤੀ ਦਾ) ਮਹਿਲ ਪ੍ਰਾਪਤ ਨਹੀਂ ਕਰ ਸਕਦੀ। ਜਦ ਉਮਰ ਰੂਪ ਰਾਤ ਬੀਤ ਜਾਂਦੀ ਹੈ, ਫਿਰ ਪਛਤਾਉਂਦੀ ਹੈ। ਭਾਗ ਹੀਣ ਮਨਮੁਖ ਇਸਤ੍ਰੀ ਦੁਖ ਪਾਉਂਦੀ ਹੈ।੩। (ਜਗਿਆਸੂ ਸਹੇਲੀ ਗੁਰਮੁਖ ਸਖੀ ਨੂੰ ਕਹਿੰਦੀ ਹੈ ਕਿ ਤੂੰ ਮੇਰੇ ਵੱਲੋਂ ਪ੍ਰਭੂ ਅੱਗੇ ਬੇਨਤੀ ਕਰ। ਤਾਂ ਗੁਰਮੁਖ ਸਖੀ ਉਤਰ ਦੇਂਦੀ ਹੈ ਕਿ) ਮੈਂ ਬੇਨਤੀ ਤਾਂ ਕਰਾਂ, ਜੇ ਮੈਂ (ਉਸ ਨੂੰ ਅਪਣੇ ਤੋਂ) ਦੂਰ ਜਾਣਦੀ ਹੋਵਾਂ (ਉਹ ਅੰਤਰਜਾਮੀ ਹੈ)। ਪ੍ਰਭੂ ਨਾਸ਼ ਰਹਿਤ ਹੈ ਅਤੇ ਉਹ ਹਰ ਥਾਂ ਵਿਆਪਕ ਹੋ ਰਿਹਾ ਹੈ। ਦਾਸ ਨਾਨਕ (ਉਸ ਪ੍ਰਭੂ ਨੂੰ) ਹਾਜਰ ਨਾਜਰ ਦੇਖ ਕੇ (ਉਸ ਦੇ) ਗੁਣ ਗਾਉਂਦਾ ਹੈ।੪।੩।

ਪਦਾਰਥ = ਧਨੁ-ਧੰਨਤਾ ਯੋਗ; ਸਲਾਹੁਣ ਯੋਗ। ਸੋਹਾਗਨਿ-ਸੁਹਾਗ ਭਾਗ ਵਾਲੀ ਇਸਤ੍ਰੀ (ਗਿਆਨ ਵਾਨ ਪੁਰਖ)। ਮਾਨੈ-ਮੰਨਦੀ ਹੈ। ਤਜੈ-ਛਡ ਦੇਂਦੀ ਹੈ। ਅਭਿਮਾਨੈ-ਹੰਕਾਰ। ਪ੍ਰਿਅ ਸਿਉ-ਪਿਆਰੇ ਪਤੀ ਨਾਲ। ਰਾਤੀ-ਪਿਆਰ ਵਿਚ ਮਗਨ ਹੋਈ। ਰਲੀਆ ਮਾਨੈ-ਅਨੰਦ ਮਾਣਦੀ ਹੈ।੧। ਸਖੀਏ-ਹੇ ਸਖੀ !। ਨੀਸਾਨੀ-ਲੱਛਣ; ਨਿਸ਼ਾਨੀ। ਅਰਪਿ-ਅਰਪਣ ਕਰ ਦੇ। ਤਜਿ-ਛਡ ਕੇ। ਲਾਜ ਲੋਕਾਨੀ-ਲੋਕਾਂ ਦੀ ਲਾਜ (ਲੋਕਾਂ ਤੋਂ ਸ਼ਰਮ ਖਾਣ ਦਾ ਖਿਆਲ)।੧। ਰਹਾਉ। ਕਉ-ਨੂੰ। ਸੋਈ ਉਹ ਹੀ। ਕਮਾਵੈ-ਕੰਮ ਕਰਦੀ ਹੈ। ਭਾਵੈ-ਚੰਗਾ ਲਗਦਾ ਹੈ। ਸਾ-ਉਹ। ਅੰਕਿ-ਸਰੂਪ ਵਿਚ; ਗੋਦ ਵਿਚ। ਸਮਾਵੈ-ਲੀਨ ਹੋ ਜਾਂਦੀ ਹੈ।੨। ਗਰਬਿ-ਹੰਕਾਰ ਵਿਚ। ਗਹੇਲੀ-ਗ੍ਰਸੀ ਹੋਈ। ਮਹਲੁ-ਪ੍ਰਭੂ ਦਾ ਮਹਿਲ। ਜਬ-ਜਦ। ਰੈਣਿ-ਉਮਰ ਰੂਪ ਰਾਤ। ਬਿਹਾਵੈ-ਬੀਤ ਜਾਂਦੀ ਹੈ। ਕਰਮ ਹੀਣ-ਭਾਗ ਹੀਣ (ਅਭਾਗਣ)।੩। ਬਿਨਉ-ਬੇਨਤੀ। ਕਰੀ-ਮੈਂ ਕਰਾਂ। ਅਬਿਨਾਸੀ-ਨਾਸ਼ ਰਹਿਤ। ਰਹਿਆ ਭਰਪੂਰਿ-ਹਰ ਥਾਂ ਵਿਆਪਕ ਹੋ ਰਿਹਾ ਹੈ। ਜਨੁ ਨਾਨਕੁ-ਦਾਸ ਨਾਨਕ। ਦੇਖਿ-ਦੇਖ ਕੇ। ਹਦੂਰਿ-ਹਾਜਰ ਨਾਜਰ; ਅੰਗ ਸੰਗ।੪।੩।

ਸੂਹੀ ਮਹਲਾ ੫ ॥ ਗ੍ਰਿਹੁ ਵਸਿ ਗੁਰਿ ਕੀਨਾ, ਹਉ ਘਰ ਕੀ ਨਾਰਿ ॥ ਦਸ ਦਾਸੀ ਕਰਿ ਦੀਨੀ ਭਤਾਰਿ ॥ ਸਗਲ ਸਮਗ੍ਰੀ ਮੈ ਘਰ ਕੀ ਜੋੜੀ ॥ ਆਸ ਪਿਆਸੀ ਪਿਰ ਕਉ ਲੋੜੀ ॥੧॥ ਕਵਨ ਕਹਾ ਗੁਨ ਕੰਤ ਪਿਆਰੇ ॥ ਸੁਘੜ ਸਰੂਪ ਦਇਆਲ ਮੁਰਾਰੇ ॥੧॥ਰਹਾਉ

॥ ਸਤੁ ਸੀਗਾਰੁ ਭਉ ਅੰਜਨੁ ਪਾਇਆ ॥ ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ ॥ ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ ॥ ਧਨ ਸਭ ਸੁਖ ਪਾਵੈ, ਜਾਂ ਪਿਰੁ ਘਰਿ ਆਵੈ ॥੨॥ ਗੁਣ ਕਾਮਣ ਕਰਿ ਕੰਤੁ ਰੀਝਾਇਆ ॥ ਵਸਿ ਕਰਿ ਲੀਨਾ, ਗੁਰਿ ਭਰਮੁ ਚੁਕਾਇਆ ॥ ਸਭ ਤੇ ਊਚਾ ਮੰਦਰੁ ਮੇਰਾ ॥ ਸਭ ਕਾਮਣਿ ਤਿਆਗੀ, ਪ੍ਰਿਉ ਪ੍ਰੀਤਮੁ ਮੇਰਾ ॥੩॥ ਪ੍ਰਗਟਿਆ ਸੂਰੁ ਜੋਤਿ ਉਜਿਆਰਾ ॥ ਸੇਜ ਵਿਛਾਈ ਸਰਧ ਅਪਾਰਾ ॥ ਨਵ ਰੰਗ ਲਾਲੁ ਸੇਜ ਰਾਵਣ ਆਇਆ ॥ ਜਨ ਨਾਨਕ, ਪਿਰ ਧਨ ਮਿਲਿ ਸੁਖੁ ਪਾਇਆ ॥੪॥੪॥ (ਹੇ ਸਖੀ!) ਪ੍ਰਭੂ ਪਤੀ ਨੇ ਗੁਰੂ ਰਾਹੀਂ ਮੇਰਾ ਸਰੀਰ ਰੂਪ ਘਰ ਮੇਰੇ ਵਸ ਵਿਚ ਕਰ ਦਿਤਾ ਹੈ ਅਤੇ ਮੈਂ (ਹੁਣ ਗੁਰੂ ਦੀ ਕ੍ਰਿਪਾ ਨਾਲ ਇਸ) ਘਰ ਦੀ ਇਸਤ੍ਰੀ (ਮਾਲਕ ਬਣ ਗਈ) ਹਾਂ। ਮੇਰੇ ਪਤੀ ਮਾਲਕ ਨੇ ਦਸ ਇੰਦ੍ਰੀਆਂ (ਸੇਵਾ ਵਾਸਤੇ ਮੇਰੀਆਂ) ਦਾਸੀਆਂ ਕਰ ਦਿਤੀਆਂ ਹਨ। (ਪਤੀ ਨੂੰ ਮਿਲਣ ਲਈ ਜਿਸ ਜਿਸ ਵਸਤੂ ਜਾਂ ਜੀਵਨ ਨੂੰ ਸੁਧਾਰਨ ਲਈ ਜਿਨ੍ਹਾਂ ਸ਼ੁੱਭ ਗੁਣਾਂ ਦੀ ਲੋੜ ਸੀ, ਉਹ) ਘਰ ਦੀ ਸਾਰੀ ਸਮੱਗਰੀ ਮੈਂ ਇਕੱਠੀ ਕਰ ਲਈ ਹੈ। ਮੈਂ (ਦਰਸ਼ਨਾਂ ਦੀ) ਆਸ ਰੱਖ ਕੇ ਪਿਆਸੀ ਹੋ ਕੇ ਪਤੀ ਪ੍ਰਭੂ ਨੂੰ ਲੱਭ ਰਹੀ ਹਾਂ।੧।(ਹੇ ਸਖੀ! ਮੈਂ ਉਸ) ਪਿਆਰੇ ਪਤੀ ਦੇ ਕਿਹੜੇ ਕਿਹੜੇ ਗੁਣ ਦੱਸਾਂ? (ਉਹ) ਪ੍ਰਭੂ ਸੁੰਦਰ ਸਰੂਪ ਵਾਲਾ ਸੁਚੱਜਾ ਅਤੇ ਦਇਆਵਾਨ ਹੈ।੧। ਰਹਾਉ। (ਸਮੱਗਰੀ ਜੋ ਜੋੜੀ ਹੈ, ਉਹ ਦਸਦੇ ਹਨ। ਹੇ ਸਖੀ!) ਮੈਂ ਉਚੇ ਸੁੱਚੇ ਆਚਰਣ ਨੂੰ (ਅਪਣੇ ਜੀਵਨ ਦਾ) ਸ਼ਿੰਗਾਰ ਕੀਤਾ ਹੈ ਅਤੇ (ਮਨ ਤੇ ਬੁੱਧੀ ਰੂਪ ਅੱਖਾਂ ਵਿਚ) ਰੱਬੀ ਭੈ ਰੂਪ ਸੁਰਮਾ ਪਾਇਆ ਹੈ। ਮੈਂ ਮੂੰਹ ਨਾਲ ਅੰਮ੍ਰਿਤ ਨਾਮ ਰੂਪ ਪਾਨ ਖਾਧਾ ਹੈ। ਜਦ ਪਤੀ ਪ੍ਰਭੂ ਹਿਰਦੇ ਘਰ ਵਿਚ ਆ ਜਾਂਦਾ ਹੈ ਤਾਂ ਜੀਵ ਰੂਪ ਇਸਤ੍ਰੀ ਸਾਰੇ ਸੁਖ ਪਾ ਲੈਂਦੀ ਹੈ। ਅਤੇ (ਉਸ ਦੇ) ਕੰਗਨ, ਬਸਤ੍ਰ ਅਤੇ ਗਹਿਣੇ ਸਾਰੇ ਸੋਹਣੇ ਬਣ ਜਾਂਦੇ ਹਨ (ਸਾਰੇ ਧਰਮ ਕਰਮ ਸਫਲ ਹੋ ਜਾਂਦੇ ਹਨ)।੨।(ਹੇ ਸਖੀ!) ਸ਼ੁੱਭ ਗੁਣ ਧਾਰਨ ਕਰਨ ਦਾ ਮੈਂ ਟੂਣਾ ਕਰਕੇ ਪਤੀ ਨੂੰ ਖੁਸ਼ ਕੀਤਾ ਹੈ। ਗੁਰੂ ਨੇ ਮੇਰਾ ਸਾਰਾ ਭਰਮ ਦੂਰ ਕਰ ਦਿਤਾ ਹੈ, (ਇਸ ਤਰ੍ਹਾਂ) ਮੈਂ ਪਤੀ ਨੂੰ ਵਸ ਵਿਚ ਕਰ ਲਿਆ ਹੈ।(ਦੈਵੀ ਗੁਣ ਧਾਰਨ ਕਰਨ ਕਰਕੇ) ਮੇਰਾ ਹਿਰਦਾ ਰੂਪ ਮੰਦਰ ਸਭ ਤੋਂ ਉਚਾ ਹੋ ਗਿਆ ਹੈ।(ਜਿਸ ਕਰਕੇ) ਸਾਰੀਆਂ ਇਸਤ੍ਰੀਆਂ ਨੂੰ ਛਡ ਕੇ ਪਤੀ ਮੇਰਾ ਹੀ ਪ੍ਰੀਤਮ ਬਣ ਗਿਆ ਹੈ।੩।(ਹੇ ਸਖੀ! ਹੁਣ) ਗਿਆਨ ਦਾ ਸੂਰਜ ਪ੍ਰਗਟ ਹੋ ਗਿਆ ਹੈ ਅਤੇ (ਮੇਰੇ ਹਿਰਦੇ ਅੰਦਰ ਉਸ ਦੀ) ਜੋਤ ਦਾ ਚਾਨਣ ਹੋ ਗਿਆ ਹੈ।(ਜਦੋਂ) ਮੈਂ ਬੇਅੰਤ ਪ੍ਰਭੂ ਦੀ ਸ਼ਰਧਾ ਦੀ ਸੇਜ ਵਿਛਾਈ (ਹਿਰਦੇ ਵਿਚ ਪੂਰਨ ਸ਼ਰਧਾ ਪੈਦਾ ਹੋ ਗਈ। ਤਦ) ਨਵੇਂ ਪ੍ਰੇਮ ਵਾਲਾ ਪਿਆਰਾ ਪਤੀ ਸੇਜ ਉਤੇ ਮੈਨੂੰ ਮਾਨਣ ਲਈ ਆਇਆ ਹੈ। ਦਾਸ ਨਾਨਕ ਆਖਦਾ ਹੈ ਕਿ (ਇਸ ਤਰ੍ਹਾਂ ਜੀਵ) ਇਸਤ੍ਰੀ ਨੇ ਪਤੀ ਪ੍ਰਭੂ ਨੂੰ ਮਿਲ ਕੇ ਆਤਮਕ ਸੁਖ ਪਾਇਆ ਹੈ।੪।੪।

ਪਦਾਰਥ = ਗ੍ਰਿਹੁ–ਸਰੀਰ ਰੂਪ ਘਰ। ਵਸਿ ਕੀਨਾ–ਵਸ ਵਿਚ ਕਰ ਦਿਤਾ। ਗੁਰਿ–ਗੁਰੂ ਰਾਹੀਂ। ਹਉ–ਮੈਂ। ਨਾਰਿ–ਇਸਤ੍ਰੀ (ਮਾਲਕ)। ਦਸ–ਦਸ ਇੰਦ੍ਰੀਆਂ। ਦਾਸੀ–ਦਾਸੀਆਂ (ਨੌਕਰਾਣੀਆਂ)। ਕਰਿ ਦੀਨੀ–ਕਰ (ਬਣਾ) ਦਿਤੀਆਂ। ਭਤਾਰਿ–ਪਤੀ ਪ੍ਰਭੂ ਨੇ। ਸਗਲ ਸਮਗੀ –ਸਾਰਾ ਸਮਾਨ। ਜੋੜੀ–ਜੋੜ (ਇਕੱਠਾ ਕਰ) ਲਿਆ। ਪਿਰ ਕਉ–ਪਤੀ ਪ੍ਰਭੂ ਨੂੰ। ਲੋੜੀ–ਲੱਭ ਰਹੀ ਹਾਂ।੧। ਕਵਨ–ਕਿਹੜੇ। ਕਹਾ– ਦੱਸਾਂ। ਕੰਤ–ਪਤੀ ਦੇ। ਸੁਘੜ–ਸ੍ਰੇਸਟ ਘਾੜਤ ਘੜਨ ਵਾਲਾ; ਸਿਆਣਾ; ਸੁਚੱਜਾ। ਮੁਰਾਰੇ–ਹੰਕਾਰ; ਅਗਿਆਨ ਦਾ ਨਾਸ਼ ਕਰਨ ਵਾਲਾ ਪ੍ਰਭੂ।੧। ਰਹਾਉ। ਸਤੁ–ਉਚਾ ਸੁੱਚਾ ਆਚਰਣ। ਭਉ–ਡਰ। ਅੰਜਨੁ–ਸੁਰਮਾ। ਤੰਬੋਲੁ–ਪਾਨ। ਮੁਖਿ–ਮੂੰਹ ਨਾਲ। ਕੰਗਨ–ਕੜੇ। ਗਹਨੇ –ਗਹਣੇ। ਬਨੇ ਸੁਹਾਵੇ–ਸੋਹਣੇ ਬਣ ਜਾਂਦੇ ਹਨ। ਧਨ–ਇਸਤ੍ਰੀ। ਜਾਂ–ਜਦੋਂ।੨। ਗੁਣ ਕਾਮਣ ਕਰਿ–ਸ਼ੁੱਭ ਗੁਣਾਂ ਦਾ ਟੂਣਾ ਕਰਕੇ। ਰੀਝਾਇਆ–ਖੁਸ਼ ਕੀਤਾ। ਗੁਰਿ–ਗੁਰੂ ਨੇ। ਚੁਕਾਇਆ–ਦੂਰ ਕਰ ਦਿਤਾ। ਤੇ–ਤੋਂ। ਮੰਦਰੁ–ਹਿਰਦਾ ਰੂਪ ਮੰਦਰ। ਕਾਮਣਿ ਤਿਆਗੀ– ਇਸਤ੍ਰੀਆਂ ਨੂੰ ਛਡ ਕੇ। ਪ੍ਰਿਉ ਪ੍ਰੀਤਮ–ਪਿਆਰਾ ਪਤੀ।੩। ਸੂਰੁ–ਸੂਰਜ। ਉਜੀਆਰਾ–ਚਾਨਣ। ਸਰਧ–ਸ਼ਰਧਾ। ਅਪਾਰਾ–ਬੇਅੰਤ ਪ੍ਰਭੂ ਦੀ। ਨਵ ਰੰਗ–ਨਵੇਂ ਪ੍ਰੇਮ ਵਾਲਾ। ਲਾਲੁ–ਪਿਆਰਾ। ਸੇਜ–ਹਿਰਦਾ ਰੂਪ ਸੇਜ। ਰਾਵਣ–ਭੋਗਣ ਲਈ; ਮਾਨਣ ਲਈ।੪।੪।

ਸੂਹੀ ਮਹਲਾ ੫ ॥ ਉਮਕਿਓ ਹੀਉ ਮਿਲਨ ਪ੍ਰਭ ਤਾਈ ॥ ਖੋਜਤ ਚਰਿਓ ਦੇਖਉ ਪ੍ਰਿਅ ਜਾਈ ॥ ਸੁਨਤ ਸਦੇਸਰੋ ਪ੍ਰਿਅ, ਗ੍ਰਿਹਿ ਸੇਜ ਵਿਛਾਈ ॥ ਭ੍ਰਮਿ ਭ੍ਰਮਿ ਆਇਓ, ਤਉ ਨਦਰਿ ਨ ਪਾਈ ॥੧॥ ਕਿਨ ਬਿਧਿ ਹੀਅਰੋ, ਧੀਰੈ ਨਿਮਾਨੋ ॥ ਮਿਲੁ ਸਾਜਨ, ਹਉ ਤੁਝੁ ਕੁਰਬਾਨੋ ॥੧॥ਰਹਾਉ॥ ਏਕਾ ਸੇਜ ਵਿਛੀ ਧਨ ਕੰਤਾ ॥ ਧਨ ਸੂਤੀ ਪਿਰੁ ਸਦ ਜਾਗੰਤਾ ॥ ਪੀਓ ਮਦਰੋ ਧਨ ਮਤਵੰਤਾ ॥ ਧਨ ਜਾਗੈ ਜੇ ਪਿਰੁ ਬੋਲੰਤਾ ॥੨॥ ਭਈ ਨਿਰਾਸੀ, ਬਹੁਤੁ ਦਿਨ ਲਾਗੇ ॥ ਦੇਸ ਦਿਸੰਤਰ ਮੈ ਸਗਲੇ ਝਾਗੇ ॥ ਖਿਨੁ ਰਹਨੁ ਨ ਪਾਵਉ ,ਬਿਨੁ ਪਗ ਪਾਗੇ ॥ ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ ॥੩॥ ਭਇਓ ਕ੍ਰਿਪਾਲੁ ਸਤ ਸੰਗਿ ਮਿਲਾਇਆ ॥ ਬੂਝੀ ਤਪਤਿ ਘਰਹਿ ਪਿਰੁ ਪਾਇਆ ॥ ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ ॥ ਕਹੁ ਨਾਨਕ ਗੁਰਿ ਭਰਮੁ ਚੁਕਾਇਆ ॥੪॥ (ਹੇ ਸਖੀ!) ਪ੍ਰਭੂ ਨੂੰ ਮਿਲਣ ਵਾਸਤੇ ਮੇਰਾ ਹਿਰਦਾ ਖੁਸ਼ੀ ਨਾਲ ਉਛਲ ਪਿਆ ਹੈ।(ਮੈਂ ਉਸ ਨੂੰ) ਖੋਜਣ ਚੜ੍ਹ ਪਿਆ ਹਾਂ, ਤਾਂ ਜੋ ਪਿਆਰੇ ਨੂੰ ਜਾ ਕੇ ਦੇਖ ਲਵਾਂ।(ਗੁਰੂ ਦੇ ਸ਼ਬਦ ਰਾਹੀਂ) ਪਿਆਰੇ ਦਾ ਸੁਨੇਹਾ ਸੁਣਦਿਆਂ ਮੈਂ ਹਿਰਦੇ ਰੂਪ ਘਰ ਵਿਚ (ਸ਼ਰਧਾ ਰੂਪ) ਸੇਜ ਵਿਛਾਈ ਹੈ।(ਇਸ ਤੋਂ ਪਹਿਲਾਂ ਮੈਂ)

ਭਟਕ ਭਟਕ ਕੇ ਆਈ ਹਾਂ, ਤਾਂ ਵੀ (ਪਤੀ ਕਿਤੇ) ਨਜਰ ਨਹੀਂ ਪਿਆ।੧।ਹੇ ਸਾਜਨ (ਪਤੀ ਪ੍ਰਭੂ)! ਮੈਂ ਤੇਰੇ ਤੋਂ ਕੁਰਬਾਨ ਜਾਂਦੀ ਹਾਂ, ਮੈਨੂੰ ਮਿਲ।(ਤੇਰੇ ਦਰਸ਼ਨਾਂ ਤੋਂ ਬਿਨਾ ਮੈਂ) ਨਿਮਾਣੀ ਦਾ ਹਿਰਦਾ ਕਿਸ ਤਰ੍ਹਾਂ ਧੀਰਜ ਫੜ ਸਕਦਾ ਹੈ? (ਮਨ ਸ਼ਾਂਤ ਨਹੀਂ ਹੋ ਸਕਦਾ)।੧।ਰਹਾਉ।(ਹੇ ਸਖੀ!) ਜੀਵ ਇਸਤ੍ਰੀ ਤੇ ਪਤੀ ਪ੍ਰਭੂ ਦੀ ਇਕੋ ਸੇਜ ਵਿਛੀ ਹੋਈ ਹੈ (ਜੀਵਾਤਮਾ ਤੇ ਪ੍ਰਭੂ ਦਾ ਹਿਰਦੇ ਵਿਚ ਇਕੋ ਥਾਂ ਨਿਵਾਸ ਹੈ।ਪਰ) ਜੀਵ ਇਸਤ੍ਰੀ ਮੋਹ ਮਾਇਆ ਦੀ ਨੀਂਦ ਵਿਚ ਸੁੱਤੀ ਪਈ ਹੈ ਅਤੇ ਪਤੀ ਪ੍ਰਮੇਸਰ ਸਦਾ ਜਾਗਦਾ ਹੈ (ਮੋਹ ਮਾਇਆ ਦੀ ਨੀਂਦ ਤੋਂ ਰਹਿਤ ਹੈ)।ਜੀਵ ਇਸਤ੍ਰੀ ਇਉਂ ਮਸਤ ਹੋਈ ਪਈ ਹੈ (ਜਿਵੇਂ ਉਸ ਨੇ) ਸ਼ਰਾਬ ਪੀਤੀ ਹੁੰਦੀ ਹੈ।ਜੀਵ ਇਸਤ੍ਰੀ ਜਾਗ (ਹੋਸ਼ ਵਿਚ ਆ) ਸਕਦੀ ਹੈ, ਜੇ ਪਤੀ ਪ੍ਰਮੇਸਰ (ਇਸ ਨੂੰ) ਬੁਲਾਵੇ (ਮੋਹ ਦੀ ਨੀਂਦ ਵਿਚੋਂ ਜਗਾ ਦੇਵੇ।੨।ਹੇ ਸਖੀ! ਉਡੀਕਦਿਆਂ) ਬਹੁਤ ਦਿਨ ਲਗ (ਬੀਤ) ਗਏ ਹਨ, (ਪਰ ਪਤੀ ਪ੍ਰਮੇਸਰ ਦੇ ਨਾ ਮਿਲਣ ਕਰਕੇ) ਮੈਂ ਨਿਰਾਸ ਹੋ ਗਈ ਹਾਂ।(ਪਤੀ ਨੂੰ ਮਿਲਣ ਵਾਸਤੇ) ਮੈਂ ਦੇਸ ਪ੍ਰਦੇਸ ਸਾਰੇ ਘੁੰਮੇ ਫਿਰੇ ਹਨ।(ਪਤੀ ਦੇ) ਚਰਨਾਂ ਵਿਚ ਮਗਨ ਹੋਏ ਬਿਨਾ ਮੈਂ ਇਕ ਖਿਨ ਵੀ ਟਿਕਾਉ ਪ੍ਰਾਪਤ ਨਹੀਂ ਕਰ ਸਕਦੀ।ਜੇ ਪ੍ਰਭੂ ਮੇਹਰਵਾਨ ਹੋ ਕੇ (ਸਾਨੂੰ) ਮਿਲ ਪਵੇ, (ਤਾਂ ਅਸੀਂ) ਚੰਗੇ ਭਾਗਾਂ ਵਾਲੇ ਹੋਵਾਂਗੇ।੩।(ਬੇਨਤੀ ਸੁਣ ਕੇ ਪ੍ਰਭੂ ਪਤੀ ਜਦ) ਮੇਹਰਵਾਨ ਹੋਇਆ (ਤਾਂ ਉਸ ਨੇ ਮੈਨੂੰ) ਸਤਸੰਗਤ ਵਿਚ ਮਿਲਾ ਦਿਤਾ।(ਸਤਸੰਗਤ ਰਾਹੀਂ ਮੈਂ) ਹਿਰਦੇ ਘਰ ਵਿਚ ਹੀ ਪਤੀ ਪ੍ਰਭੂ ਨੂੰ ਪਾ ਲਿਆ, (ਜਿਸ ਨਾਲ ਵਿਛੋੜੇ ਦੀ ਮੇਰੀ) ਜਲਨ ਬੁਝ ਗਈ।ਸਾਰੇ ਸ਼ਿੰਗਾਰ ਹੁਣ ਮੈਨੂੰ ਸੋਹਣੇ ਲਗਦੇ (ਸਾਰੇ ਸਾਧਨ ਸਫਲ ਹੋ ਗਏ) ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਨੇ ਮੇਰਾ ਭਰਮ ਦੂਰ ਕਰ ਦਿਤਾ ਹੈ।੪।

ਅੰਗ ੭੩੮ = ਜਹ ਦੇਖਾ ਤਹ ਪਿਰੁ ਹੈ ਭਾਈ ॥ ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ ॥੧॥ਰਹਾਉ ਦੂਜਾ॥੫॥ ਹੇ ਭਾਈ! (ਜਦ ਗੁਰੂ ਨੇ ਮੇਰੇ ਅੰਦਰੋਂ ਅਗਿਆਨ ਦਾ) ਕਿਵਾੜ ਖੋਲ੍ਹ (ਦੂਰ ਕਰ) ਦਿਤਾ, ਤਦ (ਮੇਰਾ) ਮਨ ਟਿਕ ਗਿਆ ਹੈ।(ਹੁਣ ਮੈਂ) ਜਿਥੇ ਦੇਖਦੀ ਹਾਂ, ਉਥੇ ਹੀ ਪਤੀ ਪ੍ਰਮੇਸਰ ਹਾਜਰ ਨਾਜਰ ਦਿਸਦਾ ਹੈ।੧।ਰਹਾਉ ਦੂਜਾ।੫।

ਪਦਾਰਥ = ਉਮਕਿਓ–ਖੁਸ਼ੀ ਨਾਲ ਉਛਲ ਪਿਆ।ਹੀਉ–ਹਿਰਦਾ।ਤਾਈ–ਵਾਸਤੇ।ਖੋਜਤ ਚਰਿਓ–ਲੱਭਣ ਚੜ੍ਹ ਪਿਆ।ਦੇਖਉ ਜਾਈ –ਜਾ ਕੇ ਦੇਖਾਂ।ਸੁਨਤ–ਸੁਣਦੇ ਸਾਰ।ਸਦੇਸਰੋ–ਸਨੇਹਾ।ਪ੍ਰਿਅ–ਪਿਆਰੇ ਦਾ।ਗ੍ਰਿਹਿ–ਹਿਰਦੇ ਘਰ ਵਿਚ।ਸੇਜ–ਸ਼ਰਧਾ ਰੂਪ ਸੇਜ। ਭ੍ਰਮਿ ਭ੍ਰਮਿ–ਭਟਕ ਭਟਕ ਕੇ।ਤਉ–ਤਾਂ ਵੀ।ਨਦਰਿ–ਨਜਰ।੧।ਕਿਨ ਬਿਧਿ–ਕਿਸ ਤਰ੍ਹਾਂ।ਹੀਅਰੋ–ਹਿਰਦਾ।ਨਿਮਾਨੋ–ਵਿਚਾਰੀ (ਗਰੀਬਣੀ) ਦਾ।ਧੀਰੈ–ਧੀਰਜ ਫੜੇ।ਸਾਜਨ–ਹੇ ਸਾਜਨ!।ਹਉ–ਮੈਂ।ਤੁਝੁ–ਤੈਥੋਂ।੧।ਰਹਾਉ।ਧਨ ਕੰਤਾ–ਜੀਵ ਇਸਤ੍ਰੀ ਤੇ ਪਤੀ ਪ੍ਰਮੇਸਰ ਦੀ।ਸੂਤੀ–ਸੁੱਤੀ ਪਈ ਹੈ।ਪਿਰੁ–ਪਤੀ।ਸਦ ਜਾਗੰਤਾ–ਸਦਾ ਜਾਗਦਾ ਹੈ।ਪੀਓ ਮਦਰੋ–ਸ਼ਰਾਬ ਪੀਤੀ ਹੈ।ਮਤਵੰਤਾ–ਮਸਤ; ਬੇਹੋਸ਼।ਬੋਲੰਤਾ–ਬੁਲਾਉਂਦਾ ਹੈ।੨।ਭਈ–ਹੋ ਗਈ ਹਾਂ।ਨਿਰਾਸੀ–ਉਦਾਸ; ਜਿਸ ਦੀ ਆਸ ਪੂਰੀ ਨਾ ਹੋਈ ਹੋਵੇ।ਲਾਗੇ–ਲਗ (ਬੀਤ) ਗਏ।ਦੇਸ ਦਿਸੰਤਰ–ਦੇਸ ਪ੍ਰਦੇਸਾਂ ਵਿਚ।ਸਗਲੇ–ਸਾਰੇ।ਝਾਗੇ–ਘੁੰਮ ਫਿਰ ਲਏ ਹਨ; ਖੋਜੇ ਹਨ।ਖਿਨੁ–ਇਕ ਛਿਨ।ਰਹਨੁ ਨ ਪਾਵਉ –ਟਿਕਾਉ ਨਹੀਂ ਪਾ ਸਕਦੀ।ਬਿਨੁ ਪਗ ਪਾਗੇ–ਚਰਨਾਂ ਵਿਚ ਮਗਨ ਹੋਏ ਬਿਨਾ।ਮਿਲਹ–ਮਿਲ ਸਕਦੇ ਹਾਂ।ਸਭਾਗੇ–ਚੰਗੇ ਭਾਗਾਂ ਵਾਲੇ।੩।ਭਇਓ–ਹੋਇਆ।ਸਤ ਸੰਗਿ–ਸਤਸੰਗਤ ਵਿਚ।ਬੂਝੀ ਤਪਤਿ–ਜਲਨ ਬੁਝ ਗਈ।ਘਰਹਿ–ਹਿਰਦੇ ਘਰ ਵਿਚ ਹੀ।ਮੁਝਹਿ –ਮੈਨੂੰ।ਸੁਹਾਇਆ–ਸੋਹਣੇ ਲਗਦੇ ਹਨ।ਗੁਰਿ–ਗੁਰੂ ਨੇ।ਚੁਕਾਇਆ–ਦੂਰ ਕਰ ਦਿਤਾ।੪।ਜਹ–ਜਿੱਥੇ।ਦੇਖਾ–ਦੇਖਦਾ ਹਾਂ।ਤਹ– ਉਥੇ।ਭਾਈ–ਹੇ ਭਾਈ!।ਕਪਾਟੁ–ਕਿਵਾੜ; ਪੜਦਾ।ਤਾ–ਤਦ।ਮਨੁ ਠਹਰਾਈ–ਮਨ ਟਿਕ ਗਿਆ।੧।ਰਹਾਉ ਦੂਜਾ।੫।

ਸਾਰੰਸ਼ = ਮਨੁੱਖ ਅਤੇ ਪ੍ਰਭੂ ਦਾ ਮੇਲ ਦੂਰ ਨਹੀਂ, ਇਸਤ੍ਰੀ ਤੇ ਪਤੀ ਵਾਂਗ ਇਕੋ ਥਾਂ ਵਸਦੇ ਹਨ।ਪਰ ਮੋਹ ਮਾਇਆ ਦੀ ਸ਼ਰਾਬ ਪੀ ਕੇ ਮਨੁੱਖ ਅਗਿਆਨਤਾ ਦੀ ਨੀਂਦ ਵਿਚ ਸੁੱਤਾ ਪਿਆ ਪ੍ਰਭੂ ਦੇ ਮੇਲ ਨੂੰ ਅਨੁਭਵ ਨਹੀਂ ਕਰਦਾ।ਪਰ ਜਦ ਪ੍ਰਭੂ ਆਪ ਅਵਾਜ ਦੇ ਕੇ ਬੁਲਾਵੇ, ਤਾਂ ਮਨੁੱਖ ਜਾਗ ਪੈਂਦਾ ਹੈ, ਇਹ ਜਾਗ ਸਤਸੰਗਤ ਰਾਹੀਂ ਮਿਲਦੀ ਹੈ (ਸ਼ਬਦਾਰਥ)।

ਸੂਹੀ ਮਹਲਾ ੫ ॥ ਕਿਆ ਗੁਣ ਤੇਰੇ ਸਾਰਿ ਸਮ੍ਾਲੀ, ਮੋਹਿ ਨਿਰਗੁਨ ਕੇ ਦਾਤਾਰੇ ॥ ਬੈ ਖਰੀਦੁ ਕਿਆ ਕਰੇ ਚਤੁਰਾਈ, ਇਹੁ ਜੀਉ ਪਿੰਡੁ ਸਭੁ ਥਾਰੇ ॥੧॥ ਲਾਲ ਰੰਗੀਲੇ ਪ੍ਰੀਤਮ ਮਨਮੋਹਨ, ਤੇਰੇ ਦਰਸਨ ਕਉ ਹਮ ਬਾਰੇ ॥੧॥ਰਹਾਉ॥ ਪ੍ਰਭੁ ਦਾਤਾ ਮੋਹਿ ਦੀਨੁ ਭੇਖਾਰੀ, ਤੁਮ੍ ਸਦਾ ਸਦਾ ਉਪਕਾਰੇ ॥ ਸੋ ਕਿਛੁ ਨਾਹੀ ਜਿ ਮੈ ਤੇ ਹੋਵੈ, ਮੇਰੇ ਠਾਕੁਰ ਅਗਮ ਅਪਾਰੇ ॥੨॥ ਕਿਆ ਸੇਵ ਕਮਾਵਉ ਕਿਆ ਕਹਿ ਰੀਝਾਵਉ ,ਬਿਧਿ ਕਿਤੁ ਪਾਵਉ ਦਰਸਾਰੇ ॥ ਮਿਤਿ ਨਹੀ ਪਾਈਐ ਅੰਤੁ ਨ ਲਹੀਐ, ਮਨੁ ਤਰਸੈ ਚਰਨਾਰੇ ॥੩॥ ਪਾਵਉ ਦਾਨੁ ਢੀਠੁ ਹੋਇ ਮਾਗਉ ,ਮੁਖਿ ਲਾਗੈ ਸੰਤ ਰੇਨਾਰੇ ॥ ਜਨ ਨਾਨਕ ਕਉ ਗੁਰਿ ਕਿਰਪਾ ਧਾਰੀ, ਪ੍ਰਭਿ ਹਾਥ ਦੇਇ ਨਿਸਤਾਰੇ ॥੪॥੬॥ ਹੇ ਮੇਰੇ ਵਰਗੇ ਗੁਣ ਹੀਣਿਆਂ ਨੂੰ ਦਾਤਾਂ ਦੇਣ ਵਾਲੇ ਪ੍ਰਭੂ! ਮੈਂ ਤੇਰੇ ਕਿਹੜੇ ਕਿਹੜੇ ਗੁਣ ਯਾਦ ਕਰਕੇ (ਦਿਲ ਵਿਚ) ਸੰਭਾਲ ਕੇ ਰੱਖਾਂ? ਮੈਂ ਮੁੱਲ ਖ੍ਰੀਦਿਆ ਗੁਲਾਮ ਕੀ ਚਤਰਾਈ ਕਰ ਸਕਦਾ ਹਾਂ? ਮੇਰਾ ਇਹ ਸਰੀਰ, ਜਿੰਦ ਤੇ ਹੋਰ ਸਭ ਕੁਛ ਤੇਰਾ ਹੀ ਦਿਤਾ

ਹੋਇਆ ਹੈ।੧।ਹੇ ਮਨ ਨੂੰ ਮੋਹ ਲੈਣ ਵਾਲੇ ਪਿਆਰੇ ਚੋਜੀ ਪ੍ਰੀਤਮ ਪ੍ਰਭੂ! ਅਸੀਂ ਸਾਰੇ ਤੇਰੇ ਦਰਸ਼ਨਾਂ ਤੋਂ ਕੁਰਬਾਨ ਹਾਂ।੧।ਰਹਾਉ।ਹੇ ਪ੍ਰਭੂ! ਤੂੰ ਦਾਤਾ ਹੈਂ, ਮੈਂ ਤੇਰਾ ਨਿਮਾਣਾ ਮੰਗਤਾ ਹਾਂ, ਤੂੰ ਸਦਾ ਸਦਾ ਮੇਰਾ ਭਲਾ ਕਰਦਾ ਹੈਂ।ਹੇ ਮੇਰੇ ਅਪਹੁੰਚ ਤੇ ਬੇਅੰਤ ਪ੍ਰਭੂ! ਉਹ ਕੁਛ (ਐਸਾ ਕੰਮ) ਨਹੀਂ, ਜਿਹੜਾ (ਤੇਰੀ ਮੱਦਤ ਤੋਂ ਬਿਨਾ) ਮੈਥੋਂ ਹੋ ਸਕਦਾ ਹੋਵੇ।੨।(ਹੇ ਪ੍ਰਭੂ!) ਮੈਂ ਤੇਰੀ ਕਿਹੜੀ ਸੇਵਾ ਕਰਾਂ, ਕਿਹੜਾ ਜਸ ਕਹਿ ਕੇ ਤੈਨੂੰ ਖੁਸ਼ ਕਰਾਂ ਅਤੇ ਕਿਸ ਤਰੀਕੇ ਨਾਲ ਤੇਰਾ ਦਰਸ਼ਨ ਪਾਵਾਂ? ਤੇਰੇ ਗੁਣਾਂ ਦੀ ਮਿਣਤੀ ਨਹੀਂ ਪਾਈ ਜਾ ਸਕਦੀ, ਨਾ ਹੀ ਤੇਰਾ ਅੰਤ ਜਾਣਿਆ ਜਾ ਸਕਦਾ ਹੈ, ਮੇਰਾ ਮਨ ਤੇਰੇ ਚਰਨ ਪਰਸਣ ਲਈ ਤਰਸਦਾ ਹੈ।੩।(ਹੇ ਪ੍ਰਭੂ!) ਮੈਂ ਢੀਠ ਹੋ ਕੇ ਮੰਗਦਾ ਹਾਂ ਕਿ ਸੰਤਾਂ ਦੀ ਚਰਨ ਧੂੜ ਮੇਰੇ ਮੂੰਹ ਉਤੇ ਲੱਗੇ, ਮੈਂ (ਤੇਰੇ ਦਰ ਤੋਂ ਇਹ) ਦਾਨ ਪ੍ਰਾਪਤ ਕਰਾਂ।ਗੁਰੂ ਨੇ ਦਾਸ ਨਾਨਕ ਉਤੇ ਕ੍ਰਿਪਾ ਕੀਤੀ ਹੈ, (ਇਸੇ ਕਰਕੇ) ਪ੍ਰਭੂ ਨੇ ਅਪਣਾ ਹੱਥ ਦੇ ਕੇ (ਮੈਨੂੰ ਸੰਸਾਰ ਸਮੁੰਦਰ ਤੋਂ) ਤਾਰ ਦਿਤਾ ਹੈ।੪।੬।

ਪਦਾਰਥ = ਕਿਆ–ਕਿਹੜੇ ਕਿਹੜੇ।ਸਾਰਿ–ਯਾਦ ਕਰਕੇ।ਸਮ੍ਹਾਲੀ–ਸਿਮਰਾਂ; (ਦਿਲ ਵਿਚ) ਸੰਭਾਲ ਕੇ ਰੱਖਾਂ।ਮੋਹਿ–ਮੇਰੇ।ਨਿਰਗੁਨ ਕੇ–ਗੁਣ ਹੀਣ ਦੇ।ਦਾਤਾਰੇ–ਹੇ ਦਾਤਾਂ ਦੇਣ ਵਾਲੇ ਪ੍ਰਭੂ!।ਬੈ ਖਰੀਦੁ–ਮੁੱਲ ਖ੍ਰੀਦਿਆ ਗੁਲਾਮ।ਜੀਉ–ਜਿੰਦ।ਪਿੰਡੁ–ਸਰੀਰ।ਥਾਰੇ–ਤੇਰੇ।੧।ਲਾਲ ਰੰਗੀਲੇ–ਹੇ ਪਿਆਰੇ ਚੋਜੀ!।ਮਨਮੋਹਨ–ਮਨ ਨੂੰ ਮੋਹ ਲੈਣ ਵਾਲਾ।ਕਉ–ਨੂੰ; ਤੋਂ।ਹਮ ਬਾਰੇ–ਅਸੀਂ ਕੁਰਬਾਨ ਹਾਂ। ੧।ਰਹਾਉ।ਮੋਹਿ–ਮੈਂ।ਦੀਨ–ਨਿਮਾਣਾ; ਕੰਗਾਲ।ਤੁਮ੍–ਤੂੰ।ਉਪਕਾਰੇ–ਭਲਾ; ਸਹਾਇਤਾ।ਸੋ–ਉਹ।ਜਿ–ਜਿਹੜਾ।ਮੈ ਤੇ–ਮੈਥੋਂ। ਠਾਕੁਰ–ਮਾਲਕ ਪ੍ਰਭੂ।ਅਗਮ–ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ!।ਅਪਾਰੇ–ਪਾਰ ਰਹਿਤ (ਬੇਅੰਤ)।੨।ਸੇਵ ਕਮਾਵਉ–ਸੇਵਾ ਕਰਾਂ ।ਕਹਿ–ਕਹਿ ਕੇ।ਰੀਝਾਵਉ–ਖੁਸ਼ ਕਰਾਂ।ਬਿਧਿ ਕਿਤੁ–ਕਿਸ ਤਰੀਕੇ ਨਾਲ।ਪਾਵਉ–ਪਾਵਾਂ।ਦਰਸਾਰੇ–ਦਰਸ਼ਨ।ਮਿਤਿ–ਮਰਿਆਦਾ; ਮਿਣਤੀ।ਨ ਲਹੀਐ–ਨਹੀਂ ਜਾਣਿਆ ਜਾਂਦਾ।੩।ਢੀਠੁ ਹੋਇ–ਬੇਸ਼ਰਮ ਹੋ ਕੇ।ਮਾਗਉ–ਮੈਂ ਮੰਗਦਾ ਹਾਂ।ਮੁਖਿ–ਮੂੰਹ ਉਤੇ।ਰੇਨਾਰੇ–ਚਰਨ ਧੂੜ।ਕਉ–ਨੂੰ; ਉਤੇ।ਗੁਰਿ–ਗੁਰੂ ਨੇ।ਧਾਰੀ–ਕੀਤੀ।ਪ੍ਰਭਿ–ਪ੍ਰਭੂ ਨੇ।ਦੇਇ–ਦੇ ਕੇ।ਨਿਸਤਾਰੇ–ਤਾਰ ਦਿਤਾ।੪।੬।

ਸੂਹੀ ਮਹਲਾ ੫ ਘਰੁ ੩ ੴ ਸਤਿਗੁਰ ਪ੍ਰਸਾਦਿ ॥ ਸੇਵਾ ਥੋਰੀ ਮਾਗਨੁ ਬਹੁਤਾ ॥ ਮਹਲੁ ਨ ਪਾਵੈ, ਕਹਤੋ ਪਹੁਤਾ ॥੧॥ ਜੋ ਪ੍ਰਿਅ ਮਾਨੈ ਤਿਨ ਕੀ ਰੀਸਾ ॥ ਕੂੜੇ ਮੂਰਖ ਕੀ ਹਾਠੀਸਾ ॥੧॥ਰਹਾਉ॥ ਭੇਖ ਦਿਖਾਵੈ ਸਚੁ ਨ ਕਮਾਵੈ ॥ ਕਹਤੋ ਮਹਲੀ ਨਿਕਟਿ ਨ ਆਵੈ ॥੨॥ ਅਤੀਤੁ ਸਦਾਏ, ਮਾਇਆ ਕਾ ਮਾਤਾ ॥ ਮਨਿ ਨਹੀ ਪ੍ਰੀਤਿ, ਕਹੈ ਮੁਖਿ ਰਾਤਾ ॥੩॥ ਕਹੁ ਨਾਨਕ ਪ੍ਰਭ ਬਿਨਉ ਸੁਨੀਜੈ ॥ ਕੁਚਲੁ ਕਠੋਰੁ ਕਾਮੀ ਮੁਕਤੁ ਕੀਜੈ ॥੪॥ ਦਰਸਨ ਦੇਖੇ ਕੀ ਵਡਿਆਈ ॥ ਤੁਮ੍ ਸੁਖ ਦਾਤੇ ਪੁਰਖ ਸੁਭਾਈ ॥੧॥ਰਹਾਉ ਦੂਜਾ॥੧॥੭॥ (ਹੇ ਭਾਈ! ਮੂਰਖ ਮਨੁੱਖ) ਸੇਵਾ ਥੋੜੀ ਕਰਦਾ ਹੈ, (ਪਰ ਇਸ ਦੇ ਬਦਲੇ) ਮੰਗ ਬਹੁਤ ਵੱਡੀ ਕਰਦਾ ਹੈ।ਪ੍ਰਭੂ ਦਾ ਮਹਿਲ ਤਾਂ (ਉਸ ਨੂੰ) ਪ੍ਰਾਪਤ ਨਹੀਂ ਹੋਇਆ, (ਪਰ ਅਪਣੇ ਆਪ ਨੂੰ ਉਥੇ) ਪਹੁੰਚਿਆ ਹੋਇਆ ਦਸਦਾ ਹੈ।੧।ਜੋ ਪਿਆਰੇ ਪ੍ਰਭੂ ਦੇ ਪ੍ਰਵਾਨ ਕੀਤੇ ਹੋਏ ਹਨ, ਉਨ੍ਹਾਂ ਦੀ ਰੀਸ ਕਰਦਾ ਹੈ।(ਇਹ) ਝੂਠੇ ਮੂਰਖ ਦੀਆਂ ਹਠ ਵਾਲੀਆਂ ਗੱਪਾਂ ਹਨ।੧।ਰਹਾਉ।(ਬਾਹਰੋਂ ਸਾਧੂਆਂ ਵਾਲਾ) ਭੇਖ ਦਿਖਾਉਂਦਾ ਹੈ, (ਪਰ) ਸੱਚੇ ਨਾਮ ਸਿਮਰਨ ਦੀ ਕਮਾਈ ਨਹੀਂ ਕਰਦਾ।ਕਹਿੰਦਾ ਹੈ ਕਿ ਮੈਂ ਪ੍ਰਭੂ ਦੇ ਮਹਿਲ ਦਾ ਵਸਨੀਕ ਹਾਂ, (ਅਸਲ ਵਿਚ ਉਸ ਦੇ) ਨੇੜੇ ਵੀ ਨਹੀਂ ਆਉਂਦਾ।੨।(ਅਪਣੇ ਆਪ ਨੂੰ) ਤਿਆਗੀ ਸਦਾਉਂਦਾ ਹੈ, (ਪਰ ਅੰਦਰੋਂ) ਮਾਇਆ ਦਾ ਮਤਵਾਲਾ ਹੈ।ਮਨ ਵਿਚ (ਪ੍ਰਭੂ ਦੀ) ਪ੍ਰੀਤ ਨਹੀਂ, (ਪਰ) ਮੂੰਹੋਂ ਕਹਿੰਦਾ ਹੈ ਕਿ ਮੈਂ (ਹਰੀ ਦੇ ਪ੍ਰੇਮ ਵਿਚ) ਰੰਗਿਆ ਹੋਇਆ ਹਾਂ ।੩।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ! ਮੇਰੀ ਬੇਨਤੀ ਸੁਣ।(ਇਹੋ ਜਿਹੇ) ਗੰਦੇ, ਨਿਰਦਈ ਅਤੇ ਵਿਸ਼ਈ ਮਨੁੱਖ ਨੂੰ ਮੁਕਤ ਕਰ ਲੈ।੪।(ਤੇਰੇ) ਦਰਸ਼ਨ ਦੇਖਣ ਦੀ ਇਹ ਵਡਿਆਈ ਹੈ (ਕਿ ਤੇਰੇ ਦਰਸ਼ਨਾਂ ਦੇ ਸਦਕੇ ਕੁਚਲ, ਕਠੋਰ ਤੇ ਕਾਮੀ ਮਨੁੱਖ ਵੀ ਮੁਕਤ ਹੋ ਜਾਂਦੇ ਹਨ)।ਤੂੰ ਸੁਖ ਦੇਣ ਵਾਲਾ ਅਤੇ ਉਤਮ ਭਾਵ ਵਾਲਾ ਪੁਰਖ ਹੈਂ।੧।ਰਹਾਉ ਦੂਜਾ।੧।੭।

ਪਦਾਰਥ = ਥੋਰੀ–ਥੋੜੀ।ਮਾਗਨੁ–ਮੰਗ।ਮਹਲੁ–ਪ੍ਰਭੂ ਦਾ ਨਿਵਾਸ ਅਸਥਾਨ।ਕਹਤੋ–ਕਹਿੰਦਾ ਹੈ।ਪਹੁਤਾ–ਪਹੁੰਚਿਆ ਹੋਇਆ।੧। ਪ੍ਰਿਅ–ਪਿਆਰੇ ਪ੍ਰਭੂ ਦੇ।ਮਾਨੈ–ਪ੍ਰਵਾਨ ਕੀਤੇ ਹੋਏ ਹਨ; (ਪ੍ਰਭੂ ਨੂੰ) ਮੰਨਦੇ (ਪੂਜਦੇ) ਹਨ।ਤਿਨ ਕੀ–ਉਨ੍ਹਾਂ ਦੀ।ਰੀਸਾ–ਬਰਾਬਰੀ। ਹਾਠੀਸਾ–ਹਠ ਵਾਲੀਆਂ ਫਜ਼ੂਲ ਗੱਪਾਂ।੧।ਰਹਾਉ।ਸਚੁ–ਪ੍ਰਭੂ ਦਾ ਸੱਚਾ ਨਾਮ।ਨ ਕਮਾਵੈ–ਕਮਾਈ ਨਹੀਂ ਕਰਦਾ।ਮਹਲੀ–ਪ੍ਰਭੂ ਦੇ ਮਹਿਲ ਦਾ ਵਸਨੀਕ।ਨਿਕਟਿ–ਨੇੜੇ।੨।ਅਤੀਤੁ–ਤਿਆਗੀ।ਸਦਾਏ–ਸਦਾਉਂਦਾ ਹੈ।ਮਾਤਾ–ਮਤਵਾਲਾ।ਮਨਿ–ਮਨ ਵਿਚ।ਮੁਖਿ–ਮੂੰਹੋਂ।ਰਾਤਾ–ਰੰਗਿਆ ਹੋਇਆ।੩।ਪ੍ਰਭ–ਹੇ ਪ੍ਰਭੂ!।ਬਿਨਉ–ਬੇਨਤੀ।ਕੁਚਲੁ–ਗੰਦਾ; ਮੈਲਾ।ਕਠੋਰੁ–ਨਿਰਦਈ।ਕਾਮੀ–ਵਿਸ਼ਈ। ਸੁਖ ਦਾਤੇ–ਸੁਖ ਦੇਣ ਵਾਲਾ।ਸੁਭਾਈ–ਉਤਮ ਭਾਵ ਵਾਲਾ; ਸਭ ਦਾ ਭਲਾ ਚਾਹੁਣ ਵਾਲਾ।੧।ਰਹਾਉ ਦੂਜਾ।੧।੭।

ਸੂਹੀ ਮਹਲਾ ੫ ॥ ਬੁਰੇ ਕਾਮ ਕਉ ਊਠਿ ਖਲੋਇਆ ॥ ਨਾਮ ਕੀ ਬੇਲਾ ਪੈ ਪੈ ਸੋਇਆ ॥੧॥ ਅਉਸਰੁ ਅਪਨਾ ਬੂਝੈ ਨ ਇਆਨਾ ॥ ਮਾਇਆ ਮੋਹ ਰੰਗਿ ਲਪਟਾਨਾ ॥੧॥ਰਹਾਉ॥ ਲੋਭ ਲਹਰਿ ਕਉ ਬਿਗਸਿ ਫੂਲਿ ਬੈਠਾ ॥ ਸਾਧ ਜਨਾ ਕਾ ਦਰਸੁ ਨ ਡੀਠਾ ॥੨॥

ਕਬਹੂ ਨ ਸਮਝੈ ਅਗਿਆਨੁ ਗਵਾਰਾ ॥ ਬਹੁਰਿ ਬਹੁਰਿ ਲਪਟਿਓ ਜੰਜਾਰਾ ॥੧॥ਰਹਾਉ॥ ਬਿਖੈ ਨਾਦ ਕਰਨ ਸੁਣਿ ਭੀਨਾ ॥ ਹਰਿ ਜਸੁ ਸੁਨਤ ਆਲਸੁ ਮਨਿ ਕੀਨਾ ॥੩॥ ਦ੍ਰਿਸਟਿ ਨਾਹੀ ਰੇ ਪੇਖਤ ਅੰਧੇ ॥ ਛੋਡਿ ਜਾਹਿ ਝੂਠੇ ਸਭਿ ਧੰਧੇ ॥੧॥ਰਹਾਉ॥ ਕਹੁ ਨਾਨਕ ਪ੍ਰਭ ਬਖਸ ਕਰੀਜੈ ॥ ਕਰਿ ਕਿਰਪਾ ਮੋਹਿ ਸਾਧ ਸੰਗੁ ਦੀਜੈ ॥੪॥ ਤਉ ਕਿਛੁ ਪਾਈਐ ਜਉ ਹੋਈਐ ਰੇਨਾ ॥ ਜਿਸਹਿ ਬੁਝਾਏ ਤਿਸੁ ਨਾਮੁ ਲੈਨਾ ॥੧॥ਰਹਾਉ॥੨॥੮॥ (ਹੇ ਭਾਈ! ਮੂਰਖ ਮਨੁੱਖ) ਬੁਰਾ ਕੰਮ ਕਰਨ ਲਈ ਤਾਂ ਉਠ ਖੜਾ ਹੁੰਦਾ ਹੈ। (ਪਰ) ਨਾਮ ਜਪਣ ਦੇ ਅੰਮ੍ਰਿਤ ਵੇਲੇ (ਮੰਜੇ ਤੇ ਲੰਮਾ) ਪੈ ਕੇ ਸੁੱਤਾ ਪਿਆ ਰਹਿੰਦਾ ਹੈ।੧।ਬੇਸਮਝ ਮਨੁੱਖ ਅਪਣਾ ਮਨੁੱਖਾ ਜਨਮ ਦਾ ਸਮਾਂ ਜਾਣਦਾ ਨਹੀਂ (ਕਿ ਜੀਵਨ ਨੂੰ ਸਫਲ ਕਰਨ ਦਾ ਇਹੋ ਸਮਾਂ ਹੈ)।ਮਾਇਆ ਦੇ ਮੋਹ ਦੀ ਲਗਨ ਵਿਚ ਫਸਿਆ ਹੋਇਆ ਹੈ।੧।ਰਹਾਉ।(ਇਸ ਦੇ ਮਨ ਵਿਚ ਉਠ ਰਹੀ) ਲੋਭ ਦੀ ਲਹਿਰ (ਦੀ ਪੂਰਤੀ) ਵਾਸਤੇ ਖੁਸ਼ ਹੋ ਕੇ ਫੁੱਲ ਕੇ ਬੈਠਦਾ ਹੈ।(ਪਰ ਕਦੇ ਇਸ ਨੇ) ਸਾਧੂ ਜਨਾਂ ਦਾ ਦਰਸ਼ਨ ਵੀ ਨਹੀਂ ਦੇਖਿਆ।੨।ਗਿਆਨ ਹੀਣ ਮੂਰਖ ਮਨੁੱਖ (ਅਪਣੇ ਜੀਵਨ ਦੀ ਭਲਾਈ) ਕਦੇ ਸਮਝਦਾ ਹੀ ਨਹੀਂ।ਮੁੜ ਮੁੜ ਜਗਤ ਦੇ ਜੰਜਾਲਾਂ ਵਿਚ ਫਸਦਾ ਹੈ।੧।ਰਹਾਉ।(ਮੂਰਖ ਮਨੁੱਖ) ਕੰਨਾਂ ਨਾਲ ਵਿਸ਼ੇ ਵਿਕਾਰਾਂ ਵਾਲੇ ਗੀਤ ਸੁਣ ਕੇ ਖੁਸ਼ ਹੁੰਦਾ ਹੈ।(ਪਰ) ਹਰੀ ਜਸ ਸੁਣਨੋਂ ਮਨ ਵਿਚ ਆਲਸ ਕਰਦਾ ਹੈ।੩।ਹੇ ਅੰਨ੍ਹੇ ਮਨੁੱਖ! ਕੀ ਤੂੰ ਅੱਖਾਂ ਨਾਲ ਦੇਖਦਾ ਨਹੀਂ ਕਿ (ਦੁਨੀਆਂ ਦੇ) ਸਾਰੇ ਝੂਠੇ ਧੰਧੇ ਛਡ ਕੇ (ਪ੍ਰਲੋਕ ਵਿਚ ਖਾਲੀ ਹੱਥ) ਜਾਵੇਂਗਾ।੧।ਰਹਾਉ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਪ੍ਰਭੂ! (ਮੇਰੇ ਉਤੇ) ਬਖਸ਼ਿਸ਼ ਕਰ।ਕ੍ਰਿਪਾ ਕਰਕੇ ਮੈਨੂੰ ਸਾਧੂਆਂ ਦੀ ਸੰਗਤ ਬਖਸ਼ ਦੇਹ।੪।(ਹੇ ਭਾਈ!) ਜਦੋਂ ਸੰਤਾਂ ਦੇ ਚਰਨਾਂ ਦੀ ਧੂੜ ਹੋ ਜਾਈਏ ਤਦੋਂ ਹੀ ਕੁਛ (ਲਾਭ) ਪ੍ਰਾਪਤ ਹੁੰਦਾ ਹੈ।(ਪਰ) ਜਿਸ ਮਨੁੱਖ ਨੂੰ (ਪ੍ਰਭੂ ਸਾਧ ਸੰਗਤ ਵਿਚ ਜਾਣ ਦੀ) ਸਮਝ ਬਖਸ਼ਦਾ ਹੈ, ਉਸ ਨੂੰ ਨਾਮ ਲੈਣ (ਜਪਣ) ਦਾ ਲਾਹਾ ਮਿਲਦਾ ਹੈ।੧।ਰਹਾਉ।੨।੮।

ਪਦਾਰਥ = ਕਾਮ ਕਉ–ਕੰਮ ਵਾਸਤੇ।ਉਠਿ ਖਲੋਇਆ–ਉਠ ਖੜਾ ਹੁੰਦਾ ਹੈ।ਬੇਲਾ–ਵੇਲਾ।ਪੈ ਪੈ ਸੋਇਆ–ਪੈ ਕੇ ਸੁੱਤਾ ਪਿਆ ਰਹਿੰਦਾ ਹੈ।੧।ਅਉਸਰੁ–ਮੌਕਾ; ਸਮਾਂ।ਇਆਨਾ–ਬੇ ਸਮਝ ਮਨੁੱਖ।ਰੰਗਿ–ਲਗਨ ਵਿਚ।ਲਪਟਾਨਾ–ਮਸਤ ਹੈ; ਫਸਿਆ ਹੈ।੧। ਰਹਾਉ।ਬਿਗਸਿ ਫੂਲਿ ਬੈਠਾ–ਖੁਸ਼ ਹੋ ਕੇ ਫੁੱਲ ਕੇ (ਖੁਸ਼ੀ ਵਿਚ ਖਿੜ) ਬੈਠਦਾ ਹੈ।ਨ ਡੀਠਾ–ਨਹੀਂ ਦੇਖਦਾ।੨।ਕਬਹੂ–ਕਦੇ ਵੀ। ਅਗਿਆਨੁ–ਗਿਆਨ ਹੀਣ।ਗਵਾਰਾ–ਮੂਰਖ।ਬਹੁਰਿ ਬਹੁਰਿ–ਮੁੜ ਮੁੜ।ਜੰਜਾਰਾ–ਜੰਜਾਲਾਂ (ਧੰਧਿਆਂ) ਵਿਚ।੧।ਰਹਾਉ।ਬਿਖੈ ਨਾਦ –ਵਿਸ਼ੇ ਵਿਕਾਰਾਂ ਵਾਲੇ ਗੀਤ।ਕਰਨ–ਕੰਨਾਂ ਨਾਲ।ਭੀਨਾ–ਖੁਸ਼ ਹੁੰਦਾ ਹੈ।ਸੁਨਤ–ਸੁਣਨੋਂ।ਮਨਿ–ਮਨ ਵਿਚ।ਕੀਨਾ–ਕਰਦਾ ਹੈ।੩। ਦ੍ਰਿਸਟਿ–ਅੱਖਾਂ ਨਾਲ।ਰੇ ਅੰਧੇ–ਹੇ ਅੰਨ੍ਹੇ ਮਨੁੱਖ!।ਪੇਖਤ ਨਾਹੀ–ਦੇਖਦਾ ਨਹੀਂ।ਜਾਹਿ–ਜਾਵੇਂਗਾ।ਸਭਿ ਧੰਧੇ–ਸਾਰੇ ਕਾਰ ਵਿਹਾਰ।੧ ।ਰਹਾਉ।ਪ੍ਰਭ–ਹੇ ਪ੍ਰਭੂ।ਬਖਸਿ ਕਰੀਜੈ–ਬਖਸ਼ਿਸ਼ ਕਰ।ਕਰਿ–ਕਰਕੇ।ਮੋਹਿ–ਮੈਨੂੰ।ਦੀਜੈ–ਬਖਸ਼ ਦੇਹ।੪।ਜਉ–ਜਦੋਂ।ਤਉ–ਤਦੋਂ ।ਹੋਈਐ ਰੇਨਾ–ਚਰਨ ਧੂੜ ਹੋ ਜਾਈਏ।ਜਿਸਹਿ–ਜਿਸ ਨੂੰ।ਤਿਸੁ–ਉਸ ਨੂੰ।ਲੈਨਾ–ਲੈਣਾ (ਜਪਣਾ)।੧।ਰਹਾਉ।੨।੮।

ਅੰਗ ੭੩੯ = ਸੂਹੀ ਮਹਲਾ ੫ ॥ ਘਰ ਮਹਿ ਠਾਕੁਰੁ ਨਦਰਿ ਨ ਆਵੈ ॥ ਗਲ ਮਹਿ ਪਾਹਣੁ ਲੈ ਲਟਕਾਵੈ ॥੧॥ ਭਰਮੇ ਭੂਲਾ ਸਾਕਤੁ ਫਿਰਤਾ ॥ ਨੀਰੁ ਬਿਰੋਲੈ ਖਪਿ ਖਪਿ ਮਰਤਾ ॥੧॥ਰਹਾਉ॥ ਜਿਸੁ ਪਾਹਣ ਕਉ ਠਾਕੁਰੁ ਕਹਤਾ ॥ ਓਹੁ ਪਾਹਣੁ ਲੈ ਉਸ ਕਉ ਡੁਬਤਾ ॥੨॥ ਗੁਨਹਗਾਰ ਲੂਣ ਹਰਾਮੀ ॥ ਪਾਹਣ ਨਾਵ ਨ ਪਾਰਗਿਰਾਮੀ ॥੩॥ ਗੁਰ ਮਿਲਿ ਨਾਨਕ ਠਾਕੁਰੁ ਜਾਤਾ ॥ ਜਲਿ ਥਲਿ ਮਹੀਅਲਿ ਪੂਰਨ ਬਿਧਾਤਾ ॥੪॥੩॥੯॥ (ਹੇ ਭਾਈ! ਮਨਮੁਖ ਨੂੰ) ਹਿਰਦੇ ਘਰ ਵਿਚ ਵਸਦਾ ਮਾਲਕ ਪ੍ਰਭੂ (ਦੈਵੀ ਨੇਤ੍ਰ ਨਾ ਹੋਣ ਕਰਕੇ) ਨਜਰ ਨਹੀਂ ਆਉਂਦਾ।(ਪਰ ਉਹ ਸਾਲਗਰਾਮ ਦੇ) ਪੱਥਰ ਨੂੰ ਲੈ ਕੇ ਗਲ ਵਿਚ ਲਟਕਾਈ ਫਿਰਦਾ ਹੈ।੧।ਸਾਕਤ ਮਨੁੱਖ ਭਰਮ ਵਿਚ ਭੁੱਲਿਆ ਫਿਰਦਾ ਹੈ।(ਪੱਥਰ ਦੀ ਪੂਜਾ ਕਰਕੇ ਉਹ) ਪਾਣੀ ਹੀ ਰਿੜਕਦਾ ਤੇ ਖਪ ਖਪ ਕੇ ਮਰਦਾ ਹੈ (ਬਿਅਰਥ ਮੇਹਨਤ ਕਰਦਾ ਹੈ)।੧।ਰਹਾਉ।(ਹੇ ਭਾਈ! ਸਾਕਤ) ਜਿਸ ਪੱਥਰ ਨੂੰ ਠਾਕਰ ਕਹਿੰਦਾ ਹੈ।ਉਹ ਪੱਥਰ ਉਸ ਨੂੰ ਨਾਲ ਲੈ ਕੇ (ਪਾਣੀ ਵਿਚ) ਡੁਬ ਜਾਂਦਾ ਹੈ।੨।ਹੇ ਲੂਣ ਖਾ ਕੇ ਹਰਾਮ ਕਰਨ ਵਾਲੇ ਗੁਨਾਹਗਾਰ ਮਨੁੱਖ! ਪੱਥਰ ਦੀ ਬੇੜੀ ਪਾਰ ਜਾਣ ਵਾਲੀ ਨਹੀਂ (ਪੱਥਰ ਦੀ ਪੂਜਾ ਭਵ ਸਾਗਤ ਤੋਂ ਪਾਰ ਕਰਨ ਦਾ ਸਾਧਨ ਨਹੀਂ)।੩।ਨਾਨਕ ਗੁਰੂ ਜੀ ਆਖਦੇ ਹਨ ਕਿ ਅਸੀਂ ਗੁਰੂ ਨੂੰ ਮਿਲ ਮਾਲਕ ਪ੍ਰਭੂ ਨੂੰ ਜਾਣਿਆ ਹੈ।(ਉਹ) ਕਰਮਾਂ ਅਨੁਸਾਰ ਫਲ ਦੇਣ ਵਾਲਾ ਪ੍ਰਭੂ ਜਲ ਵਿਚ, ਥਲ ਵਿਚ ਤੇ ਪੁਲਾੜ ਵਿਚ ਪਰੀਪੂਰਨ ਹੈ।੪।੩।੯।

ਪਦਾਰਥ = ਘਰ ਮਹਿ–ਹਿਰਦੇ ਘਰ ਵਿਚ।ਠਾਕੁਰੁ–ਮਾਲਕ ਪ੍ਰਭੂ।ਪਾਹਣੁ–ਸਾਲਗਰਾਮ ਦਾ ਪੱਥਰ।੧।ਭਰਮੇ ਭੂਲਾ–ਭਰਮ ਵਿਚ ਭੁੱਲਿਆ (ਕੁਰਾਹੇ ਪਿਆ) ਹੋਇਆ।ਸਾਕਤੁ–ਰੱਬ ਨਾਲੋਂ ਟੁੱਟਿਆ ਮਨੁੱਖ।ਨੀਰੁ–ਪਾਣੀ।ਬਿਰੋਲੈ–ਰਿੜਕਦਾ ਹੈ।ਖਪਿ ਖਪਿ ਮਰਤਾ– ਦੁਖੀ ਹੋ ਕੇ ਮਰਦਾ ਹੈ; ਬਿਅਰਥ ਮੇਹਨਤ ਕਰਦਾ ਹੈ।੧।ਰਹਾਉ।ਕਉ–ਨੂੰ।ਕਹਤਾ–ਕਹਿੰਦਾ ਹੈ।ਡੁਬਤਾ–ਡੁਬ ਜਾਂਦਾ ਹੈ।੨। ਗੁਨਹਗਾਰ–ਹੇ ਪਾਪੀ ਮਨੁੱਖ!।ਲੂਣ ਹਰਾਮੀ–ਅਕ੍ਰਿਤਘਣ; ਲੂਣ ਖਾ ਕੇ ਹਰਮ ਕਰਨ ਵਾਲਾ ਮਨੁੱਖ।੩।ਗੁਰ ਮਿਲਿ–ਗੁਰੂ ਨੂੰ ਮਿਲ

ਕੇ। ਜਾਤਾ–ਜਾਣਿਆ ਹੈ। ਜਲਿ–ਪਾਣੀ ਵਿਚ। ਥਲਿ–ਸੁੱਕੀ ਧਰਤੀ ਵਿਚ। ਮਹੀਅਲਿ–ਧਰਤੀ ਅਤੇ ਅਕਾਸ਼ ਵਿਚਕਾਰ ਪੁਲਾੜ ਵਿਚ। ਪੂਰਨ–ਵਿਆਪਕ। ਬਿਧਾਤਾ–ਕਰਮਾਂ ਅਨੁਸਾਰ ਫਲ ਦੇਣ ਵਾਲਾ ਪ੍ਰਭੂ; ਰਚਨਹਾਰ ਪ੍ਰਭੂ।੪।੩।੯।

ਸੂਹੀ ਮਹਲਾ ੫ ॥ ਲਾਲਨੁ ਰਾਵਿਆ ਕਵਨ ਗਤੀ ਰੀ ॥ ਸਖੀ ਬਤਾਵਹੁ ਮੁਝਹਿ ਮਤੀ ਰੀ ॥੧॥ ਸੂਹਬ ਸੂਹਬ ਸੂਹਵੀ ॥ ਅਪਨੇ ਪ੍ਰੀਤਮ ਕੈ ਰੰਗਿ ਰਤੀ ॥੧॥ਰਹਾਉ॥ ਪਾਵ ਮਲੋਵਉ ਸੰਗਿ ਨੈਨ ਭਤੀਰੀ ॥ ਜਹਾ ਪਠਾਵਹੁ ਜਾਂਉ ਤਤੀ ਰੀ ॥੨॥ ਜਪ ਤਪ ਸੰਜਮ ਦੇਉ ਜਤੀ ਰੀ ॥ ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨ ਪਤੀ ਰੀ ॥੩॥ ਮਾਣੁ ਤਾਣੁ ਅਹੰਬੁਧਿ ਹਤੀ ਰੀ ॥ ਸਾ ਨਾਨਕ ਸੋਹਾਗਵਤੀ ਰੀ ॥੪॥੪॥੧੦॥ (ਇਕ ਜਗਿਆਸੂ ਸਖੀ ਗੁਰਮੁਖ ਸਖੀ ਨੂੰ ਪੁੱਛਦੀ ਹੈ ਕਿ) ਹੇ ਸਖੀ! ਤੈਂ ਪਿਆਰੇ ਪਤੀ ਪ੍ਰਭੂ ਨੂੰ ਕਿਸ ਤਰੀਕੇ ਨਾਲ ਮਾਣਿਆ ਹੈ?। ਹੇ ਸਖੀ! ਮੈਨੂੰ ਤੂੰ ਉਹ ਸਿਖਿਆ ਦੱਸ।੧। ਹੇ ਸਖੀ! ਤੂੰ ਮਨ ਤਨ ਤੇ ਬਚਨਾਂ ਕਰਕੇ ਲਾਲੋ ਲਾਲ ਹੋਈ ਪਈ ਹੈਂ (ਚੇਹਰੇ ਉਤੇ ਖੁਸ਼ੀ ਦਾ ਸੁੰਦਰ ਲਾਲ ਰੰਗ ਚੜ੍ਹਿਆ ਹੋਇਆ ਹੈ। ਕਿਉਂਕਿ) ਤੂੰ ਅਪਨੇ ਪਿਆਰੇ ਦੇ ਪ੍ਰੇਮ ਵਿਚ ਰੰਗੀ ਹੋਈ ਹੋਈ ਹੈਂ।੧। ਰਹਾਉ। ਹੇ ਸਖੀ! ਮੈਂ ਅੱਖਾਂ ਦੀਆਂ ਪਲਕਾਂ ਨਾਲ ਤੇਰੇ ਪੈਰ ਝੱਸਾਂਗੀ। ਤੂੰ ਮੈਨੂੰ ਜਿੱਥੇ (ਵੀ ਅਪਣੇ ਕਿਸੇ ਕੰਮ) ਭੇਜੇਂਗੀ, ਮੈਂ ਉਥੇ ਹੀ (ਖੁਸ਼ੀ ਨਾਲ) ਜਾਵਾਂਗੀ।੨। ਹੇ ਸਖੀ! ਜੇ ਤੂੰ ਮੈਨੂੰ ਮੇਰੇ ਪ੍ਰਾਣਾਂ ਦਾ ਮਾਲਕ ਇਕ ਪਲ ਭਰ ਲਈ ਮਿਲਾ ਦੇਵੇਂ। (ਤਾਂ ਮੈਂ ਇਸ ਦੇ ਬਦਲੇ ਤੈਨੂੰ) ਅਪਣੇ ਕਮਾਏ ਹੋਏ ਜਪ ਤਪ, ਇੰਦ੍ਰੀਆਂ ਦੇ ਰੋਕਣ ਦੇ ਸਾਧਨ ਅਤੇ ਜਤ ਆਦਿ ਕਰਮਾਂ ਦਾ ਫਲ ਭੇਟਾ ਕਰ ਦੇਵਾਂਗੀ।੩। ਨਾਨਕ ਗੁਰੂ ਜੀ ਆਖਦੇ ਹਨ (ਕਿ ਜਗਿਆਸੂ ਸਖੀ ਤੋਂ ਸੁਣ ਕੇ ਹੁਣ ਗੁਰਮੁਖ ਸਖੀ ਕਹਿੰਦੀ ਹੈ ਕਿ) ਹੇ ਸਖੀ! ਜਿਸ (ਜੀਵ ਇਸਤ੍ਰੀ ਨੇ) ਮਾਣ, ਤਾਣ ਤੇ ਹੰਕਾਰ ਵਾਲੀ ਬੁੱਧੀ ਮਾਰ ਦਿਤੀ ਹੈ, ਉਹ ਇਸਤ੍ਰੀ ਸੁਹਾਗਵੰਤੀ ਹੈ।੪।੪।੧੦।

ਪਦਾਰਥ = ਲਾਲਨੁ–ਪਿਆਰੇ ਨੂੰ। ਰਾਵਿਆ–ਭੋਗਿਆ (ਮਿਲਾਪ ਦਾ ਅਨੰਦ ਮਾਣਿਆ)। ਕਵਨ ਗਤੀ–ਕਿਸ ਤਰੀਕੇ ਨਾਲ। ਰੀ–ਹੇ ਸਖੀ!। ਸਖੀ–ਹੇ ਸਖੀ!। ਬਤਾਵਹੁ–ਦੱਸ। ਮੁਝਹਿ–ਮੈਨੂੰ। ਮਤੀ–ਸਿੱਖਿਆ; ਅਕਲ; ਸਲਾਹ।੧। ਸੂਹਬ ਸੂਹਵੀ–ਮਨ ਤਨ ਤੇ ਬਚਨਾਂ ਕਰਕੇ ਪ੍ਰੇਮ ਦਾ ਸੁੰਦਰ ਲਾਲ ਰੰਗ। ਪ੍ਰੀਤਮ ਕੈ–ਪਿਆਰੇ ਪਤੀ ਪ੍ਰਭੂ ਦੇ। ਰੰਗਿ ਰਤੀ–ਪ੍ਰੇਮ ਰੰਗ ਵਿਚ ਰੰਗੀ ਹੋਈ ਹੈਂ।੧। ਰਹਾਉ। ਪਾਵ –ਪੈਰ। ਮਲੋਵਉ–ਮਲਾਂਗੀ (ਝੱਸਾਂਗੀ)। ਸੰਗਿ ਨੈਨ ਭਤੀਰੀ–ਅੱਖਾਂ ਦੀਆਂ ਪਲਕਾਂ ਨਾਲ। ਜਹਾ–ਜਿਥੇ। ਪਠਾਵਹੁ–ਤੂੰ ਭੇਜੇਂਗੀ। ਜਾਉ –ਮੈਂ ਜਾਵਾਂਗੀ। ਤਤੀ–ਉਥੇ ਹੀ।੨। ਸੰਜਮ–ਇੰਦ੍ਰੀਆਂ ਨੂੰ ਕਾਬੂ ਕਰਨ ਦਾ ਕਰਮ। ਦੇਉ–ਦੇਵਾਂਗੀ। ਜਤੀ–ਜਤ। ਇਕ ਨਿਮਖ–ਅੱਖ ਝਮਕਣ ਜਿੰਨੇ ਸਮੇਂ ਲਈ। ਮੋਹਿ–ਮੈਨੂੰ। ਪ੍ਰਾਨ ਪਤੀ–ਪ੍ਰਾਣਾਂ ਦਾ ਮਾਲਕ ਪ੍ਰਭੂ।੩। ਮਾਣੁ–ਇੱਜਤ; ਸਤਿਕਾਰ। ਤਾਣੁ–ਬਲ। ਅਹੰਬੁਧਿ –ਹੰਕਾਰ ਵਾਲੀ ਬੁੱਧੀ। ਹਤੀ–ਨਾਸ਼ ਕਰ ਦਿਤੀ ਹੈ। ਸਾ–ਉਹ। ਸੋਹਾਗਵਤੀ–ਸੁਹਾਗ ਭਾਗ ਵਾਲੀ ਇਸਤ੍ਰੀ।੪।੪।੧੦।

ਸੂਹੀ ਮਹਲਾ ੫ ॥ ਤੂੰ ਜੀਵਨੁ ਤੂੰ ਪ੍ਰਾਨ ਅਧਾਰਾ ॥ ਤੁਝ ਹੀ ਪੇਖਿ ਪੇਖਿ ਮਨੁ ਸਾਧਾਰਾ ॥੧॥ ਤੂੰ ਸਾਜਨੁ ਤੂੰ ਪ੍ਰੀਤਮੁ ਮੇਰਾ ॥ ਚਿਤਹਿ ਨ ਬਿਸਰਹਿ ਕਾਹੂ ਬੇਰਾ ॥੧॥ਰਹਾਉ॥ ਬੈ ਖਰੀਦੁ ਹਉ ਦਾਸਰੋ ਤੇਰਾ ॥ ਤੂੰ ਭਾਰੋ ਠਾਕੁਰੁ ਗੁਣੀ ਗਹੇਰਾ ॥੨॥ ਕੋਟਿ ਦਾਸ ਜਾ ਕੈ ਦਰਬਾਰੇ ॥ ਨਿਮਖ ਨਿਮਖ ਵਸੈ ਤਿਨ੍ ਨਾਲੇ ॥੩॥ ਹਉ ਕਿਛੁ ਨਾਹੀ ਸਭੁ ਕਿਛੁ ਤੇਰਾ ॥ ਓਤਿ ਪੋਤਿ ਨਾਨਕ ਸੰਗਿ ਬਸੇਰਾ ॥੪॥੫॥ ੧੧॥ (ਹੇ ਪ੍ਰਭੂ!) ਤੂੰ ਮੈਨੂੰ ਜੀਵਨ ਦੇਣ ਵਾਲਾ ਹੈਂ ਅਤੇ ਤੂੰ ਹੀ ਮੇਰੇ ਪ੍ਰਾਣਾਂ ਦਾ ਆਸਰਾ ਹੈਂ (ਤੇਰੀ ਸੱਤਾ ਨਾਲ ਮੇਰਾ ਜੀਵਨ ਤੇ ਪ੍ਰਾਣ ਚਲਦੇ ਹਨ)। ਤੈਨੂੰ ਹੀ ਦੇਖ ਦੇਖ ਕੇ ਮੇਰਾ ਮਨ ਆਸਰੇ ਸਹਿਤ ਹੁੰਦਾ ਹੈ; ਮਨ ਸੁਧਰਦਾ ਹੈ।੧। (ਹੇ ਪ੍ਰਭੂ!) ਤੂੰ ਹੀ ਮੇਰਾ (ਇਸ ਲੋਕ ਦਾ) ਸੱਜਣ ਹੈਂ ਅਤੇ ਤੂੰ ਹੀ ਮੇਰਾ (ਪ੍ਰਲੋਕ ਵਿਚ ਰੱਖਿਆ ਕਰਨ ਵਾਲਾ) ਪਿਆਰਾ ਹੈਂ। (ਮੇਰੇ ਉਤੇ ਮੇਹਰ ਕਰ) ਕਿਸੇ ਵੇਲੇ ਵੀ ਤੂੰ ਮੇਰੇ ਚਿੱਤ ਵਿਚੋਂ ਨਾ ਭੁੱਲੇਂ।੧। ਰਹਾਉ। (ਹੇ ਪ੍ਰਭੂ!) ਮੈਂ ਤੇਰਾ ਮੁੱਲ ਖ੍ਰੀਦਿਆ ਨਿਮਾਣਾ ਜਿਹਾ ਦਾਸ ਹਾਂ। ਤੂੰ ਵੱਡਾ ਮਾਲਕ ਅਤੇ ਗੁਣਾਂ ਦਾ ਸਮੁੰਦਰ ਹੈਂ।੨। (ਹੇ ਭਾਈ!) ਜਿਸ ਪ੍ਰਭੂ ਦੇ ਦਰਬਾਰ ਵਿਚ (ਮੇਰੇ ਵਰਗੇ) ਕ੍ਰੋੜਾਂ ਹੀ ਸੇਵਕ ਹਨ। ਪ੍ਰਭੂ ਹਰੇਕ ਪਲ ਉਨ੍ਹਾਂ (ਸੇਵਕਾਂ ਦੇ) ਨਾਲ ਵਸਦਾ ਹੈ।੩। (ਹੇ ਪ੍ਰਭੂ! ਤੂੰ) ਨਾਨਕ ਦੇ ਨਾਲ ਵਸਦਾ ਹੈਂ, ਜਿਵੇਂ ਤਾਣੇ ਵਿਚ ਪੇਟਾ ਤੇ ਪੇਟੇ ਵਿਚ ਤਾਣਾ ਮਿਲਿਆ ਹੁੰਦਾ ਹੈ, ਮੈਂ ਕੁਛ ਵੀ ਨਹੀਂ ਹਾਂ, (ਮੇਰੇ ਪਾਸ ਜੋ ਕੁਛ ਹੈ) ਸਭ ਕੁਛ ਤੇਰਾ ਦਿਤਾ ਹੋਇਆ ਹੈ।੪।੫।੧੧।

ਪਦਾਰਥ = ਪ੍ਰਾਨ ਅਧਾਰਾ–ਪ੍ਰਾਣਾਂ ਦਾ ਆਸਰਾ। ਤੁਝ ਹੀ–ਤੈਨੂੰ ਹੀ। ਪੇਖਿ ਪੇਖਿ–ਦੇਖ ਦੇਖ ਕੇ। ਸਾਧਾਰਾ–ਆਸਰੇ ਸਹਿਤ; ਸੁਧਰਦਾ ਹੈ।੧। ਸਾਜਨੁ–ਮਿਤ੍ਰ। ਪ੍ਰੀਤਮੁ–ਪਿਆਰਾ। ਚਿਤਹਿ–ਚਿਤ ਵਿਚੋਂ। ਨ ਬਿਸਰਹਿ–ਨਾ ਭੁੱਲੇਂ। ਕਾਹੂ ਬੇਰਾ–ਕਿਸੇ ਵੇਲੇ ਵੀ।੧। ਰਹਾਉ। ਬੈ ਖਰੀਦੁ–ਮੁੱਲ ਖ੍ਰੀਦਿਆ। ਹਉ–ਮੈਂ। ਦਾਸਰੋ–ਨਿਮਾਣਾ ਦਾਸ। ਭਾਰੋ–ਵੱਡਾ। ਠਾਕੁਰੁ–ਮਾਲਕ। ਗੁਣੀ ਗਹੇਰਾ–ਅਥਾਹ ਗੁਣਾਂ ਵਾਲਾ (ਗੁਣਾਂ ਦਾ ਸਮੁੰਦਰ)।੨। ਕੋਟਿ–ਕ੍ਰੋੜਾਂ। ਜਾ ਕੈ–ਜਿਸ ਦੇ। ਦਰਬਾਰੇ–ਦਰਬਾਰ ਵਿਚ। ਨਿਮਖ ਨਿਮਖ–ਹਰੇਕ ਪਲ। ਤਿਨ ਨਾਲੇ–ਉਨ੍ਹਾਂ ਦੇ ਨਾਲ।੩। ਓਤਿ ਪੋਤਿ–ਤਾਣੇ ਪੇਟੇ ਵਾਂਗ ਮਿਲਿਆ ਹੋਇਆ। ਸੰਗਿ ਬਸੇਰਾ–ਨਾਲ ਵਸਦਾ ਹੈ।੪।੫।੧੧।

ਸੂਹੀ ਮਹਲਾ ੫ ॥ ਸੁਖ ਮਹਲ ਜਾ ਕੇ ਊਚ ਦੁਆਰੇ ॥ ਤਾ ਮਹਿ ਵਾਸਹਿ ਭਗਤ ਪਿਆਰੇ ॥੧॥ ਸਹਜ ਕਥਾ ਪ੍ਰਭ ਕੀ ਅਤਿ ਮੀਠੀ

॥ ਵਿਰਲੈ ਕਾਹੂ ਨੇਤ੍ਰਹੁ ਡੀਠੀ ॥੧॥ਰਹਾਉ॥ ਤਹ ਗੀਤ ਨਾਦ ਅਖਾਰੇ ਸੰਗਾ ॥ ਊਹਾ ਸੰਤ ਕਰਹਿ ਹਰਿ ਰੰਗਾ ॥੨॥ ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥ ਸਾਚ ਨਾਮ ਕੀ ਅੰਮ੍ਰਿਤ ਵਰਖਾ ॥੩॥ ਗੁਹਜ ਕਥਾ ਇਹ ਗੁਰ ਤੇ ਜਾਣੀ ॥ ਨਾਨਕੁ ਬੋਲੈ ਹਰਿ ਹਰਿ ਬਾਣੀ ॥੪॥੬॥੧੨॥ (ਹੇ ਭਾਈ!) ਜਿਸ ਪ੍ਰਭੂ ਦੇ ਮਹਿਲ ਸੁਖ ਦੇਣ ਵਾਲੇ ਹਨ ਅਤੇ (ਉਸ ਮਹਿਲ ਦੇ) ਉਚੇ ਦਰਵਾਜੇ ਹਨ। ਉਨ੍ਹਾਂ (ਮਹਿਲਾਂ) ਵਿਚ ਪਿਆਰੇ ਭਗਤ ਵਸਦੇ ਹਨ।੧।(ਹੇ ਭਾਈ! ਜਿਥੇ) ਪ੍ਰਭੂ ਦੇ ਗਿਆਨ ਦੀ ਅਤਿਅੰਤ ਮਿੱਠੀ ਕਥਾ ਹੁੰਦੀ ਹੈ। ਕਿਸੇ ਵਿਰਲੇ ਪੁਰਖ ਨੇ ਦੈਵੀ ਅੱਖਾਂ ਨਾਲ (ਸੁਖ ਮਹਿਲ ਦੀ ਝਲਕ) ਦੇਖੀ ਹੈ।੧।ਰਹਾਉ। ਉਥੇ (ਪ੍ਰਭੂ ਦੇ ਮਹਿਲ ਵਿਚ) ਸਿਫਤ ਸਲਾਹ ਦੇ ਗੀਤ ਗਾਏ ਜਾਂਦੇ ਹਨ (ਕੀਰਤਨ ਹੁੰਦਾ ਹੈ), ਵਾਜੇ ਵਜਦੇ ਹਨ ਅਤੇ ਨਾਲ ਹੀ (ਸੰਤ) ਸਮਾਗਮ ਹੁੰਦੇ ਹਨ; ਸੰਗਤਾਂ ਦੇ ਜੋੜ ਮੇਲੇ ਹੁੰਦੇ ਹਨ (ਸ਼ਬਦਾਰਥ)। ਉਥੇ (ਕੀਰਤਨ ਵਿਚ ਜੁੜ ਕੇ) ਸੰਤ ਜਨ ਹਰੀ (ਦੇ ਮਿਲਾਪ) ਦਾ ਅਨੰਦ ਮਾਣਦੇ ਹਨ।੨। ਉਥੇ ਨਾ ਮੌਤ ਹੈ, ਨਾ ਜੀਵਨ ਹੈ (ਆਤਮਾ ਸਦਾ ਲਈ ਪ੍ਰਭੂ ਵਿਚ ਮਿਲੀ ਰਹਿੰਦੀ ਹੈ) ਅਤੇ ਨਾ ਹੀ ਖੁਸ਼ੀ ਗਮੀ ਹੈ।(ਉਥੇ ਸਦਾ) ਸੱਚੇ ਨਾਮ ਦੀ ਅੰਮ੍ਰਿਤ ਵਰਖਾ ਹੁੰਦੀ ਰਹਿੰਦੀ ਹੈ।੩।(ਹੇ ਭਾਈ! ਪ੍ਰਭੂ ਦੇ ਗਿਆਨ ਦੀ) ਇਹ ਗੂਢ ਕਥਾ ਅਸੀਂ ਗੁਰੂ ਤੋਂ ਸਮਝੀ ਹੈ।(ਇਸ ਮਹਿਲ ਦੀ ਪ੍ਰਾਪਤੀ ਵਾਸਤੇ) ਨਾਨਕ ਹਰ ਵੇਲੇ ਹਰੀ ਦੀ ਨਾਮ ਬਾਣੀ ਉਚਾਰਦਾ ਰਹਿੰਦਾ ਹੈ।੪।੬।੧੨।

ਪਦਾਰਥ = ਸੁਖ ਮਹਲ–ਸੁਖ ਦੇਣ ਵਾਲੇ ਮਹਿਲ; ਅਨੰਦ ਭਵਨ; ਸਤਸੰਗਤ। ਜਾ ਕੇ–ਜਿਸ (ਪ੍ਰਭੂ) ਦੇ। ਊਚ ਦੁਆਰੇ–ਉਚੇ ਦਰਵਾਜੇ। ਤਾ ਮਹਿ–ਉਨ੍ਹਾਂ (ਮਹਿਲਾਂ) ਵਿਚ। ਵਾਸਹਿ–ਵਸਦੇ ਹਨ।੧। ਸਹਜ ਕਥਾ–ਸਿਫਤ ਸਲਾਹ ਵਾਲੀ ਕਥਾ। ਅਤਿ–ਅਤਿਅੰਤ। ਵਿਰਲੈ ਕਾਹੂ–ਕਿਸੇ ਵਿਰਲੇ ਪੁਰਖ ਨੇ। ਨੇਤ੍ਰਹੁ–ਅੱਖਾਂ ਨਾਲ। ਡੀਠੀ–ਦੇਖੀ ਹੈ।੧।ਰਹਾਉ। ਤਹ–ਉਥੇ। ਗੀਤ ਨਾਦ–ਸਿਫਤ ਸਲਾਹ ਦੇ ਗੀਤ ਤੇ ਅਲਾਪ (ਅਵਾਜ); ਕੀਰਤਨ ਤੇ ਵਾਜੇ ਵਜਦੇ ਹਨ। ਅਖਾਰੇ–ਜੋੜ ਮੇਲੇ; ਸਮਾਗਮ। ਸੰਗਾ–ਨਾਲ ਹੀ; ਸੰਗਤਾਂ ਦੇ (ਸ਼ਬਦਾਰਥ)। ਊਹਾ–ਉਥੇ। ਕਰਹਿ ਰੰਗਾ–ਅਨੰਦ ਮਾਣਦੇ ਹਨ।੨। ਮਰਣੁ–ਮੌਤ। ਸੋਗ–ਗਮੀ। ਹਰਖਾ–ਖੁਸ਼ੀ।੩। ਗੁਹਜ ਕਥਾ–ਗੂਢ ਕਥਾ (ਜਿਸ ਦਾ ਮਤਲਬ ਛੇਤੀ ਸਮਝ ਵਿਚ ਨਾ ਆਵੇ)। ਤੇ–ਤੋਂ। ਜਾਣੀ–ਸਮਝੀ ਹੈ। ਨਾਨਕੁ ਬੋਲੈ–ਨਾਨਕ ਉਚਾਰਦਾ ਹੈ।੪।੬।੧੨।

ਸੂਹੀ ਮਹਲਾ ੫ ॥ ਜਾ ਕੈ ਦਰਸਿ ਪਾਪ ਕੋਟਿ ਉਤਾਰੇ ॥ ਭੇਟਤ ਸੰਗਿ ਇਹੁ ਭਵਜਲੁ ਤਾਰੇ ॥੧॥ ਓਇ ਸਾਜਨ ਓਇ ਮੀਤ ਪਿਆਰੇ ॥ ਜੋ ਹਮ ਕਉ ਹਰਿ ਨਾਮੁ ਚਿਤਾਰੇ ॥੧॥ਰਹਾਉ॥ ਜਾ ਕਾ ਸਬਦੁ ਸੁਨਤ ਸੁਖ ਸਾਰੇ ॥ ਜਾ ਕੀ ਟਹਲ ਜਮਦੂਤ ਬਿਦਾਰੇ ॥੨॥ ਜਾ ਕੀ ਧੀਰਕ ਇਸੁ ਮਨਹਿ ਸਧਾਰੇ ॥ ਜਾ ਕੈ ਸਿਮਰਣਿ ਮੁਖ ਉਜਲਾਰੇ ॥੩॥ ਪ੍ਰਭ ਕੇ ਸੇਵਕ ਪ੍ਰਭਿ ਆਪਿ ਸਵਾਰੇ ॥ ਸਰਣਿ ਨਾਨਕ ਤਿਨ੍ ਸਦ ਬਲਿਹਾਰੇ ॥੪॥੭॥੧੩॥ (ਹੇ ਭਾਈ!) ਜਿਨ੍ਹਾਂ (ਸੰਤਾਂ) ਦੇ ਦਰਸ਼ਨ ਕਰਨ ਨਾਲ ਕ੍ਰੋੜਾਂ ਹੀ ਪਾਪ ਉਤਾਰੇ ਜਾਂਦੇ ਹਨ।(ਅਤੇ ਉਨ੍ਹਾਂ ਦੀ) ਸੰਗਤ ਵਿਚ ਮਿਲਣ ਨਾਲ (ਉਹ ਸੰਤ) ਇਸ ਭਵਜਲ ਤੋਂ ਤਾਰ ਦੇਂਦੇ ਹਨ।੧। ਜਿਹੜੇ (ਸੰਤ) ਸਾਨੂੰ ਹਰੀ ਦਾ ਨਾਮ ਚੇਤੇ ਕਰਾਉਂਦੇ ਹਨ, ਉਹ (ਸੰਤ ਸਾਡੇ ਇਸ ਲੋਕ ਦੇ) ਸੱਜਣ ਹਨ (ਅਤੇ ਪ੍ਰਲੋਕ ਵਿਚ ਸਹਾਇਤਾ ਕਰਨ ਵਾਲੇ) ਪਿਆਰੇ ਮਿਤ੍ਰ ਹਨ।੧। ਰਹਾਉ।(ਹੇ ਭਾਈ!) ਜਿਨ੍ਹਾਂ ਦਾ ਉਪਦੇਸ਼ ਸੁਣਨ ਨਾਲ ਸਾਰੇ ਸੁਖ ਮਿਲ ਜਾਂਦੇ ਹਨ। ਜਿਨ੍ਹਾਂ ਦੀ ਸੇਵਾ ਕਰਨ ਨਾਲ ਜਮ ਦੂਤ ਨਾਸ਼ ਹੋ ਜਾਂਦੇ ਹਨ।੨। ਜਿਨ੍ਹਾ (ਸੰਤਾਂ) ਦੀ ਦਿਤੀ ਹੋਈ ਧੀਰਜ ਇਸ ਡੋਲਦੇ ਮਨ ਨੂੰ ਆਸਰਾ ਦੇਂਦੀ ਹੈ। ਜਿਨ੍ਹਾਂ ਦੇ (ਦਿਤੇ ਨਾਮ) ਸਿਮਰਨ ਨਾਲ (ਲੋਕ ਪ੍ਰਲੋਕ ਵਿਚ) ਮੂੰਹ ਉਜਲ ਹੁੰਦਾ (ਸਨਮਾਨ ਮਿਲਦਾ) ਹੈ।੩। ਪ੍ਰਭੂ ਦੇ ਜੋ ਸੇਵਕ ਹਨ, ਉਹ ਪ੍ਰਭੂ ਨੇ ਆਪ ਹੀ ਸਵਾਰੇ (ਗੁਣਵਾਨ ਬਣਾਏ) ਹਨ। ਨਾਨਕ ਉਨ੍ਹਾਂ (ਸੰਤਾਂ ਦੀ) ਸ਼ਰਣ ਵਿਚ ਪੈ ਕੇ ਉਨ੍ਹਾਂ ਤੋਂ ਬਲਿਹਾਰ ਜਾਂਦਾ ਹੈ।੪।੭।੧੩।

ਪਦਾਰਥ = ਜਾ ਕੈ ਦਰਸਿ–ਜਿਨ੍ਹਾਂ ਦੇ ਦਰਸ਼ਨ ਕਰਨ ਨਾਲ। ਕੋਟਿ–ਕ੍ਰੋੜਾਂ ਹੀ। ਉਤਾਰੇ–ਲਹਿ ਜਾਂਦੇ ਹਨ। ਭੇਟਤ ਸੰਗਿ–ਸੰਗਤ ਵਿਚ ਮਿਲਣ ਨਾਲ। ਭਵਜਲੁ ਤਾਰੇ–ਸੰਸਾਰ ਸਮੁੰਦਰ ਤੋਂ ਤਾਰ ਦੇਂਦੇ ਹਨ।੧। ਓਇ–ਉਹ (ਬਹੁ ਵਚਨ)। ਮੀਤ–ਮਿਤ੍ਰ। ਹਮ ਕਉ–ਸਾਨੂੰ। ਚਿਤਾਰੇ–ਚੇਤੇ ਕਰਾਉਂਦੇ ਹਨ।੧। ਰਹਾਉ। ਜਾ ਕਾ–ਜਿਨ੍ਹਾਂ ਦਾ। ਸਬਦੁ–ਉਪਦੇਸ਼। ਸੁਨਤ–ਸੁਣਨ ਨਾਲ। ਟਹਲ–ਸੇਵਾ। ਬਿਦਾਰੇ–ਨਾਸ਼ ਹੋ ਜਾਂਦੇ ਹਨ।੨। ਧੀਰਕ–ਧੀਰਜ; ਦਿਲਾਸਾ। ਮਨਹਿ–ਮਨ ਨੂੰ। ਸਧਾਰੇ–ਆਸਰਾ ਦਿੰਦੀ ਹੈ। ਸਿਮਰਣਿ–ਨਾਮ ਸਿਮਰਨ ਨਾਲ। ਮੁਖ ਉਜਲਾਰੇ–ਮੂੰਹ ਉਜਲ ਹੁੰਦਾ ਹੈ।੩। ਪ੍ਰਭਿ–ਪ੍ਰਭੂ ਨੇ। ਸਵਾਰੇ–ਸੁਧਾਰ (ਗੁਣਵਾਨ ਬਣਾ) ਦਿਤੇ ਹਨ। ਸਦ–ਸਦਾ।੪।੭।੧੩।

ਸੂਹੀ ਮਹਲਾ ੫ ॥ ਰਹਣੁ ਨ ਪਾਵਹਿ ਸੁਰਿ ਨਰ ਦੇਵਾ ॥ ਊਠਿ ਸਿਧਾਰੇ ਕਰਿ ਮੁਨਿ ਜਨ ਸੇਵਾ ॥੧॥ (ਹੇ ਭਾਈ!) ਸ੍ਰੇਸ਼ਟ ਮਨੁੱਖ ਤੇ ਦੇਵਤੇ (ਦੁਨੀਆਂ ਵਿਚ ਕੋਈ ਵੀ ਸਦਾ ਲਈ) ਰਹਿਣ ਵਾਲਾ ਜੀਵਨ ਪ੍ਰਾਪਤ ਨਹੀਂ ਕਰ ਸਕਦੇ। ਰਿਸ਼ੀ ਮੁਨੀ ਜਨ ਵੀ ਸੇਵਾ ਕਰਕੇ (ਦੁਨੀਆਂ ਵਿਚੋਂ) ਉਠ ਕੇ ਚਲੇ ਗਏ ਹਨ।

ਅੰਗ ੭੪੦ = ਜੀਵਤ ਪੇਖੇ ਜਿਨ੍ਹੀ ਹਰਿ ਹਰਿ ਧਿਆਇਆ ॥ ਸਾਧ ਸੰਗਿ ਤਿਨ੍ਹੀ ਦਰਸਨੁ ਪਾਇਆ ॥੧॥ਰਹਾਉ॥ ਬਾਦਿਸਾਹ ਸਾਹ ਵਾਪਾਰੀ ਮਰਨਾ ॥ ਜੋ ਦੀਸੈ ਸੋ ਕਾਲਹਿ ਖਰਨਾ ॥੨॥ ਕੂੜੈ ਮੋਹਿ ਲਪਟਿ ਲਪਟਾਨਾ ॥ ਛੋਡਿ ਚਲਿਆ ਤਾ ਫਿਰਿ ਪਛੁਤਾਨਾ

॥੩॥ ਕ੍ਰਿਪਾ ਨਿਧਾਨ ਨਾਨਕ ਕਉ ਕਰਹੁ ਦਾਤਿ ॥ ਨਾਮੁ ਤੇਰਾ ਜਪੀ ਦਿਨੁ ਰਾਤਿ ॥੪॥੮॥੧੪॥ (ਹੇ ਭਾਈ!) ਜਿਨ੍ਹਾਂ ਪੁਰਖਾਂ ਨੇ ਹਰੀ ਦਾ ਨਾਮ ਸਿਮਰਿਆ ਹੈ, (ਕੇਵਲ ਉਹ ਹੀ ਆਤਮਕ ਤੌਰ ਤੇ) ਜਿਉਂਦੇ ਦੇਖੇ ਗਏ ਹਨ। ਉਨ੍ਹਾਂ ਨੇ ਸਾਧ ਸੰਗਤ ਵਿਚ (ਨਾਮ ਸਿਮਰ ਕੇ) ਪ੍ਰਭੂ ਦਾ ਦਰਸ਼ਨ ਪਾਇਆ ਹੈ।੧।ਰਹਾਉ।(ਹੇ ਭਾਈ!) ਬਾਦਸ਼ਾਹ, ਸ਼ਾਹੂਕਾਰ ਤੇ ਵਪਾਰੀ (ਆਦਿ ਸਭ ਨੇ ਅੰਤ ਨੂੰ) ਮਰਨਾ ਹੈ। ਜੋ ਵੀ (ਸੰਸਾਰ ਵਿਚ) ਦਿਸਦਾ ਹੈ, ਉਹ ਸਭ ਨੂੰ ਕਾਲ ਨੇ ਲੈ ਜਾਣਾ ਹੈ।੨।(ਹੇ ਭਾਈ! ਮਨੁੱਖ) ਝੂਠੇ ਮੋਹ ਵਿਚ ਫਸ ਕੇ (ਧੀਆਂ ਪੁਤ੍ਰਾਂ ਨਾਲ) ਚਿੰਬੜਿਆ ਰਹਿੰਦਾ ਹੈ।(ਜਦੋਂ ਦੁਨੀਆਂ ਵਿਚੋਂ ਇਨ੍ਹਾਂ ਨੂੰ) ਛਡ ਕੇ ਤੁਰਦਾ ਹੈ, ਤਾਂ ਫਿਰ ਪਛਤਾਵਾ ਕਰਦਾ ਹੈ।੩।(ਹੁਣ ਅਰਦਾਸ ਕਰਦੇ ਹਨ) ਹੇ ਕ੍ਰਿਪਾ ਦੇ ਖਜਾਨੇ ਪ੍ਰਭੂ! ਨਾਨਕ ਨੂੰ ਇਹ ਦਾਤ ਬਖਸ਼ਿਸ਼ ਕਰੋ ਕਿ ਮੈਂ ਦਿਨ ਰਾਤ ਤੇਰਾ ਨਾਮ ਜਪਦਾ ਰਹਾਂ।੪।੮।੧੪।

ਪਦਾਰਥ = ਰਹਣੁ–ਸਦਾ ਰਹਿਣ ਵਾਲਾ ਜੀਵਨ। ਨ ਪਾਵਹਿ–ਨਹੀਂ ਪ੍ਰਾਪਤ ਕਰ ਸਕਦੇ। ਸੁਰਿ–ਦੇਵਤੇ। ਨਰ ਦੇਵਾ–ਦੇਵਤਾ ਰੂਪ ਮਨੁੱਖ; ਸਾਧੂ; ਰਾਜਾ। ਊਠਿ ਸਿਧਾਰੇ–ਉਠ ਕੇ ਚਲੇ ਗਏ। ਕਰਿ ਸੇਵਾ–ਸੇਵਾ ਕਰ ਕੇ। ਮੁਨਿ ਜਨ–ਮੁਨੀ ਲੋਕ।੧।ਰਹਾਉ। ਸਾਹ–ਸ਼ਾਹੂਕਾਰ। ਦੀਸੈ–ਦਿਸਦਾ ਹੈ। ਸੋ–ਉਹ। ਕਾਲਹਿ–ਮੌਤ ਨੇ। ਖਰਨਾ–ਲੈ ਜਾਣਾ ਹੈ।੨। ਕੂੜੈ ਮੋਹਿ–ਝੂਠੇ ਮੋਹ ਵਿਚ। ਲਪਟਿ–ਫਸ ਕੇ। ਲਪਟਾਨਾ–ਚਿੰਬੜਿਆ ਹੈ। ਤਾ–ਤਾਂ; ਤਦ। ਫਿਰਿ ਪਛੁਤਾਨਾ–ਫਿਰ ਪਛਤਾਵਾ ਕਰਦਾ ਹੈ।੩। ਕ੍ਰਿਪਾ ਨਿਧਾਨ–ਹੇ ਕ੍ਰਿਪਾ ਦੇ ਖਜਾਨੇ! ।ਨਾਨਕ ਕਉ–ਨਾਨਕ ਨੂੰ। ਕਰਹੁ ਦਾਤਿ–ਦਾਤ ਬਖਸ਼ਿਸ਼ ਕਰੋ। ਜਪੀ–ਮੈਂ ਜਪਦਾ ਰਹਾਂ।੪।੮।੧੪।

ਸੂਹੀ ਮਹਲਾ ੫ ॥ ਘਟ ਘਟ ਅੰਤਰਿ ਤੁਮਹਿ ਬਸਾਰੇ ॥ ਸਗਲ ਸਮਗ੍ਰੀ ਸੂਤਿ ਤੁਮਾਰੇ ॥੧॥ ਤੂੰ ਪ੍ਰੀਤਮ ਤੂੰ ਪ੍ਰਾਨ ਅਧਾਰੇ ॥ ਤੁਮ ਹੀ ਪੇਖਿ ਪੇਖਿ ਮਨੁ ਬਿਗਸਾਰੇ ॥੧॥ਰਹਾਉ॥ ਅਨਿਕ ਜੋਨਿ ਭ੍ਰਮਿ ਭ੍ਰਮਿ ਭ੍ਰਮਿ ਹਾਰੇ ॥ ਓਟ ਗਹੀ ਅਬ ਸਾਧ ਸੰਗਾਰੇ ॥੨॥ ਅਗਮ ਅਗੋਚਰੁ ਅਲਖ ਅਪਾਰੇ ॥ ਨਾਨਕੁ ਸਿਮਰੈ ਦਿਨੁ ਰੈਨਾਰੇ ॥੩॥੯॥੧੫॥ (ਹੇ ਪ੍ਰਭੂ!) ਹਰੇਕ ਸਰੀਰ ਦੇ ਅੰਦਰ ਤੂੰ ਹੀ ਵਸ ਰਿਹਾ ਹੈਂ। ਸਾਰੀਆਂ ਚੀਜਾਂ ਤੇਰੀ ਮਰਿਆਦਾ ਦੇ ਧਾਗੇ ਵਿਚ ਪ੍ਰੋਈਆਂ ਹੋਈਆਂ ਹਨ।੧।(ਹੇ ਪ੍ਰਭੂ! ਸਾਡਾ ਸਭ ਜੀਵਾਂ ਦਾ) ਤੂੰ ਪ੍ਰੀਤਮ ਹੈਂ, ਅਤੇ ਸਾਡੇ ਪ੍ਰਾਣਾਂ ਦਾ ਆਸਰਾ ਹੈਂ। ਤੈਨੂੰ ਦੇਖ ਦੇਖ ਕੇ ਸਾਡਾ ਮਨ ਖੁਸ਼ ਹੁੰਦਾ ਹੈ।੧।ਰਹਾਉ।(ਹੇ ਪ੍ਰਭੂ!) ਭਰਮ ਦੇ ਭਰਮਾਏ ਹੋਏ ਅਸੀਂ ਅਨੇਕਾਂ ਜੂਨਾਂ ਵਿਚ ਫਿਰ ਫਿਰ ਕੇ ਥੱਕ ਗਏ ਹਾਂ। ਹੁਣ (ਮਨੁੱਖਾ ਜਨਮ ਵਿਚ ਆ ਕੇ ਅਸੀਂ) ਸਾਧ ਸੰਗਤ ਦੀ ਓਟ ਪਕੜੀ ਹੈ।੨। ਹੇ ਮਨ ਬਾਣੀ ਦੀ ਪਹੁੰਚ ਤੋਂ ਪਰੇ ਪ੍ਰਭੂ! ਹੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਪ੍ਰਭੂ! ਹੇ ਮਨੁੱਖ ਦੀ ਸਮਝ ਤੋਂ ਪਰੇ ਪ੍ਰਭੂ! ਹੇ ਬੇਅੰਤ ਪ੍ਰਭੂ! (ਕ੍ਰਿਪਾ ਕਰ) ਨਾਨਕ ਤੈਨੂੰ ਦਿਨ ਰਾਤ ਸਿਮਰਦਾ ਰਹੇ।੩।੯।੧੫।

ਪਦਾਰਥ = ਘਟ ਘਟ ਅੰਤਰਿ–ਹਰੇਕ ਸਰੀਰ ਦੇ ਅੰਦਰ। ਤੁਮਹਿ–ਤੂੰ ਹੀ। ਬਸਾਰੇ–ਵਸ ਰਿਹਾ ਹੈਂ। ਸਗਲ ਸਮਗ੍ਰੀ–ਸਾਰੀਆਂ ਚੀਜਾਂ; ਸਾਰੀ ਰਚਨਾ। ਸੂਤਿ–ਮਰਿਆਦਾ (ਜਾਂ ਹੁਕਮ; ਸੱਤਾ) ਦੇ ਧਾਗੇ ਵਿਚ।੧। ਪ੍ਰੀਤਮ–ਸਭ ਤੋਂ ਵਧ ਪਿਆਰਾ। ਪ੍ਰਾਨ ਅਧਾਰੇ–ਪ੍ਰਾਣਾਂ ਦਾ ਆਸਰਾ। ਤੁਮ ਹੀ–ਤੈਨੂੰ ਹੀ। ਪੇਖਿ–ਦੇਖ ਕੇ। ਬਿਗਸਾਰੇ–ਖੁਸ਼ ਹੁੰਦਾ ਹੈ।੧।ਰਹਾਉ। ਅਨਿਕ ਜੋਨਿ–ਜਨਮ ਮਰਨ ਦੇ ਅਨੇਕਾਂ ਚੱਕ੍ਰਾਂ ਵਿਚ। ਭ੍ਰਮਿ ਭ੍ਰਮਿ ਭ੍ਰਮਿ–ਭਰਮ ਦੇ ਭਰਮਾਏ ਹੋਏ ਫਿਰ ਫਿਰ ਕੇ (ਸੰ.ਸ.; ਫ.ਸ.)। ਹਾਰੇ–ਥੱਕ ਗਏ ਹਾਂ। ਗਹੀ–ਪਕੜੀ ਹੈ। ਅਬ–ਹੁਣ। ਸਾਧ ਸੰਗਾਰੇ–ਸਾਧ ਸੰਗਤ ਦੀ।੨। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਅਲਖ–(ਅਲੱਖ ਬੋਲੋ) ਮਨੁੱਖ ਦੀ ਸਮਝ ਤੋਂ ਪਰੇ। ਅਪਾਰੇ–ਪਾਰ ਰਹਿਤ (ਬੇਅੰਤ)। ਰੈਨਾਰੇ–ਰਾਤ।੩।੯।੧੫।

ਸੂਹੀ ਮਹਲਾ ੫ ॥ ਕਵਨ ਕਾਜ ਮਾਇਆ ਵਡਿਆਈ ॥ ਜਾ ਕਉ ਬਿਨਸਤ ਬਾਰ ਨ ਕਾਈ ॥੧॥ ਇਹੁ ਸੁਪਨਾ ਸੋਵਤ ਨਹੀ ਜਾਨੈ ॥ ਅਚੇਤ ਬਿਵਸਥਾ ਮਹਿ ਲਪਟਾਨੈ ॥੧॥ਰਹਾਉ॥ ਮਹਾ ਮੋਹਿ ਮੋਹਿਓ ਗਾਵਾਰਾ ॥ ਪੇਖਤ ਪੇਖਤ ਊਠਿ ਸਿਧਾਰਾ ॥੨॥ ਊਚ ਤੇ ਊਚ ਤਾ ਕਾ ਦਰਬਾਰਾ ॥ ਕਈ ਜੰਤ ਬਿਨਾਹਿ ਉਪਾਰਾ ॥੩॥ ਦੂਸਰ ਹੋਆ ਨਾ ਕੋ ਹੋਈ ॥ ਜਪਿ ਨਾਨਕ ਪ੍ਰਭ ਏਕੋ ਸੋਈ ॥੪॥੧੦ ੧੬॥ (ਹੇ ਭਾਈ!) ਮਾਇਆ ਦੀ ਵਡਿਆਈ ਕਿਸ ਕੰਮ ਹੈ? ਜਿਸ (ਮਾਇਆ) ਨੂੰ ਨਾਸ਼ ਹੁੰਦਿਆਂ ਕੋਈ ਦੇਰ ਨਹੀਂ ਲਗਦੀ।੧। ਇਹ (ਜਗਤ) ਸੁਪਨਾ ਹੈ, (ਸੁਪਨੇ ਵਿਚ) ਸੁੱਤਾ ਪਿਆ ਮਨੁੱਖ ਨਹੀਂ ਜਾਣਦਾ ਕਿ ਮੈਂ ਸੁੱਤਾ ਪਿਆ ਹਾਂ। ਗਾਫਲ ਹਾਲਤ ਵਿਚ (ਮਾਇਆ ਦੇ ਮੋਹ ਨਾਲ) ਚਿੰਬੜਿਆ ਰਹਿੰਦਾ ਹੈ।੧।ਰਹਾਉ।(ਹੇ ਭਾਈ! ਇਹ) ਮਾਇਆ ਦੇ ਵੱਡੇ ਮੋਹ ਵਿਚ ਮੋਹਿਆ ਹੋਇਆ ਮੂਰਖ ਮਨੁੱਖ ਦੇਖਦਿਆਂ ਦੇਖਦਿਆਂ (ਦੁਨੀਆਂ ਵਿਚੋਂ) ਉਠ ਕੇ ਤੁਰ ਜਾਂਦਾ ਹੈ।੨।(ਹੇ ਭਾਈ!) ਉਸ ਪ੍ਰਭੂ ਦਾ ਦਰਬਾਰ ਉਚੇ ਤੋਂ ਉਚਾ ਹੈ।(ਉਹ) ਕਈ (ਅਨੰਤ) ਜੀਵਾਂ ਨੂੰ ਨਾਸ਼ ਕਰਕੇ ਫਿਰ ਪੈਦਾ ਕਰਦਾ ਹੈ।੩। ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਭਾਈ! ਤੂੰ) ਉਸ ਇਕ ਪ੍ਰਭੂ ਦਾ ਨਾਮ ਜਪਿਆ ਕਰ, (ਜਿਸ ਪ੍ਰਭੂ ਵਰਗਾ) ਨਾ ਕੋਈ ਦੂਜਾ ਹੋਇਆ ਹੈ ਤੇ ਨਾ ਕੋਈ ਹੋਵੇਗਾ।੪।੧੦।੧੬।

ਸਾਰੰਸ਼ = ਜਦ ਤਕ ਮਨੁੱਖ ਸਾਧ ਸੰਗਤ ਤੋਂ ਬਿਰਵਾ ਹੋਣ ਕਰਕੇ ਅਚੇਤ ਬਿਵਸਥਾ ਵਿਚ ਰਹਿੰਦਾ ਹੈ, ਤਦ ਤਕ ਮਾਇਆ ਮੋਹ ਵਿਚ

ਸੁੱਤਾ ਰਹਿੰਦਾ ਹੈ ਅਤੇ ਹਰੀ ਦੇ ਉਚੇ ਦਰਬਾਰ ਦੀ ਸੋਝੀ ਨਹੀਂ ਰਖਦਾ।(ਸ਼ਬਦਾਰਥ)

ਪਦਾਰਥ = ਕਵਨ ਕਾਜ–ਕਿਸ ਕੰਮ ਹੈ? ਜਾ ਕਉ–ਜਿਸ ਨੂੰ।ਬਿਨਸਤ–ਨਾਸ਼ ਹੁੰਦਿਆਂ।ਬਾਰ ਨਾ ਕਾਈ–ਕੋਈ ਦੇਰ ਨਹੀਂ ਲਗਦੀ।੧।ਸੋਵਤ–ਸੱਤਾ ਪਿਆ।ਨਹੀ ਜਾਨੈ–ਜਾਣਦਾ ਨਹੀਂ।ਅਚੇਤ ਬਿਵਸਥਾ–ਮੂਰਖਤਾ ਵਾਲੀ ਹਾਲਤ।ਮਹਿ–ਵਿਚ।ਲਪਟਾਨੈ–ਫਸਿਆ ਹੈ; ਚਿੰਬੜਿਆ ਹੈ।੧।ਰਹਾਉ।ਮਹਾ ਮੋਹਿ–ਵੱਡੇ ਮੋਹ ਵਿਚ।ਮੋਹਿਆ–ਮੋਹਿਆ ਹੋਇਆ; ਮਸਤ ਰਹਿੰਦਾ ਹੈ।ਪੇਖਤ–ਦੇਖਦਿਆਂ।ਊਠਿ–ਉਠ ਕੇ।ਸਿਧਾਰਾ–ਤੁਰ ਜਾਂਦਾ ਹੈ।੨।ਊਚ ਤੇ ਊਚ–ਉਚੇ ਤੋਂ ਉਚਾ।ਤਾ ਕਾ–ਉਸ (ਪ੍ਰਭੂ) ਦਾ।ਜੰਤ–ਜੀਵ।ਬਿਨਾਹਿ–ਨਾਸ਼ ਕਰਕੇ।ਉਪਾਰਾ–ਪੈਦਾ ਕਰਦਾ ਹੈ।੩।ਦੂਸਰ ਕੋ–ਕੋਈ ਦੂਜਾ।ਪ੍ਰਭ ਏਕੋ ਸੋਈ–ਉਸ ਇਕ ਪ੍ਰਭੂ ਦਾ।੪।੧੦।੧੬।

ਸੂਹੀ ਮਹਲਾ ੫ ॥ ਸਿਮਰਿ ਸਿਮਰਿ ਤਾ ਕਉ ਹਉ ਜੀਵਾ ॥ ਚਰਣ ਕਮਲ ਤੇਰੇ ਧੋਇ ਧੋਇ ਪੀਵਾ ॥੧॥ ਸੋ ਹਰਿ ਮੇਰਾ ਅੰਤਰਜਾਮੀ ॥ ਭਗਤ ਜਨਾ ਕੈ ਸੰਗਿ ਸੁਆਮੀ ॥੧॥ਰਹਾਉ॥ ਸੁਣਿ ਸੁਣਿ ਅੰਮ੍ਰਿਤ ਨਾਮੁ ਧਿਆਵਾ ॥ ਆਠ ਪਹਰ ਤੇਰੇ ਗੁਣ ਗਾਵਾ ॥੨॥ ਪੇਖਿ ਪੇਖਿ ਲੀਲਾ ਮਨਿ ਆਨੰਦਾ ॥ ਗੁਣ ਅਪਾਰ ਪ੍ਰਭ ਪਰਮਾਨੰਦਾ ॥੩॥ ਜਾ ਕੈ ਸਿਮਰਨਿ ਕਛੁ ਭਉ ਨ ਬਿਆਪੈ ॥ ਸਦਾ ਸਦਾ ਨਾਨਕ ਹਰਿ ਜਾਪੈ ॥੪॥੧੧॥੧੭॥ (ਹੇ ਭਾਈ!) ਮੈਂ ਉਸ ਪ੍ਰਭੂ ਦੇ ਨਾਮ ਨੂੰ ਸਿਮਰ ਸਿਮਰ ਕੇ ਜਿਉਂਦਾ ਹਾਂ।(ਹੇ ਪ੍ਰਭੂ!) ਮੈਂ ਤੇਰੇ ਚਰਨ ਕਮਲ ਧੋ ਧੋ ਕੇ ਪੀਂਦਾ ਹਾਂ।੧।(ਹੇ ਭਾਈ!) ਮੇਰਾ ਉਹ ਹਰੀ ਹਰੇਕ ਦੇ ਦਿਲ ਦੇ ਅੰਦਰ ਦੀਆਂ ਜਾਨਣ ਵਾਲਾ ਹੈ।ਉਹ ਮਾਲਕ ਪ੍ਰਭੂ ਸਦਾ ਹੀ ਭਗਤ ਜਨਾਂ ਦੇ ਅੰਗ ਸੰਗ ਵਸਦਾ ਹੈ।੧।ਰਹਾਉ।(ਹੇ ਪ੍ਰਭੂ! ਮੈਂ ਤੇਰਾ) ਅੰਮ੍ਰਿਤ ਨਾਮ ਸੁਣ ਸੁਣ ਕੇ ਸਿਮਰਦਾ ਹਾਂ। ਅਤੇ ਮੈਂ ਅੱਠੇ ਪਹਿਰ ਤੇਰੇ ਹੀ ਗੁਣ ਗਾਉਂਦਾ ਹਾਂ।੨।ਹੇ ਸਭ ਤੋਂ ਉਚੇ ਅਨੰਦ ਦੇ ਮਾਲਕ ਪ੍ਰਭੂ! ਤੇਰੇ ਗੁਣ ਬੇਅੰਤ ਹਨ।ਤੇਰੇ ਕੌਤਕ ਦੇਖ ਦੇਖ ਕੇ ਮੇਰੇ ਮਨ ਵਿਚ ਅਨੰਦ ਪ੍ਰਾਪਤ ਹੁੰਦਾ ਹੈ।੩।(ਹੇ ਭਾਈ!) ਜਿਸ ਪ੍ਰਭੂ ਦੇ ਸਿਮਰਨ ਨਾਲ ਕੋਈ ਡਰ ਨਹੀਂ ਵਿਆਪਦਾ। ਨਾਨਕ ਸਦਾ ਸਦਾ ਹਰੀ ਦਾ ਨਾਮ ਜਪਦਾ ਰਹਿੰਦਾ ਹੈ।੪।੧੧।੧੭।

ਪਦਾਰਥ = ਸਿਮਰਿ–ਸਿਮਰ ਕੇ।ਤਾ ਕਉ–ਉਸ ਨੂੰ।ਹਉ–ਮੈਂ।ਜੀਵਾ–ਜਿਉਂਦਾ ਹਾਂ।ਪੀਵਾ–ਪੀਂਦਾ ਹਾਂ।੧।ਸੋ–ਉਹ।ਅੰਤਰਜਾਮੀ–ਦਿਲ ਦੇ ਅੰਦਰ ਦੀਆਂ ਜਾਨਣ ਵਾਲਾ।ਕੈ–ਦੇ।ਸੰਗਿ–ਨਾਲ; ਅੰਗ ਸੰਗ।ਸੁਆਮੀ–ਮਾਲਕ ਪ੍ਰਭੂ।੧।ਰਹਾਉ।ਸੁਣਿ–ਸੁਣ ਕੇ। ਧਿਆਵਾ–ਧਿਆਉਂਦਾ ਹਾਂ।ਆਠ ਪਹਰ–ਦਿਨ ਰਾਤ।ਗਾਵਾ–ਗਾਉਂਦਾ ਹਾਂ।੨।ਪੇਖਿ–ਦੇਖ ਕੇ।ਲੀਲਾ–ਕੌਤਕ; ਖੇਡਾਂ।ਮਨਿ–ਮਨ ਵਿਚ।ਅਪਾਰ–ਬੇਅੰਤ।ਪਰਮਾਨੰਦਾ–ਸਭ ਤੋਂ ਉਚੇ ਅਨੰਦ ਦਾ ਮਾਲਕ।੩।ਜਾ ਕੈ–ਜਿਸ ਦੇ।ਸਿਮਰਨਿ–ਸਿਮਰਨ ਨਾਲ।ਭਉ–ਡਰ।ਨ ਬਿਆਪੈ–ਨਹੀਂ ਵਿਆਪਦਾ; ਨਹੀਂ ਲਗਦਾ।ਜਾਪੈ–ਜਪਦਾ ਹੈ।੪।੧੧।੧੭।

ਸੂਹੀ ਮਹਲਾ ੫ ॥ ਗੁਰ ਕੈ ਬਚਨਿ ਰਿਦੈ ਧਿਆਨੁ ਧਾਰੀ ॥ ਰਸਨਾ ਜਾਪੁ ਜਪਉ ਬਨਵਾਰੀ ॥੧॥ ਸਫਲ ਮੂਰਤਿ ਦਰਸਨ ਬਲਿਹਾਰੀ ॥ ਚਰਣ ਕਮਲ ਮਨ ਪ੍ਰਾਣ ਅਧਾਰੀ ॥੧॥ਰਹਾਉ॥ ਸਾਧ ਸੰਗਿ ਜਨਮ ਮਰਣ ਨਿਵਾਰੀ ॥ ਅੰਮ੍ਰਿਤ ਕਥਾ ਸੁਣਿ ਕਰਨ ਅਧਾਰੀ ॥੨॥ ਕਾਮ ਕ੍ਰੋਧ ਲੋਭ ਮੋਹ ਤਜਾਰੀ ॥ ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ ॥੩॥ ਕਹੁ ਨਾਨਕ ਇਹੁ ਤਤੁ ਬੀਚਾਰੀ ॥ ਰਾਮ ਨਾਮ ਜਪਿ ਪਾਰਿ ਉਤਾਰੀ ॥੪॥੧੨॥੧੮॥ (ਹੇ ਭਾਈ!) ਮੈਂ ਗੁਰੂ ਦੇ ਬਚਨਾਂ ਦੁਆਰਾ ਅਪਣੇ ਹਿਰਦੇ ਵਿਚ ਪ੍ਰਭੂ ਦਾ ਧਿਆਨ ਧਰਦਾ ਹਾਂ।ਜੀਭ ਨਾਲ ਬਨਵਾਰੀ (ਪ੍ਰਭੂ ਦੇ ਨਾਮ) ਦਾ ਜਾਪ ਜਪਦਾ ਹਾਂ।੧।(ਹੇ ਭਾਈ!) ਗੁਰੂ ਦਾ ਸਰੂਪ ਸਭ ਫਲ ਦੇਣ ਵਾਲਾ ਹੈ ਅਤੇ ਮੈਂ ਉਸ ਦੇ ਦਰਸ਼ਨਾਂ ਤੋਂ ਵਾਰਨੇ ਜਾਂਦਾ ਹਾਂ।ਅਤੇ (ਗੁਰੂ ਦੇ) ਚਰਨ ਕਮਲ ਮੇਰੇ ਮਨ ਤੇ ਪ੍ਰਾਣਾਂ ਦਾ ਆਸਰਾ ਹਨ।੧।ਰਹਾਉ।ਮੈਂ (ਗੁਰੂ ਦੀ) ਸਾਧ ਸੰਗਤ ਵਿਚ ਜੁੜ ਕੇ ਜਨਮ ਮਰਨ ਦੂਰ ਕਰ ਲਿਆ ਹੈ।(ਗੁਰੂ ਦੀ ਸੰਗਤ ਵਿਚ) ਅੰਮਿਤ ਕਥਾ ਕੰਨਾਂ ਨਾਲ ਸੁਣ ਕੇ (ਇਸ ਨੂੰ ਮੈਂ ਅਪਣੇ ਜੀਵਨ ਦਾ) ਆਸਰਾ ਬਣਾਇਆ ਹੈ।੨।(ਹੇ ਭਾਈ! ਗੁਰੂ ਦੇ ਬਚਨਾਂ ਦੀ ਬਰਕਤ ਨਾਲ) ਮੈਂ ਕਾਮ ਕ੍ਰੋਧ ਲੋਭ ਤੇ ਮੋਹ ਆਦਿ ਵਿਕਾਰ ਛਡ ਦਿਤੇ ਹਨ।ਹਰੀ ਦਾ ਨਾਮ ਜਪਣਾ, ਵੰਡ ਛਕਣਾ, (ਹਰ ਰੋਜ) ਇਸ਼ਨਾਨ ਕਰਨਾ ਅਤੇ ਸ੍ਰੇਸਟਾਚਾਰ ਆਦਿ ਕਰਮਾਂ ਨੂੰ ਮੈਂ ਦ੍ਰਿੜ ਕੀਤਾ ਹੈ।੩।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਇਹ ਤੱਤ ਬਿਚਾਰਿਆ ਹੈ।ਕਿ ਪ੍ਰਮਾਤਮਾ ਦਾ ਨਾਮ ਜਪ ਕੇ ਹੀ (ਸੰਸਾਰ ਸਮੁੰਦਰ ਤੋਂ) ਪਾਰ ਉਤਰਿਆ ਜਾ ਸਕਦਾ ਹੈ।੪।੧੨।੧੮।

ਪਦਾਰਥ = ਗੁਰ ਕੈ ਬਚਨਿ–ਗੁਰੂ ਦੇ ਬਚਨਾਂ ਦੁਆਰਾ।ਰਿਦੈ–ਹਿਰਦੇ ਵਿਚ।ਧਾਰੀ–ਮੈਂ ਧਰਦਾ ਹਾਂ।ਰਸਨਾ–ਜੀਭ ਨਾਲ।ਜਾਪੁ ਜਪਉ–ਨਾਮ ਦਾ ਜਾਪ ਜਪਦਾ ਹਾਂ।ਬਨਵਾਰੀ–ਸੰਸਾਰ ਰੂਪ ਜੰਗਲ ਦਾ ਮਾਲੀ ਪ੍ਰਮਾਤਮਾ।੧।ਸਫਲ–ਸਭ ਫਲ ਦੇਣ ਵਾਲਾ।ਮੂਰਤਿ–ਹਸਤੀ; ਸਰੂਪ।ਬਲਿਹਾਰੀ–ਮੈਂ ਵਾਰਨੇ ਜਾਂਦਾ ਹਾਂ।ਚਰਣ ਕਮਲ–ਕਮਲ ਫੁੱਲ ਵਰਗੇ ਸੁੰਦਰ ਤੇ ਕੋਮਲ ਚਰਨ।ਅਧਾਰੀ–ਆਸਰਾ।੧।ਰਹਾਉ।ਨਿਵਾਰੀ–ਦੂਰ ਕਰ ਲਿਆ।ਸੁਣਿ–ਸੁਣ ਕੇ।ਕਰਨ–ਕੰਨਾਂ ਨਾਲ।੨।ਤਜਾਰੀ–ਛਡ ਦਿਤੇ ਹਨ।ਦ੍ਰਿੜੁ–ਮਨ ਵਿਚ ਪੱਕੀ ਤਰ੍ਹਾਂ ਟਿਕਾ ਲਿਆ ਹੈ।ਸੁਚਾਰੀ–ਸ੍ਰੇਸਟਾਚਾਰ; ਚੰਗੇ ਵਿਹਾਰ ਵਾਲਾ।੩।ਤਤੁ–ਅਸਲੀਅਤ; ਸੱਚਾਈ।ਜਪਿ–ਜਪ ਕੇ।ਪਾਰਿ ਉਤਾਰੀ

-(ਸੰਸਾਰ ਸਮੁੰਦਰ ਤੋਂ) ਪਾਰ ਉਤਰਿਆ (ਲੰਘਿਆ) ਜਾ ਸਕਦਾ ਹੈ।੪।੧੨।੧੮।

ਸੂਹੀ ਮਹਲਾ ੫ ॥ ਲੋਭਿ ਮੋਹਿ ਮਗਨ ਅਪਰਾਧੀ ॥ ਕਰਣਹਾਰ ਕੀ ਸੇਵ ਨ ਸਾਧੀ ॥੧॥ ਪਤਿਤ ਪਾਵਨ ਪ੍ਰਭ ਨਾਮ ਤੁਮਾਰੇ ॥ ਰਾਖਿ ਲੇਹੁ ਮੋਹਿ ਨਿਰਗੁਨੀਆਰੇ ॥੧॥ਰਹਾਉ॥ (ਹੇ ਪ੍ਰਭੂ!) ਮੈਂ ਅਪਰਾਧੀ ਪਦਾਰਥਾਂ ਦੇ ਲੋਭ ਅਤੇ ਸਬੰਧੀਆਂ ਦੇ ਮੋਹ ਵਿਚ ਮਸਤ ਹਾਂ। (ਹੇ ਭਾਈ!) ਜਗਤ ਨੂੰ ਪੈਦਾ ਕਰਨ ਵਾਲੇ ਪ੍ਰਭੂ ਦੀ ਮੈਂ ਸੇਵਾ ਭਗਤੀ ਨਹੀਂ ਕੀਤੀ।੧।ਹੇ ਪ੍ਰਭੂ! ਤੇਰੇ ਜਿਤਨੇ ਵੀ ਨਾਮ ਹਨ (ਉਹ ਸਾਰੇ ਨਾਮ) ਪਾਪੀਆਂ ਨੂੰ ਪਵਿਤ੍ਰ ਕਰਨ ਵਾਲੇ ਹਨ।ਮੈਨੂੰ ਗੁਣ ਹੀਣ ਨੂੰ (ਲੋਭ ਮੋਹ ਆਦਿ ਵਿਕਾਰਾਂ ਤੋਂ) ਬਚਾ ਲੈ।੧।ਰਹਾਉ।

ਅੰਗ ੭੪੧ = ਤੂੰ ਦਾਤਾ ਪ੍ਰਭ ਅੰਤਰਜਾਮੀ ॥ ਕਾਚੀ ਦੇਹ ਮਾਨੁਖ ਅਭਿਮਾਨੀ ॥੨॥ ਸੁਆਦ ਬਾਦ ਈਰਖ ਮਦ ਮਾਇਆ ॥ ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ ॥੩॥ ਦੁਖ ਭੰਜਨ ਜਗਜੀਵਨ ਹਰਿ ਰਾਇਆ ॥ ਸਗਲ ਤਿਆਗਿ ਨਾਨਕੁ ਸਰਣਾਇਆ ॥੪॥੧੩॥੧੯॥ ਹੇ ਪ੍ਰਭੂ! ਤੂੰ (ਸਾਰੇ ਜੀਵਾਂ ਨੂੰ) ਦਾਤਾਂ ਦੇਣ ਵਾਲਾ ਹੈਂ ਅਤੇ ਸਭ ਦੇ ਅੰਦਰ ਦੀ ਹਾਲਤ ਜਾਨਣ ਵਾਲਾ ਹੈਂ।ਮਨੁੱਖ ਅਪਣੇ ਸਰੀਰ ਦਾ ਹੰਕਾਰ ਕਰਨ ਵਾਲਾ ਹੈ, ਜੋ ਮਿੱਟੀ ਦੇ ਕੱਚੇ ਭਾਂਡੇ ਵਾਂਗ ਖੁਰ ਜਾਣ ਵਾਲਾ ਹੈ।੨।(ਹੇ ਭਾਈ!) ਪਦਾਰਥਾਂ ਦਾ ਸੁਆਦ, ਝਗੜੇ, ਈਰਖਾ ਅਤੇ ਮਾਇਆ ਦਾ ਹੰਕਾਰ ਜੋ ਹੈ।ਇਨਾਂ (ਵਿਕਾਰਾਂ) ਨਾਲ ਲਗ ਕੇ (ਮੂਰਖ ਮਨੁੱਖ ਨੇ) ਰਤਨਾਂ ਵਰਗਾ ਅਮੋਲਕ ਮਨੁੱਖਾ ਜਨਮ ਨਿਸਫਲ ਗਵਾ ਲਿਆ ਹੈ।੩।ਹੇ ਦੁੱਖਾਂ ਦਾ ਨਾਸ਼ ਕਰਨ ਵਾਲੇ! ਹੇ ਜਗਤ ਨੂੰ ਜੀਵਨ ਦੇਣ ਵਾਲੇ ਪ੍ਰਭੂ ਪਾਤਸ਼ਾਹ!।ਮੈਂ ਨਾਨਕ ਸਭ ਦਾ ਆਸਰਾ ਛਡ ਕੇ ਇਕ ਤੇਰੀ ਸ਼ਰਣ ਵਿਚ ਆਇਆ ਹਾਂ।੪।੧੩।੧੯।

ਪਦਾਰਥ = ਮੋਹਿ-ਮੋਹ ਵਿਚ।ਮਗਨ-ਮਸਤ; ਡੁੱਬੇ ਹੋਏ।ਅਪਰਾਧੀ-ਦੋਸ਼ੀ; ਪਾਪੀ।ਕਰਣਹਾਰ-ਜਗਤ ਨੂੰ ਪੈਦਾ ਕਰਨ ਵਾਲਾ ਪ੍ਰਭੂ।ਸੇਵ-ਸੇਵਾ ਭਗਤੀ।ਨ ਸਾਧੀ-ਨਹੀਂ ਕੀਤੀ।੧।ਪਤਿਤ ਪਾਵਨ-ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ।ਮੋਹਿ-ਮੈਨੂੰ।ਨਿਰਗੁਨੀਆਰੇ-ਗੁਣ ਹੀਣ ਨੂੰ।੧।ਰਹਾਉ।ਪ੍ਰਭ-ਹੇ ਪ੍ਰਭੂ!।ਅੰਤਰਜਾਮੀ-ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ।ਕਾਚੀ ਦੇਹ-ਨਾਸ਼ਵੰਤ ਸਰੀਰ।੨।ਬਾਦ-ਝਗੜੇ।ਈਰਖ-ਈਰਖਾ।ਮਦ-ਹੰਕਾਰ; ਨਸ਼ਾ।ਇਨ ਸੰਗਿ-ਇਨ੍ਹਾਂ ਨਾਲ।ਰਤਨ-ਰਤਨਾਂ ਵਰਗਾ ਅਮੋਲਕ।੩।ਦੁਖ ਭੰਜਨ-ਹੇ ਦੁੱਖਾਂ ਦਾ ਨਾਸ ਕਰਨ ਵਾਲੇ!।ਜਗਜੀਵਨ-ਹੇ ਜਗਤ ਨੂੰ ਜੀਵਨ ਦੇਣ ਵਾਲੇ!।ਹਰਿ ਰਾਇਆ-ਹੇ ਪ੍ਰਭੂ ਪਾਤਸ਼ਾਹ!।ਸਗਲ-ਸਾਰੇ।ਤਿਆਗਿ-ਛਡ ਕੇ।ਸਰਣਾਇਆ-ਸ਼ਰਣ ਵਿਚ ਆਇਆ ਹਾਂ।੪।੧੩।੧੯।

ਸੂਹੀ ਮਹਲਾ ੫ ॥ ਪੇਖਤ ਚਾਖਤ ਕਹੀਅਤ ਅੰਧਾ, ਸੁਨੀਅਤ ਸੁਨੀਐ ਨਾਹੀ ॥ ਨਿਕਟਿ ਵਸਤੁ ਕਉ ਜਾਣੈ ਦੂਰੇ, ਪਾਪੀ ਪਾਪ ਕਮਾਹੀ ॥੧॥ ਸੋ ਕਿਛੁ ਕਰਿ, ਜਿਤੁ ਛੁਟਹਿ ਪ੍ਰਾਨੀ ॥ ਹਰਿ ਹਰਿ ਨਾਮੁ ਜਪਿ ਅੰਮ੍ਰਿਤ ਬਾਨੀ ॥੧॥ਰਹਾਉ॥ ਘੋਰ ਮਹਲ ਸਦਾ ਰੰਗਿ ਰਾਤਾ ॥ ਸੰਗਿ ਤੁਮ੍ਹਾਰੈ ਕਛੂ ਨ ਜਾਤਾ ॥੨॥ ਰਖਹਿ ਪੋਚਾਰਿ ਮਾਟੀ ਕਾ ਭਾਂਡਾ ॥ ਅਤਿ ਕੁਚੀਲ ਮਿਲੈ ਜਮ ਡਾਂਡਾ ॥੩॥ ਕਾਮ ਕ੍ਰੋਧਿ ਲੋਭਿ ਮੋਹਿ ਬਾਧਾ ॥ ਮਹਾ ਗਰਤ ਮਹਿ ਨਿਘਰਤ ਜਾਤਾ ॥੪॥ ਨਾਨਕ ਕੀ ਅਰਦਾਸਿ ਸੁਣੀਜੈ ॥ ਡੂਬਤ ਪਾਹਨ ਪ੍ਰਭ ਮੇਰੇ ਲੀਜੈ ॥੫॥੧੪॥੨੦॥ (ਹੇ ਭਾਈ! ਮਨੁੱਖ ਦੁਨੀਆਂ ਨੂੰ) ਦੇਖਦਾ ਭਾਲਦਾ ਹੋਇਆ ਅੰਨ੍ਹਾ ਕਿਹਾ ਜਾਂਦਾ ਹੈ; ਅੱਖਾਂ ਨਾਲ ਦੇਖਦਾ ਹੋਇਆ ਵੀ ਅੰਨ੍ਹਾਂ ਕਹੀਦਾ ਹੈ ਅਤੇ (ਹੋਰ ਰਾਗ ਨਾਦ) ਸੁਣਦਾ ਹੋਇਆ ਵੀ ਸੁਣਦਾ ਨਹੀਂ (ਕੰਨ ਹੁੰਦੇ ਹੋਏ ਵੀ ਬੋਲਾ ਹੈ)।ਨੇੜੇ ਵਸਦੇ ਪ੍ਰਭੂ ਨੂੰ ਦੂਰ ਜਾਣਦਾ ਹੈ, (ਇਸ ਤਰ੍ਹਾਂ) ਪਾਪੀ ਮਨੁੱਖ ਪਾਪ ਕਰਮ ਹੀ ਕਮਾਉਂਦਾ ਰਹਿੰਦਾ ਹੈ।੧।ਹੇ ਪ੍ਰਾਣੀ, ਕੁਛ ਉਹ ਜਤਨ ਕਰ, ਜਿਸ (ਜਤਨ) ਰਾਹੀਂ ਤੂੰ (ਜਨਮ ਮਰਨ ਦੇ ਗੇੜ ਤੋਂ) ਛੁੱਟ ਜਾਵੇਂ।(ਉਹ ਜਤਨ ਇਹ ਹੈ ਕਿ) ਤੂੰ ਹਰਿ ਹਰਿ ਨਾਮ ਰੂਪ ਅੰਮ੍ਰਿਤ ਬਾਣੀ ਨੂੰ ਜਪਿਆ ਕਰ।੧।ਰਹਾਉ।(ਹੇ ਪ੍ਰਾਣੀ! ਤੂੰ) ਸਦਾ ਘੋੜਿਆਂ ਅਤੇ ਮਹਿਲ ਮਾੜੀਆਂ ਦੇ ਪਿਆਰ ਵਿਚ ਮਸਤ ਰਹਿੰਦਾ ਹੈਂ।(ਪਰ ਇਨ੍ਹਾਂ ਵਿਚੋਂ) ਕੁਛ ਵੀ ਤੇਰੇ ਨਾਲ ਜਾ ਸਕਦਾ।੨।(ਹੇ ਪ੍ਰਾਣੀ! ਤੂੰ) ਮਿੱਟੀ ਦੇ ਭਾਂਡੇ (ਸਰੀਰ) ਨੂੰ ਪੋਚ ਪਾਚ (ਉਤੋਂ ਉਤੋਂ ਸਾਫ ਕਰ) ਕੇ ਰਖਦਾ ਹੈਂ।(ਪਰ ਪਾਪਾਂ ਕਰਕੇ ਅੰਦਰੋਂ ਇਹ) ਬਹੁਤ ਗੰਦਾ ਹੈ (ਇਸ ਕਰਕੇ ਤੈਨੂੰ) ਜਮਾਂ ਦਾ ਦੰਡ ਮਿਲੇਗਾ।੩।(ਹੇ ਪ੍ਰਾਣੀ! ਤੂੰ) ਕਾਮ ਕ੍ਰੋਧ ਲੋਭ ਤੇ ਮੋਹ ਵਿਚ ਬੱਝਾ ਹੋਇਆ (ਕਾਮਾਦਿਕਾਂ ਦੇ) ਵੱਡੇ ਟੋਏ ਵਿਚ ਨਿਘਰਦਾ ਜਾ ਰਿਹਾ ਹੈ।੪।ਹੇ ਮੇਰੇ ਪ੍ਰਭੂ! ਨਾਨਕ ਦੀ ਅਰਦਾਸ ਸੁਣ।(ਕਾਮ ਆਦਿਕ ਵਿਕਾਰਾਂ ਵਿਚ ਸਾਨੂੰ) ਡੁਬਦੇ ਪੱਥਰਾਂ ਨੂੰ ਬਚਾ ਲੈ।੫।੧੪।੨੦।

ਪਦਾਰਥ = ਪੇਖਤ ਚਾਖਤ-ਅੱਖਾਂ ਨਾਲ ਦੇਖਦਾ ਹੋਇਆ (ਮ.ਕੋ.)।ਕਹੀਅਤਿ-ਕਿਹਾ ਜਾਂਦਾ ਹੈ।ਅੰਧਾ-(ਵਿਚਾਰ ਵਿਵੇਕ ਅੱਖਾਂ ਤੋਂ) ਅੰਨ੍ਹਾਂ।ਸੁਨੀਅਤ-ਸੁਣਦਾ ਹੋਇਆ।ਸੁਨੀਐ ਨਾਹੀ-ਸੁਣਦਾ ਨਹੀਂ।ਨਿਕਟਿ ਵਸਤੁ ਕਉ-ਨੇੜੇ ਵਸਦੇ (ਪ੍ਰਭੂ) ਨੂੰ।ਕਮਾਹੀ-ਕਮਾਉਂਦੇ ਹਨ।੧।ਸੋ-ਉਹ (ਜਤਨ)।ਜਿਤੁ-ਜਿਸ ਕਰਕੇ।ਛੁਟਹਿ-ਮੁਕਤ ਹੋ ਜਾਵੇਂ।ਪ੍ਰਾਨੀ-ਹੇ ਪ੍ਰਾਣੀ!।ਬਾਨੀ-ਬਾਣੀ।੧।ਰਹਾਉ।ਘੋਰ-ਘੋੜੇ।ਮਹਲ-ਰਹਿਣ ਲਈ ਵੱਡੇ ਵੱਡੇ ਘਰ।ਰੰਗਿ-ਪਿਆਰ ਵਿਚ।ਰਾਤਾ-ਮਸਤ ਰਹਿੰਦਾ ਹੈਂ।ਸੰਗਿ ਤੁਮ੍ਹਾਰੈ-ਤੇਰੇ ਨਾਲ।ਨ ਜਾਤਾ-ਨਹੀਂ ਜਾ ਸਕਦਾ।੨।ਰਖਹਿ ਪੋਚਾਰਿ-ਪੋਚ ਪਾਚ ਕੇ (ਉਤੋਂ ਉਤੋਂ ਸਾਫ ਕਰਕੇ; ਬਣਾ ਸਵਾਰ ਕੇ)।ਭਾਂਡਾ-ਸਰੀਰ।ਅਤਿ

ਕੁਚੀਲ–ਬਹੁਤ ਗੰਦਾ।ਜਮ ਡਾਂਡਾ–ਜਮਾਂ ਦਾ ਡੰਨ (ਸਜਾ)।੩।ਮੋਹਿ–ਮੋਹ ਵਿਚ।ਬਾਧਾ–ਬੱਝਾ ਹੋਇਆ।ਮਹਾ ਗਰਤ ਮਹਿ–ਵੱਡੇ ਟੋਏ ਵਿਚ।ਨਿਘਰਤ ਜਾਤਾ–ਧਸਦਾ (ਖੁਭਦਾ) ਜਾਂਦਾ ਹੈ।੪।ਡੂਬਤ ਪਾਹਨ–ਡੁਬਦੇ ਪੱਥਰਾਂ ਨੂੰ।ਲੀਜੈ–ਬਚਾ ਲੈ।੫।੧੪।੨੦।

ਸੂਹੀ ਮਹਲਾ ੫ ॥ ਜੀਵਤ ਮਰੈ ਬੁਝੈ ਪ੍ਰਭੁ ਸੋਇ ॥ ਤਿਸੁ ਜਨ ਕਰਮਿ ਪਰਾਪਤਿ ਹੋਇ ॥੧॥ ਸੁਣਿ ਸਾਜਨ ਇਉ ਦੁਤਰੁ ਤਰੀਐ ॥ ਮਿਲਿ ਸਾਧੂ ਹਰਿ ਨਾਮੁ ਉਚਰੀਐ ॥੧॥ਰਹਾਉ॥ ਏਕ ਬਿਨਾ ਦੂਜਾ ਨਹੀ ਜਾਨੈ ॥ ਘਟ ਘਟ ਅੰਤਰਿ ਪਾਰਬ੍ਰਹਮੁ ਪਛਾਨੈ ॥੨॥ ਜੋ ਕਿਛੁ ਕਰੈ ਸੋਈ ਭਲ ਮਾਨੈ ॥ ਆਦਿ ਅੰਤ ਕੀ ਕੀਮਤਿ ਜਾਨੈ ॥੩॥ ਕਹੁ ਨਾਨਕ ਤਿਸੁ ਜਨ ਬਲਿਹਾਰੀ ॥ ਜਾ ਕੈ ਹਿਰਦੈ ਵਸਹਿ ਮੁਰਾਰੀ ॥੪॥੧੫॥੨੧॥ (ਹੇ ਭਾਈ! ਜੋ ਮਨੁੱਖ) ਜੀਵਤ ਭਾਵ ਤੋਂ ਮਰਦਾ ਹੈ, ਉਹ ਹੀ ਪ੍ਰਭੂ ਨੂੰ ਸਮਝਦਾ (ਗਿਆਨਵਾਨ ਹੁੰਦਾ) ਹੈ।ਉਸ ਪੁਰਖ ਨੂੰ ਪ੍ਰਭੂ ਦੀ ਬਖਸ਼ਿਸ਼ ਨਾਲ ਪ੍ਰਭੂ ਦਾ ਮਿਲਾਪ ਪ੍ਰਾਪਤ ਹੋ ਜਾਂਦਾ ਹੈ।੧।ਹੇ ਮਿਤ੍ਰ! ਸੁਣ, ਜੇ ਸਾਧੂ (ਗੁਰੂ) ਨੂੰ ਮਿਲ ਕੇ ਹਰੀ ਦਾ ਨਾਮ ਸਿਮਰੀਏ, ਤਾਂ ਇਸ ਤਰ੍ਹਾਂ ਔਖਾ ਤਰਿਆ ਜਾਣ ਵਾਲਾ ਸੰਸਾਰ ਸਾਗਰ ਤਰ ਜਾਈਦਾ ਹੈ।੧।ਰਹਾਉ।(ਹੇ ਭਾਈ! ਜੋ ਮਨੁੱਖ) ਇਕ ਪ੍ਰਭੂ ਤੋਂ ਬਿਨਾ ਕਿਸੇ ਹੋਰ ਦੂਜੇ ਨੂੰ ਨਹੀਂ ਜਾਣਦਾ, ਉਹ ਘਟ ਘਟ ਦੇ ਅੰਦਰ ਪ੍ਰਭੂ ਨੂੰ ਪਛਾਣਦਾ ਹੈ।੨।ਜੋ ਕੁਛ ਪ੍ਰਭੂ ਕਰਦਾ ਹੈ, ਉਸ ਨੂੰ ਭਲਾ ਕਰਕੇ ਮੰਨਦਾ ਹੈ (ਪ੍ਰਭੂ ਦੀ ਰਜ਼ਾ ਵਿਚ ਰਹਿੰਦਾ ਹੈ)।ਸ੍ਰਿਸਟੀ ਦੇ ਆਦਿ ਤੋਂ ਸ੍ਰਿਸਟੀ ਦੇ ਅੰਤ ਤਕ ਇਕ ਸਾਰ ਰਹਿਣ ਵਾਲੇ ਪ੍ਰਭੂ ਦੀ ਕਦਰ ਜਾਣਦਾ ਹੈ (ਪ੍ਰਭੂ ਜੈਸਾ ਹੈ, ਉਸ ਨੂੰ ਤੈਸਾ ਹੀ ਜਾਣਦਾ ਹੈ)।੩।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਉਸ ਪੁਰਖ ਤੋਂ ਬਲਿਹਾਰ ਜਾਂਦਾ ਹਾਂ।ਹੇ ਪ੍ਰਭੂ! ਜਿਸ ਦੇ ਹਿਰਦੇ ਵਿਚ ਤੂੰ ਵਸਦਾ ਹੈਂ।੪।੧੫।੨੧।

ਪਦਾਰਥ = ਜੀਵਤ ਮਰੈ–ਜਿਉਂਦੇ ਹੀ ਮਰ ਜਾਂਦਾ ਹੈ (ਹਉਮੈ ਅਤੇ ਦੁਨੀਆਂ ਦਾ ਮੋਹ ਤਿਆਗ ਕੇ ਸਭ ਦੀ ਧੂੜ ਹੁੰਦਾ ਹੈ)।ਬੁਝੈ–ਸਮਝਦਾ ਹੈ।ਸੋਇ–ਉਹ ਹੀ।ਤਿਸੁ ਜਨ–ਉਸ ਪੁਰਖ ਨੂੰ।ਕਰਮਿ–ਬਖਸ਼ਿਸ਼ ਨਾਲ।੧।ਸਾਜਨ–ਹੇ ਮਿਤ੍ਰ!।ਦੁਤਰੁ–ਔਖਾ ਤਰਿਆ ਜਾਣ ਵਾਲਾ ਸਮੁੰਦਰ।ਤਰੀਐ–ਤਰ ਜਾਈਦਾ ਹੈ।ਉਚਰੀਐ–ਸਿਮਰੀਏ।੧।ਰਹਾਉ।ਏਕ ਬਿਨਾ–ਇਕ ਪ੍ਰਭੂ ਤੋਂ ਬਿਨਾ।ਨਹੀ ਜਾਨੈ–ਨਹੀਂ ਜਾਣਦਾ।ਘਟ ਘਟ ਅੰਤਰਿ–ਹਰੇਕ ਜੀਵ ਦੇ ਅੰਦਰ।੨।ਭਲ–ਭਲਾ (ਚੰਗਾ)।ਮਾਨੈ–ਮੰਨਦਾ ਹੈ।ਆਦਿ ਅੰਤ ਕੀ–ਸ੍ਰਿਸਟੀ ਦੇ ਸ਼ੁਰੂ ਤੋਂ ਸ੍ਰਿਸਟੀ ਦੇ ਅੰਤ ਤਕ ਇਕ ਸਾਰ ਰਹਿਣ ਵਾਲੇ ਪ੍ਰਭੂ ਦੀ।ਕੀਮਤਿ–ਕਦਰ; ਮਹੱਤਤਾ।੩।ਬਲਿਹਾਰੀ–ਕੁਰਬਾਨ ਜਾਂਦਾ ਹਾਂ।ਜਾ ਕੈ–ਜਿਸ ਦੇ।ਹਿਰਦੈ–ਹਿਰਦੇ ਵਿਚ।ਮੁਰਾਰੀ–ਅਗਿਆਨ ਵਿਨਾਸ਼ਕ ਪ੍ਰਭੂ।੪।੧੫।੨੧।

ਸੂਹੀ ਮਹਲਾ ੫ ॥ ਗੁਰੁ ਪਰਮੇਸਰੁ ਕਰਣੈਹਾਰੁ ॥ ਸਗਲ ਸ੍ਰਿਸਟਿ ਕਉ ਦੇ ਆਧਾਰੁ ॥੧॥ ਗੁਰ ਕੇ ਚਰਣ ਕਮਲ ਮਨ ਧਿਆਇ ॥ ਦੂਖੁ ਦਰਦੁ ਇਸੁ ਤਨ ਤੇ ਜਾਇ ॥੧॥ਰਹਾਉ॥ ਭਵਜਲਿ ਡੂਬਤ ਸਤਿਗੁਰੁ ਕਾਢੈ ॥ ਜਨਮ ਜਨਮ ਕਾ ਟੂਟਾ ਗਾਢੈ ॥੨॥ ਗੁਰ ਕੀ ਸੇਵਾ ਕਰਹੁ ਦਿਨ ਰਾਤਿ ॥ ਸੂਖ ਸਹਜ ਮਨਿ ਆਵੈ ਸਾਂਤਿ ॥੩॥ ਸਤਿਗੁਰ ਕੀ ਰੇਣੁ ਵਡਭਾਗੀ ਪਾਵੈ ॥ ਨਾਨਕ ਗੁਰ ਕਉ ਸਦ ਬਲਿ ਜਾਵੈ ॥੪॥੧੬॥੨੨॥ (ਹੇ ਭਾਈ!) ਗੁਰੂ ਪ੍ਰਮੇਸਰ ਰੂਪ ਹੈ ਅਤੇ ਸਭ ਕੁਛ ਕਰਨ ਵਾਲਾ ਹੈ।(ਗੁਰੂ) ਸਾਰੀ ਸ੍ਰਿਸਟੀ ਨੂੰ (ਪ੍ਰਭੂ ਦੇ ਨਾਮ ਦਾ) ਆਸਰਾ ਦੇਂਦਾ ਹੈ।੧।ਹੇ ਮੇਰੇ ਮਨ! ਗੁਰੂ ਦੇ ਚਰਨ ਕਮਲਾਂ ਦਾ ਧਿਆਨ ਕਰਿਆ ਕਰ।(ਜਿਸ ਦੀ ਬਰਕਤ ਨਾਲ ਤੇਰੇ) ਇਸ ਸਰੀਰ ਤੋਂ ਹਰ ਕਿਸਮ ਦਾ ਦੁਖ ਤੇ ਦਰਦ ਮਿਟ ਜਾਵੇਗਾ।੧।ਰਹਾਉ।(ਹੇ ਮਨ!) ਸੰਸਾਰ ਸਮੁੰਦਰ ਵਿਚ ਡੁਬਦੇ ਹੋਏ ਜੀਵ ਨੂੰ ਸਤਿਗੁਰੂ (ਪ੍ਰਭੂ ਦੇ ਨਾਮ ਦਾ ਆਸਰਾ ਦੇ ਕੇ ਬਾਹਰ) ਕੱਢ ਲੈਂਦਾ ਹੈ।ਜਨਮਾਂ ਜਨਮਾਂ ਦਾ (ਜੋ ਮਨੁੱਖ ਪ੍ਰਭੂ ਨਾਲੋਂ) ਟੁੱਟਾ ਹੋਇਆ ਹੈ, (ਗੁਰੂ ਉਸ ਨੂੰ ਪ੍ਰਭੂ ਨਾਲ) ਜੋੜ ਦਿੰਦਾ ਹੈ।੨।(ਹੇ ਭਾਈ! ਤੁਸੀਂ ਸਾਰੇ) ਦਿਨ ਰਾਤ ਗੁਰੂ ਦੀ ਦੱਸੀ ਸੇਵਾ ਕਰਿਆ ਕਰੋ।(ਇਸ ਸੇਵਾ ਦੀ ਬਰਕਤ ਨਾਲ ਤੁਹਾਡੇ) ਮਨ ਵਿਚ ਸਦੀਵੀ ਸੁੱਖ ਤੇ ਸ਼ਾਂਤੀ ਆਵੇਗੀ।੩।(ਹੇ ਮਨ!) ਸਤਿਗੁਰੂ ਦੇ ਚਰਨਾਂ ਦੀ ਧੂੜ ਵੱਡੇ ਭਾਗਾਂ ਵਾਲਾ ਮਨੁੱਖ ਪ੍ਰਾਪਤ ਕਰਦਾ ਹੈ; ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ।(ਇਸ ਕਰਕੇ) ਨਾਨਕ ਗੁਰੂ ਤੋਂ ਸਦਾ ਕੁਰਬਾਨ ਜਾਂਦਾ ਹੈ; ਨਾਨਕ ਗੁਰੂ ਜੀ ਆਖਦੇ ਹਨ ਕਿ (ਅਜੇਹਾ ਵਡਭਾਗੀ ਮਨੁੱਖ) ਗੁਰੂ ਤੋਂ ਸਦਾ ਬਲਿਹਾਰ ਜਾਂਦਾ ਹੈ।੪।੧੬।੨੨।

ਪਦਾਰਥ = ਪਰਮੇਸਰੁ–ਸਭ ਤੋਂ ਵੱਡਾ ਮਾਲਕ ਪ੍ਰਭੂ।ਕਰਣੈਹਾਰੁ–ਸਭ ਕੁਛ ਕਰਨ ਵਾਲਾ।ਸਗਲ–ਸਾਰੀ।ਸ੍ਰਿਸਟਿ ਕਉ–ਸ੍ਰਿਸਟੀ ਨੂੰ।ਆਧਾਰੁ–ਆਸਰਾ।੧।ਚਰਨ ਕਮਲ–ਕਮਲ ਫੁੱਲ ਵਰਗੇ ਕੋਮਲ ਤੇ ਸੁੰਦਰ ਚਰਨ।ਮਨ–ਹੇ ਮਨ!।ਧਿਆਇ–ਧਿਆਨ ਕਰ। ਦਰਦ–ਪੀੜ।ਤਨ ਤੇ–ਸਰੀਰ ਤੋਂ।ਜਾਇ–ਮਿਟ ਜਾਵੇਗਾ।੧।ਰਹਾਉ।ਭਵਜਲਿ–ਸੰਸਾਰ ਸਮੁੰਦਰ ਵਿਚ।ਡੂਬਤ–ਡੁਬਦੇ ਹੋਏ ਨੂੰ। ਕਾਢੈ–ਕੱਢ ਲੈਂਦਾ ਹੈ।ਟੂਟਾ–(ਪ੍ਰਭੂ ਨਾਲੋਂ) ਟੁੱਟਾ ਹੋਇਆ ਮਨੁੱਖ।ਗਾਢੈ–ਗੰਢ (ਜੋੜ) ਦੇਂਦਾ ਹੈ।੨।ਸੇਵਾ ਕਰਹੁ–ਸੇਵਾ ਕਰੋ।ਸੂਖ ਸਹਜ–ਸਦੀਵੀ (ਕੁਦਰਤੀ ਅਸਲੀ) ਸੁੱਖ; ਗਿਆਨ ਦਾ ਅਨੰਦ।ਮਨਿ–ਮਨ ਵਿਚ।੩।ਰੇਣੁ–ਚਰਨ ਧੂੜ।ਵਡਭਾਗੀ–ਵੱਡੇ ਭਾਗਾਂ ਵਾਲਾ; ਵੱਡੇ ਭਾਗਾਂ ਨਾਲ।ਪਾਵੈ–ਪ੍ਰਾਪਤ ਕਰਦਾ ਹੈ।ਸਦ ਬਲਿ ਜਾਵੈ–ਸਦਾ ਕੁਰਬਾਨ ਜਾਂਦਾ ਹੈ।੪।੧੬।੨੨।

ਸੂਹੀ ਮਹਲਾ ੫ ॥ ਗੁਰ ਅਪੁਨੇ ਊਪਰਿ ਬਲਿ ਜਾਈਐ ॥ ਆਠ ਪਹਰ ਹਰਿ ਹਰਿ ਜਸੁ ਗਾਈਐ ॥੧॥ ਸਿਮਰਉ ਸੋ ਪ੍ਰਭੁ ਅਪਨਾ

ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥੧॥ਰਹਾਉ॥ ਚਰਣ ਕਮਲ ਸਿਉ ਲਾਗੀ ਪ੍ਰੀਤਿ ॥ ਸਾਚੀ ਪੂਰਨ ਨਿਰਮਲ ਰੀਤਿ ॥੨॥ ਸੰਤ ਪ੍ਰਸਾਦਿ ਵਸੈ ਮਨ ਮਾਹੀ ॥ ਜਨਮ ਜਨਮ ਕੇ ਕਿਲਵਿਖ ਜਾਹੀ ॥੩॥ ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਨਾਨਕੁ ਮਾਗੈ ਸੰਤ ਰਵਾਲਾ ॥੪॥੧੭॥੨੩॥ (ਹੇ ਭਾਈ!) ਅਪਣੇ ਗੁਰੂ ਉਪਰੋਂ ਬਲਿਹਾਰ ਜਾਣਾ ਚਾਹੀਦਾ ਹੈ।(ਗੁਰੂ ਦੀ ਸ਼ਰਣ ਵਿਚ ਪੈ ਕੇ) ਅੱਠੇ ਪਹਿਰ ਹਰੀ ਦਾ ਜਸ ਗਾਉਣਾ ਚਾਹੀਦਾ ਹੈ।੧।ਉਹ ਜੋ ਅਪਣਾ ਮਾਲਕ ਪ੍ਰਭੂ ਹੈ, ਮੈਂ (ਉਸ ਨੂੰ) ਸਿਮਰਦਾ ਹਾਂ।(ਉਹ) ਸਾਰੇ ਜੀਵਾਂ ਦੇ ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ ਹੈ।੧।ਰਹਾਉ।(ਹੇ ਭਾਈ! ਗੁਰੂ ਦੇ) ਚਰਨਾਂ ਕਮਲਾਂ ਨਾਲ ਮੇਰੀ ਪ੍ਰੀਤ ਲਗੀ ਹੋਈ ਹੈ।(ਪ੍ਰਭੂ ਪ੍ਰਾਪਤੀ ਦੀ ਇਹੋ ਹੀ) ਪੂਰਨ, ਸੱਚੀ ਅਤੇ ਪਵਿਤ੍ਰ ਮਰਿਆਦਾ ਹੈ।੨।ਸੰਤਾਂ ਦੀ ਕ੍ਰਿਪਾ ਨਾਲ (ਜਿਸ ਮਨੁੱਖ ਦੇ) ਮਨ ਵਿਚ ਪ੍ਰਭੂ ਵਸ ਜਾਂਦਾ ਹੈ।(ਉਸ ਦੇ) ਜਨਮਾਂ ਜਨਮਾਂ ਦੇ ਪਾਪ ਨਾਸ਼ ਹੋ ਜਾਂਦੇ ਹਨ।੩।(ਅਰਦਾਸ) ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ! (ਮੇਰੇ ਉਤੇ) ਕ੍ਰਿਪਾ ਕਰ।(ਤੇਰੇ ਪਾਸੋਂ ਤੇਰਾ ਦਾਸ) ਨਾਨਕ ਸੰਤਾਂ ਦੀ ਚਰਨ ਧੂੜ ਮੰਗਦਾ ਹੈ।੪।੧੭।੨੩।

ਪਦਾਰਥ = ਬਲਿ ਜਾਈਐ–ਕੁਰਬਾਨ ਜਾਣਾ ਚਾਹੀਦਾ ਹੈ।ਆਠ ਪਹਰ–ਅੱਠੇ ਪਹਿਰ (ਹਰ ਵੇਲੇ)।੧।ਸਿਮਰਉ–ਸਿਮਰਦਾ ਹਾਂ। ਸੋ–ਉਹ।ਸੁਆਮੀ–ਮਾਲਕ ਪ੍ਰਭੂ।ਸਗਲ ਘਟਾ ਕਾ–ਸਾਰੇ ਜੀਵਾਂ ਦਾ।ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ।੧। ਰਹਾਉ।ਸਿਉ–ਨਾਲ।ਨਿਰਮਲ–ਪਵਿਤ੍ਰ।ਰੀਤਿ–(ਜੀਵਨ ਜਿਉਣ ਜਾਂ ਪ੍ਰਭੂ ਪ੍ਰਾਪਤ ਦੀ) ਮਰਿਆਦਾ।੨।ਸੰਤ ਪ੍ਰਸਾਦਿ–ਸੰਤਾਂ ਦੀ ਕ੍ਰਿਪਾ ਨਾਲ; ਗੁਰੂ ਦੀ ਕ੍ਰਿਪਾ ਨਾਲ।ਮਨ ਮਾਹੀ–ਮਨ ਵਿਚ।ਕਿਲਵਿਖ–ਪਾਪ।ਜਾਹੀ–ਨਾਸ਼ ਹੋ ਜਾਂਦੇ ਹਨ।੩।ਪ੍ਰਭ ਦੀਨ ਦਇਆਲਾ –ਹੇ ਗਰੀਬਾਂ ਉਤੇ ਦਇਆ ਕਰਨ ਵਾਲੇ ਪ੍ਰਭੂ!।ਮਾਗੈ–ਮੰਗਦਾ ਹੈ।ਰਵਾਲਾ–ਚਰਨ ਧੂੜ।੪।੧੭।੨੩।

ਸੂਹੀ ਮਹਲਾ ੫ ॥ ਦਰਸਨੁ ਦੇਖਿ ਜੀਵਾ ਗੁਰ ਤੇਰਾ ॥ ਪੂਰਨ ਕਰਮੁ ਹੋਇ ਪ੍ਰਭ ਮੇਰਾ ॥੧॥ ਹੇ ਗੁਰੂ ਪ੍ਰਮੇਸਰ! (ਮੇਰੇ ਉਤੇ ਕ੍ਰਿਪਾ ਕਰ) ਮੈਂ ਤੇਰਾ ਦਰਸ਼ਨ ਦੇਖ ਕੇ ਜੀਵਾਂ।ਹੇ ਪ੍ਰਭੂ! ਮੇਰਾ ਭਾਗ ਪੂਰਾ ਹੋਵੇ (ਤਾਂ ਤੇਰਾ ਦਰਸ਼ਨ ਹੁੰਦਾ ਹੈ)।੧।

ਅੰਗ ੭੪੨ = ਇਹ ਬੇਨੰਤੀ ਸੁਣਿ ਪ੍ਰਭ ਮੇਰੇ ॥ ਦੇਹਿ ਨਾਮੁ ਕਰਿ ਅਪਣੇ ਚੇਰੇ ॥੧॥ਰਹਾਉ॥ ਅਪਣੀ ਸਰਣਿ ਰਾਖੁ ਪ੍ਰਭ ਦਾਤੇ ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਤੇ ॥੨॥ ਸੁਨਹੁ ਬਿਨਉ ਪ੍ਰਭ ਮੇਰੇ ਮੀਤਾ ॥ ਚਰਣ ਕਮਲ ਵਸਹਿ ਮੇਰੈ ਚੀਤਾ ॥੩॥ ਨਾਨਕੁ ਏਕ ਕਰੈ ਅਰਦਾਸਿ ॥ ਵਿਸਰੁ ਨਾਹੀ ਪੂਰਨ ਗੁਣਤਾਸਿ ॥੪॥੧੮॥੨੪॥ ਹੇ ਮੇਰੇ ਪ੍ਰਭੂ! ਮੇਰੀ ਇਹ ਬੇਨਤੀ ਸੁਣ।ਮੈਨੂੰ ਅਪਣਾ ਸੇਵਕ ਬਣਾ ਕੇ (ਅਪਣਾ ਪਵਿਤ੍ਰ) ਨਾਮ ਬਖਸ਼ ਦੇਹ।੧।ਰਹਾਉ।(ਸਭ ਜੀਵਾਂ ਨੂੰ) ਦਾਤਾਂ ਦੇਣ ਵਾਲੇ ਹੇ ਪ੍ਰਭੂ! ਮੈਨੂੰ ਅਪਣੀ ਸਰਣ ਵਿਚ ਰੱਖ।ਗੁਰੂ ਦੀ ਕ੍ਰਿਪਾ ਨਾਲ ਕਿਸੇ ਵਿਰਲੇ ਮਨੁੱਖ ਨੇ ਤੈਨੂੰ ਜਾਣਿਆ ਹੈ।੨।ਹੇ ਮੇਰੇ ਮਿਤ੍ਰ ਪ੍ਰਭੂ! (ਮੇਰੀ ਇਹ) ਬੇਨਤੀ ਸੁਣੋ ਜੀ।ਤੇਰੇ ਚਰਨ ਕਮਲ ਮੇਰੇ ਚਿਤ ਵਿਚ ਵਸ ਜਾਣ।੩।ਨਾਨਕ (ਤੇਰੇ ਦਰ ਤੇ) ਇਕ ਅਰਦਾਸ ਕਰਦਾ ਹੈ।ਹੇ ਗੁਣਾਂ ਦੇ ਖਜਾਨੇ! ਹੇ ਪੂਰਨ ਪ੍ਰਭੂ! (ਕ੍ਰਿਪਾ ਕਰ, ਤੂੰ ਮੇਰੇ ਮਨ ਤੋਂ ਕਦੇ) ਨਾ ਵਿਸਰ।੪।੧੮।੨੪।

ਪਦਾਰਥ = ਦੇਖਿ–ਦੇਖ ਕੇ।ਜੀਵਾ–ਮੈਂ ਜੀਵਾਂ।ਗੁਰ–ਹੇ ਗੁਰੂ ਪ੍ਰਮੇਸਰ!।ਕਰਮੁ–ਭਾਗ (ਕਿਸਮਤ)।੧।ਕਰਿ–ਬਣਾ ਕੇ।ਚੇਰੇ–ਸੇਵਕ।੧।ਰਹਾਉ।ਪ੍ਰਭ ਦਾਤੇ–ਹੇ ਦਾਤਾਂ ਦੇਣ ਵਾਲੇ ਪ੍ਰਭੂ!।ਗੁਰ ਪ੍ਰਸਾਦਿ–ਗੁਰੂ ਦੀ ਕ੍ਰਿਪਾ ਨਾਲ।ਕਿਨੈ ਵਿਰਲੈ–ਕਿਸੇ ਵਿਰਲੇ ਮਨੁੱਖ ਨੇ।ਜਾਤੇ–ਜਾਣਿਆ ਹੈ।੨।ਬਿਨਉ–ਬੇਨਤੀ।ਮੀਤਾ–ਹੇ ਮਿਤ੍ਰ!।ਵਸਹਿ–ਵਸ ਜਾਣ।ਚੀਤਾ–ਚਿੱਤ ਵਿਚ।੩।ਵਿਸਰ ਨਾਹੀ–ਨਾ ਭੁੱਲ।ਪੂਰਨ ਗੁਣਤਾਸਿ–ਹੇ ਪੂਰਨ ਪ੍ਰਭੂ!।ਹੇ ਗੁਣਾਂ ਦੇ ਖਜਾਨੇ!।੪।੧੮।੨੪।

ਸੂਹੀ ਮਹਲਾ ੫ ॥ ਮੀਤੁ ਸਾਜਨੁ ਸੁਤ ਬੰਧਪ ਭਾਈ ॥ ਜਤ ਕਤ ਪੇਖਉ ਹਰਿ ਸੰਗਿ ਸਹਾਈ ॥੧॥ ਜਤਿ ਮੇਰੀ ਪਤਿ ਮੇਰੀ ਧਨੁ ਹਰਿ ਨਾਮੁ ॥ ਸੂਖ ਸਹਜ ਆਨੰਦ ਬਿਸਰਾਮ ॥੧॥ਰਹਾਉ॥ ਪਾਰਬ੍ਰਹਮੁ ਜਪਿ ਪਹਿਰਿ ਸਨਾਹ ॥ ਕੋਟਿ ਆਵਧ ਤਿਸੁ ਬੇਧਤ ਨਾਹਿ ॥੨॥ ਹਰਿ ਚਰਣ ਸਰਣ ਗੜ ਕੋਟ ਹਮਾਰੈ ॥ ਕਾਲੁ ਕੰਟਕੁ ਜਮੁ ਤਿਸੁ ਨ ਬਿਦਾਰੈ ॥੩॥ ਨਾਨਕ ਦਾਸ ਸਦਾ ਬਲਿਹਾਰੀ ॥ ਸੇਵਕ ਸੰਤ ਰਾਜਾ ਰਾਮ ਮੁਰਾਰੀ ॥੪॥੧੯॥੨੫॥ (ਹੇ ਭਾਈ! ਪ੍ਰਭੂ ਹੀ ਮੇਰਾ) ਮਿਤ੍ਰ ਸੱਜਨ, ਪੁਤ੍ਰ ਰਿਸ਼ਤੇਦਾਰ ਅਤੇ ਭਰਾ ਹੈ।ਮੈਂ ਜਿਥੇ ਕਿੱਥੇ ਦੇਖਦਾ ਹਾਂ, ਉਥੇ ਪ੍ਰਭੂ ਹੀ ਮੇਰੀ ਸਹਾਇਤਾ ਕਰਨ ਵਾਲਾ ਨਾਲ ਹੈ।੧।ਹਰੀ ਦਾ ਨਾਮ ਹੀ ਮੇਰੀ ਜਾਤ, ਮੇਰੀ ਇੱਜਤ ਅਤੇ ਮੇਰਾ ਧਨ ਹੈ।(ਜਿਸ ਨਾਮ ਦੀ ਬਰਕਤ ਕਰਕੇ ਮੇਰੇ ਹਿਰਦੇ ਅੰਦਰ) ਅਨੰਦ ਅਤੇ ਟਿਕਾਉ ਦਾ ਅਸਲੀ ਸੁਖ ਬਣਿਆ ਹੋਇਆ ਹੈ।੧।ਰਹਾਉ।(ਹੇ ਭਾਈ!) ਪਾਰਬ੍ਰਹਮ ਦਾ ਨਾਮ ਜਪ ਅਤੇ (ਸਰੀਰ ਦੀ ਰੱਖਿਆ ਵਾਸਤੇ ਨਾਮ ਰੂਪ) ਸੰਜੋਅ ਪਹਿਨੀ ਰੱਖ।ਕ੍ਰੋੜਾਂ ਹਥਿਆਰ ਉਸ ਸੰਜੋਅ ਨੂੰ ਵਿੰਨ੍ਹ ਨਹੀਂ ਸਕਣਗੇ (ਕਾਮਾਦਿਕ ਦੁਸ਼ਮਨ ਅਸਰ ਨਹੀਂ ਕਰ ਸਕਦੇ)।੨।ਹਰੀ ਦੇ ਚਰਨਾਂ ਦੀ ਸ਼ਰਣ ਸਾਡੇ ਲਈ ਕ੍ਰੋੜਾਂ ਕਿਲੇ ਹਨ।੨।ਕਾਲ ਕਰਨ ਵਾਲਾ ਦੁਖਦਾਈ ਜਮ ਵੀ ਉਸ ਕਿਲੇ ਨੂੰ ਨਾਸ਼ ਨਹੀਂ ਕਰ ਸਕਦਾ।੩।ਦਾਸ ਨਾਨਕ ਪ੍ਰਭੂ ਪਾਤਸ਼ਾਹ ਦੇ ਸੰਤਾਂ ਸੇਵਕਾਂ ਦੇ ਸਦਾ ਬਲਿਹਾਰ ਜਾਂਦਾ ਹੈ।੪ ।੧੯।੨੫।

ਪਦਾਰਥ = ਮੀਤੁ–ਮਿਤ੍ਰ।ਸੁਤ–ਪੁਤ੍ਰ।ਬੰਧਪ–ਰਿਸ਼ਤੇਦਾਰ।ਭਾਈ–ਭਰਾ।ਜਤ–ਜਿਥੇ।ਕਤ–ਕਿਥੇ।ਦੇਖਉ–ਮੈਂ ਦੇਖਦਾ ਹਾਂ।ਸੰਗਿ ਸਹਾਈ–ਸਹਾਇਤਾ ਕਰਨ ਵਾਲਾ ਨਾਲ ਹੈ।੧।ਜਤਿ–(ਉਚੀ) ਜਾਤ।ਪਤਿ–ਇੱਜਤ; ਉਚਾ ਖਾਨਦਾਨ।ਸੂਖ ਸਹਜ–ਅਸਲੀ ਸੁਖ; ਸੁੱਖ ਸ਼ਾਂਤੀ।ਬਿਸਰਾਮ–(ਮਨ ਦਾ) ਟਿਕਾਉ।੧।ਰਹਾਉ।ਪਹਿਰਿ–ਪਹਿਨੀ ਰੱਖ।ਸਨਾਹ–ਸੰਜੋਅ।ਕੋਟਿ–ਕ੍ਰੋੜਾਂ।ਆਵਧ–ਹਥਿਆਰ।ਤਿਸੁ–ਉਸ ਨੂੰ।ਬੇਧਤ ਨਾਹਿ–ਵਿੰਨ੍ਹ ਨਹੀਂ ਸਕਣਗੇ।੨।ਗੜ–ਕਿਲੇ।ਕੋਟਿ–ਕ੍ਰੋੜਾਂ; ਕਿਲੇ; ਰਾਖੀ ਲਈ ਦੁਆਲੇ ਦੀ ਕੰਧ।ਹਮਾਰੈ–ਸਾਡੇ ਲਈ।ਜਮੁ ਕਾਲੁ–ਕਾਲ ਕਰਨ ਵਾਲਾ ਜਮ।ਕੰਟਕੁ–ਕੰਡੇ ਵਾਂਗ ਚੁਭਣ ਵਾਲਾ ਦੁਖਦਾਈ।ਨ ਬਿਦਾਰੈ–ਨਾਸ਼ ਨਹੀਂ ਕਰ ਸਕਦਾ।੩।ਬਲਿਹਾਰੀ–ਕੁਰਬਾਨ ਜਾਂਦਾ ਹੈ।ਰਾਜਾ ਰਾਮ ਮੁਰਾਰੀ–ਹੰਕਾਰ ਦਾ ਨਾਸ਼ ਕਰਨ ਵਾਲਾ ਪ੍ਰਭੂ ਪਾਤਸ਼ਾਹ।੪।੧੯।੨੫।

ਸੂਹੀ ਮਹਲਾ ੫ ॥ ਗੁਣ ਗੋਪਾਲ ਪ੍ਰਭ ਕੇ ਨਿਤ ਗਾਹਾ ॥ ਅਨਦ ਬਿਨੋਦ ਮੰਗਲ ਸੁਖ ਤਾਹਾ ॥੧॥ ਚਲੁ ਸਖੀਏ ਪ੍ਰਭੁ ਰਾਵਣ ਜਾਹਾ ॥ ਸਾਧ ਜਨਾ ਕੀ ਚਰਣੀ ਪਾਹਾ ॥੧॥ਰਹਾਉ॥ ਕਰਿ ਬੇਨਤੀ ਜਨ ਧੂਰਿ ਬਾਛਾਹਾ ॥ ਜਨਮ ਜਨਮ ਕੇ ਕਿਲਵਿਖ ਲਾਹਾਂ ॥੨॥ ਮਨੁ ਤਨੁ ਪ੍ਰਾਣ ਜੀਉ ਅਰਪਾਹਾ ॥ ਹਰਿ ਸਿਮਰਿ ਸਿਮਰਿ ਮਾਨੁ ਮੋਹੁ ਕਟਾਹਾਂ ॥੩॥ ਦੀਨ ਦਇਆਲ ਕਰਹੁ ਉਤਸਾਹਾ ॥ ਨਾਨਕ ਦਾਸ ਹਰਿ ਸਰਣਿ ਸਮਾਹਾ ॥੪॥੨੦॥੨੬॥ (ਹੇ ਸਖੀ! ਜਿੱਥੇ) ਪ੍ਰਿਥਵੀ ਦੀ ਪਾਲਣਾ ਕਰਨ ਵਾਲੇ ਪ੍ਰਭੂ ਦੇ ਗੁਣ ਨਿਤ ਗਾਏ ਜਾਂਦੇ ਹਨ। ਉਥੇ ਸਭ ਤਰ੍ਹਾਂ ਦੇ ਅਨੰਦ, ਕੌਤਕ ਅਤੇ ਖੁਸ਼ੀਆਂ ਦੇ ਸੁਖ ਬਣੇ ਰਹਿੰਦੇ ਹਨ।੧।ਹੇ ਸਖੀ! ਚੱਲ, ਪ੍ਰਭੂ ਪਤੀ ਦਾ ਅਨੰਦ ਮਾਨਣ ਚੱਲੀਏ; ਸਿਮਰਨ ਕਰਨ ਚੱਲੀਏ।ਸਾਧੂ ਜਨਾਂ ਦੀ ਚਰਣੀ ਪਏ ਰਹੀਏ।੧।ਰਹਾਉ।(ਹੇ ਸਖੀ! ਪ੍ਰਭੂ ਪਾਸ) ਬੇਨਤੀ ਕਰਕੇ (ਉਸ ਦੇ) ਸੇਵਕ ਜਨਾਂ ਦੀ ਚਰਨ ਧੂੜ ਮੰਗੀਏ।ਅਤੇ (ਅਪਣੇ) ਜਨਮਾਂ ਜਨਮਾਂ ਦੇ ਪਾਪ ਉਤਾਰ ਲਈਏ।੨।(ਅਪਣਾ) ਮਨ ਤਨ ਪ੍ਰਾਣ ਅਤੇ ਜਿੰਦ ਸਭ (ਉਨ੍ਹਾਂ ਸੰਤਾਂ ਨੂੰ) ਭੇਟਾ ਕਰ ਦੇਈਏ।(ਉਨ੍ਹਾਂ ਦੀ ਸੰਗਤ ਵਿਚ) ਹਰੀ ਦਾ ਨਾਮ ਸਿਮਰ ਸਿਮਰ ਕੇ (ਅਪਣੇ ਅੰਦਰੋਂ) ਹੰਕਾਰ ਅਤੇ ਮੋਹ ਕੱਟ ਲਈਏ।੩।(ਅਰਦਾਸ) ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ! (ਮੇਰੇ ਅੰਦਰ ਇਹ) ਉਤਸ਼ਾਹ ਪੈਦਾ ਕਰੋ ਜੀ।(ਤਾਂ ਕਿ) ਹੇ ਹਰੀ! ਦਾਸ ਨਾਨਕ ਤੇਰੀ ਸ਼ਰਣ ਵਿਚ ਸਮਾ ਜਾਵੇ; ਮਿਲਿਆ ਰਹੇ।੪।੨੦।੨੬।

ਪਦਾਰਥ = ਗੋਪਾਲ ਪ੍ਰਭ–ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਪ੍ਰਭੂ।ਨਿਤ–ਹਰ ਰੋਜ।ਗਾਹਾ–ਗਾਏ ਜਾਂਦੇ ਹਨ।ਬਿਨੋਦ–ਚਾਉ; ਕੌਤਕ।ਮੰਗਲ–ਖੁਸ਼ੀਆਂ।ਤਾਹਾ–ਉਥੇ।੧।ਸਖੀਏ–ਹੇ ਸਹੇਲੀਏ!।ਰਾਵਣ ਜਾਹਾ–ਅਨੰਦ ਮਾਨਣ ਚੱਲੀਏ; ਸਿਮਰਨ ਕਰਨ ਚੱਲੀਏ।ਪਾਹਾ–ਪਏ ਰਹੀਏ।੧।ਰਹਾਉ।ਜਨ ਧੂਰਿ–ਸੇਵਕਾਂ ਦੇ ਚਰਨਾਂ ਦੀ ਧੂੜ।ਬਾਛਾਹਾ–ਮੰਗੀਏ।ਕਿਲਵਿਖ–ਪਾਪ।ਲਾਹਾਂ–ਲਾਹ (ਉਤਾਰ) ਲਈਏ।੨।ਤਨੁ–ਸਰੀਰ।ਜੀਉ–ਜਿੰਦ; ਜੀਵਨ।ਅਰਪਾਹਾ–ਭੇਟਾ ਕਰ ਦੇਈਏ।ਮਾਨੁ–ਹੰਕਾਰ।ਕਟਾਹਾਂ–ਕੱਟ ਲਈਏ।੩।ਦੀਨ ਦਇਆਲ–ਹੇ ਗਰੀਬਾਂ ਉਤੇ ਦਇਆ ਕਰਨ ਵਾਲੇ ਪ੍ਰਭੂ!।ਸਮਾਹਾ–ਸਮਾ ਜਾਵੇ; ਮਿਲਿਆ ਰਹੇ।੪।੨੦।੨੬।

ਸੂਹੀ ਮਹਲਾ ੫ ॥ ਬੈਕੁੰਠ ਨਗਰੁ ਜਹਾ ਸੰਤ ਵਾਸਾ ॥ ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥੧॥ ਸੁਣਿ ਮਨ ਤਨ ਤੁਝੁ ਸੁਖੁ ਦਿਖਲਾਵਉ ॥ ਹਰਿ ਅਨਿਕ ਬਿੰਜਨ ਤੁਝੁ ਭੋਗ ਭੁੰਚਾਵਉ ॥੧॥ਰਹਾਉ॥ ਅੰਮ੍ਰਿਤ ਨਾਮੁ ਭੁੰਚੁ ਮਨ ਮਾਹੀ ॥ ਅਚਰਜ ਸਾਦ ਤਾ ਕੇ ਬਰਨੇ ਨ ਜਾਹੀ ॥੨॥ ਲੋਭੁ ਮੂਆ ਤ੍ਰਿਸਨਾ ਬੁਝਿ ਥਾਕੀ ॥ ਪਾਰਬ੍ਰਹਮ ਕੀ ਸਰਣਿ ਜਨ ਤਾਕੀ ॥੩॥ ਜਨਮ ਜਨਮ ਕੇ ਭੈ ਮੋਹ ਨਿਵਾਰੇ ॥ ਨਾਨਕ ਦਾਸ ਪ੍ਰਭ ਕਿਰਪਾ ਧਾਰੇ ॥੪॥੨੧॥੨੭॥ (ਗੁਰੂ ਅਰਜਨ ਦੇਵ ਜੀ ਸਿੱਖਿਆ ਦੇਂਦੇ ਹਨ ਕਿ ਹੇ ਭਾਈ! ਉਹ ਅਸਥਾਨ) ਬੈਕੁੰਠ ਨਗਰ ਹੈ, ਜਿਥੇ ਸੰਤਾਂ ਦਾ ਨਿਵਾਸ ਹੈ।(ਕਿਉਂਕਿ ਉਨ੍ਹਾਂ ਸੰਤਾਂ ਦੇ) ਹਿਰਦੇ ਵਿਚ ਪ੍ਰਭੂ ਦਾ ਨਿਵਾਸ ਹੁੰਦਾ ਹੈ।੧।(ਹੇ ਭਾਈ! ਮੇਰੀ ਗੱਲ) ਸੁਣ, ਆ ਮੈਂ ਤੈਨੂੰ ਮਨ ਤੇ ਤਨ ਦੇ ਅੰਦਰੋਂ ਹੀ ਅਸਲੀ ਸੁਖ ਦਿਖਾ ਦਿਆਂ।ਤੈਨੂੰ ਹਰੀ ਦੇ ਅਨੇਕਾਂ ਭੋਜਨ ਤੇ ਖਾਣੇ ਖੁਆਵਾਂ (ਇਲਾਹੀ ਪਕਵਾਨ ਦੇ ਖਾਣੇ ਖੁਆਵਾਂ।ਇਹ ਭੋਜਨ ਅਗਲੀ ਤੁਕ ਵਿਚ ਦਸਿਆ ਹੈ)।੧।ਰਹਾਉ।(ਹੇ ਭਾਈ! ਤੂੰ ਪ੍ਰਭੂ ਦਾ) ਅੰਮ੍ਰਿਤ ਨਾਮ ਮਨ ਵਿਚ ਛੱਕ ਲੈ।ਉਸ ਭੋਜਨ ਦੇ ਅਸਚਰਜ ਸੁਆਦ ਹਨ, ਜੋ ਵਰਨਣ ਨਹੀਂ ਕੀਤੇ ਜਾ ਸਕਦੇ।੨।(ਹੇ ਭਾਈ! ਜਿਨ੍ਹਾਂ) ਪੁਰਖਾਂ ਨੇ ਪਾਰਬ੍ਰਹਮ ਦੀ ਸ਼ਰਣ ਤੱਕੀ ਹੈ।(ਉਨ੍ਹਾਂ ਦੇ ਅੰਦਰੋਂ) ਲੋਭ ਮਰ ਗਿਆ ਹੈ ਅਤੇ ਤ੍ਰਿਸ਼ਨਾ ਦੀ ਅੱਗ ਬੁਝ ਕੇ ਖਤਮ ਹੋ ਗਈ ਹੈ।੩।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਦਾਸਾਂ ਉਤੇ ਪ੍ਰਭੂ ਨੇ ਕ੍ਰਿਪਾ ਕੀਤੀ ਹੈ।(ਪ੍ਰਭੂ ਨੇ ਉਨ੍ਹਾਂ ਦੇ) ਜਨਮਾਂ ਜਨਮਾਂ ਦੇ ਡਰ ਅਤੇ ਮੋਹ ਦੂਰ ਕਰ ਦਿਤੇ ਹਨ।੪।੨੧।੨੭।

ਪਦਾਰਥ = ਬੈਕੁੰਠ ਨਗਰੁ–ਵਿਸ਼ਨੂ ਦੇ ਰਹਿਣ ਦਾ ਲੋਕ; ਸਾਧ ਸੰਗਤ {ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ੭੪੯}।ਜਹਾ–ਜਿੱਥੇ।ਰਿਦ ਮਾਹਿ–ਹਿਰਦੇ ਵਿਚ।੧।ਤੁਝੁ–ਤੈਨੂੰ।ਦਿਖਲਾਵਉ–ਮੈਂ ਦਿਖਾਵਾਂ।ਬਿੰਜਨ–ਭੋਜਨ।ਭੋਗ ਭੁੰਚਾਵਉ–ਮੈਂ ਖਾਣੇ ਖੁਆਵਾਂ।੧।ਰਹਾਉ। ਭੁੰਚੁ–ਖਾ ਲੈ।ਮਨ ਮਾਹੀ–ਮਨ ਵਿਚ।ਅਚਰਜ ਸਾਦ–ਹੈਰਾਨ ਕਰਨ ਵਾਲੇ ਸੁਆਦ।ਬਰਨੇ ਨ ਜਾਹੀ–ਬਿਆਨ ਨਹੀਂ ਕੀਤੇ ਜਾ ਸਕਦੇ।੨।ਮੂਆ–ਮਰ ਗਿਆ।ਬੁਝਿ ਥਾਕੀ–ਬੁਝ ਕੇ ਖਤਮ ਹੋ ਗਈ।ਜਨ–ਪੁਰਖਾਂ ਨੇ।ਤਾਕੀ–ਤੱਕੀ ਹੈ।੩।ਭੈ–ਡਰ।ਨਿਵਾਰੇ–ਦੂਰ ਕਰ

ਦਿਤੇ ਹਨ। ਕਿਰਪਾ ਧਾਰੇ–ਕ੍ਰਿਪਾ ਕੀਤੀ ਹੈ।੪।੨੧।੨੭।

ਸੂਹੀ ਮਹਲਾ ੫ ॥ ਅਨਿਕ ਬੀਂਗ ਦਾਸ ਕੇ ਪਰਹਰਿਆ ॥ ਕਰਿ ਕਿਰਪਾ ਪ੍ਰਭਿ ਅਪਨਾ ਕਰਿਆ ॥੧॥ ਤੁਮਹਿ ਛਡਾਇ ਲੀਓ ਜਨੁ ਅਪਨਾ ॥ ਉਰਝਿ ਪਰਿਓ ਜਾਲੁ ਜਗੁ ਸੁਪਨਾ ॥੧॥ਰਹਾਉ॥ ਪਰਬਤ ਦੋਖ ਮਹਾ ਬਿਕਰਾਲਾ ॥ ਖਿਨ ਮਹਿ ਦੂਰਿ ਕੀਏ ਦਇਆਲਾ ॥੨॥ ਸੋਗ ਰੋਗ ਬਿਪਤਿ ਅਤਿ ਭਾਰੀ ॥ ਦੂਰਿ ਭਈ ਜਪਿ ਨਾਮੁ ਮੁਰਾਰੀ ॥੩॥ ਦ੍ਰਿਸਟਿ ਧਾਰਿ ਲੀਨੋ ਲੜਿ ਲਾਇ ॥ ਹਰਿ ਚਰਣ ਗਹੇ ਨਾਨਕ ਸਰਣਾਇ ॥੪॥੨੨॥੨੮॥ (ਹੇ ਭਾਈ!) ਪ੍ਰਭੂ ਨੇ ਕ੍ਰਿਪਾ ਕਰਕੇ ਦਾਸ ਦੇ ਅਨੇਕਾਂ ਬਿੰਗ ਦੂਰ ਕਰ ਦਿਤੇ ਹਨ ਅਤੇ ਅਪਣਾ (ਦਾਸ) ਬਣਾ ਲਿਆ ਹੈ।੧। ਜਗਤ ਸੁਫਨੇ ਵਰਗਾ ਹੈ, ਜਗਤ ਮੋਹ ਦਾ ਜਾਲ ਹੈ, (ਇਸ ਵਿਚ ਦਾਸ) ਫਸਿਆ ਪਿਆ ਸੀ। (ਹੇ ਪ੍ਰਭੂ!) ਤੁਸੀਂ ਅਪਣਾ ਦਾਸ ਜਾਣ ਕੇ (ਇਸ ਜਗਤ ਦੇ ਮੋਹ ਜਾਲ ਵਿਚੋਂ) ਛਡਾ ਲਿਆ ਹੈ।੧।ਰਹਾਉ। (ਹੇ ਭਾਈ!) ਪਹਾੜ ਜਿੰਨੇ ਵੱਡੇ ਅਤੇ ਬਹੁਤ ਭਿਆਨਕ (ਜੋ ਦਾਸ ਦੇ) ਦੋਸ਼ ਸਨ। (ਉਹ) ਦਇਆ ਕਰਨ ਵਾਲੇ ਪ੍ਰਭੂ ਨੇ ਇਕ ਖਿਨ ਵਿਚ ਦੂਰ ਕਰ ਦਿਤੇ ਹਨ।੨। (ਦਾਸ ਦੇ ਜੋ) ਸੋਗ, ਰੋਗ ਅਤੇ ਵਡੀਆਂ ਭਾਰੀ ਮੁਸੀਬਤਾਂ ਸਨ। (ਉਹ ਸਭ) ਪ੍ਰਭੂ ਦਾ ਨਾਮ ਜਪ ਕੇ ਦੂਰ ਹੋ ਗਈਆਂ ਹਨ।੩। ਹਰੀ ਦੀ ਸ਼ਰਣ ਵਿਚ ਆ ਕੇ ਨਾਨਕ ਨੇ (ਉਸ ਦੇ) ਚਰਣ ਫੜ ਲਏ ਹਨ, (ਜਿਸ ਕਰਕੇ) ਹਰੀ ਨੇ ਮੇਹਰ ਦੀ ਨਜਰ ਕਰਕੇ (ਦਾਸ ਨੂੰ ਅਪਣੇ) ਲੜ ਨਾਲ ਲਾ ਲਿਆ ਹੈ।੪।੨੨।੨੮।

ਪਦਾਰਥ = ਅਨਿਕ–ਅਨੇਕਾਂ। ਬੀਂਗ–ਟੇਢਾਪਣ; ਵਲ ਛਲ। ਪਰਹਰਿਆ–ਦੂਰ ਕਰ ਦਿਤੇ। ਕਰਿ–ਕਰਕੇ। ਪ੍ਰਭਿ–ਪ੍ਰਭੂ ਨੇ। ਕਰਿਆ–ਬਣਾ ਲਿਆ।੧। ਤੁਮਹਿ–ਤੁਸੀਂ। ਜਨੁ–ਦਾਸ ਨੂੰ। ਉਰਝਿ ਪਰਿਓ–ਫਸਿਆ ਪਿਆ ਸੀ। ਜਗੁ–ਜਗਤ।੧। ਰਹਾਉ। ਪਰਬਤ–ਪਹਾੜ ਵਰਗੇ ਵੱਡੇ। ਦੋਖ–ਪਾਪ; ਔਗਣ; ਕਲੰਕ। ਮਹਾ ਬਿਕਰਾਲਾ–ਬਹੁਤ ਡਰਉਣੇ। ਖਿਨ ਮਹਿ–ਇਕ ਖਿਨ ਵਿਚ। ਦਇਆਲਾ–ਦਇਆ ਕਰਨ ਵਾਲੇ ਪ੍ਰਭੂ ਨੇ।੨। ਸੋਗ–ਗਮ। ਬਿਪਤਿ–ਮੁਸੀਬਤਾਂ। ਅਤਿ–ਬਹੁਤ। ਭਈ–ਹੋ ਗਈਆਂ। ਮੁਰਾਰੀ–ਵਾਹਿਗੁਰੂ ਦਾ।੩। ਦ੍ਰਿਸਟਿ ਧਾਰਿ–ਮੇਹਰ ਦੀ ਨਜਰ ਕਰਕੇ। ਲੜਿ–ਲੜ ਨਾਲ। ਲੀਨੋ ਲਾਇ–ਲਾ ਲਿਆ ਹੈ। ਗਹੇ–ਫੜ ਲਏ ਹਨ।੪।੨੨।੨੮।

ਅੰਗ ੭੪੩ = ਸੂਹੀ ਮਹਲਾ ੫ ॥ ਦੀਨੁ ਛਡਾਇ ਦੁਨੀ ਜੋ ਲਾਏ ॥ ਦੁਹੀ ਸਰਾਈ ਖੁਨਾਮੀ ਕਹਾਏ ॥੧॥ ਜੋ ਤਿਸੁ ਭਾਵੈ ਸੋ ਪਰਵਾਣੁ ॥ ਆਪਣੀ ਕੁਦਰਤਿ ਆਪੇ ਜਾਣੁ ॥੧॥ਰਹਾਉ॥ ਸਚਾ ਧਰਮੁ ਪੁੰਨੁ ਭਲਾ ਕਰਾਏ ॥ ਦੀਨ ਕੈ ਤੋਸੈ ਦੁਨੀ ਨ ਜਾਏ ॥੨॥ ਸਰਬ ਨਿਰੰਤਰਿ ਏਕੋ ਜਾਗੈ ॥ ਜਿਤੁ ਜਿਤੁ ਲਾਇਆ ਤਿਤੁ ਤਿਤੁ ਕੋ ਲਾਗੈ ॥੩॥ ਅਗਮ ਅਗੋਚਰੁ ਸਚੁ ਸਾਹਿਬੁ ਮੇਰਾ ॥ ਨਾਨਕੁ ਬੋਲੈ ਬੋਲਾਇਆ ਤੇਰਾ ॥੪॥੨੩॥੨੯॥ (ਹੇ ਭਾਈ!) ਜਿਹੜੇ ਮਨੁੱਖਾਂ ਨੂੰ ਰੱਬ ਨੇ ਧਰਮ ਦਾ ਪਾਸਾ ਛਡਾ ਕੇ ਮਾਇਆ ਵਾਲੇ ਪਾਸੇ ਲਾ ਦਿਤਾ ਹੈ, ਉਹ ਦੋਹਾਂ ਜਹਾਨਾਂ ਵਿਚ ਅਪਰਾਧੀ ਕਹਾਉਂਦੇ ਹਨ।੧। (ਗੁਰੂ ਜੀ ਆਖਦੇ ਹਨ ਕਿ) ਜੋ ਉਸ ਰੱਬ ਨੂੰ ਭਾਉਂਦਾ ਹੈ, ਉਹ ਹੀ (ਭਗਤਾਂ ਨੂੰ) ਪ੍ਰਵਾਨ ਹੁੰਦਾ ਹੈ। (ਉਹ) ਅਪਣੀ ਕੁਦਰਤ ਨੂੰ ਆਪੇ ਜਾਨਣ ਵਾਲਾ ਹੈ।੧।ਰਹਾਉ। (ਹੇ ਪ੍ਰਭੂ! ਜਿਨ੍ਹਾਂ ਮਨੁੱਖਾਂ ਪਾਸੋਂ ਤੂੰ) ਸੱਚਾ ਧਰਮ, ਪੁੰਨ ਅਤੇ ਭਲਾ ਕੰਮ ਕਰਾਉਂਦਾ ਹੈਂ। ਧਰਮ ਦੇ ਤੋਸੇ ਕਰਕੇ (ਉਨ੍ਹਾਂ ਦਾ) ਸੰਸਾਰੀ ਪਾਸਾ ਨਹੀਂ ਜਾਂਦਾ (ਧਰਮ ਦੇ ਆਸਰੇ ਰਹਿਣ ਕਰਕੇ ਸੰਸਾਰ ਤੋਂ ਕੋਈ ਨੁਕਸਾਨ ਨਹੀਂ ਹੁੰਦਾ)।੨। ਸਾਰੇ ਜੀਵਾਂ ਦੇ ਧੁਰ ਅੰਦਰ ਇਕੋ ਪ੍ਰਭੂ ਪ੍ਰਕਾਸ਼ ਕਰ ਰਿਹਾ ਹੈ। ਜਿਸ ਜਿਸ ਪਾਸੇ ਕਿਸੇ ਜੀਵ ਨੂੰ (ਉਸ ਪ੍ਰਭੂ ਨੇ) ਲਾਇਆ ਹੈ, (ਸਭ) ਕੋਈ ਉਸ ਉਸ ਪਾਸੇ ਹੀ ਲਗਦਾ ਹੈ।੩। ਮੇਰਾ ਮਾਲਕ ਪ੍ਰਭੂ ਅਪਹੁੰਚ ਅਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਹੈ। (ਹੇ ਪ੍ਰਭੂ!) ਨਾਨਕ ਤੇਰਾ ਬੋਲਾਇਆ ਬਚਨ ਬੋਲਦਾ ਹੈ।੪।੨੩।੨੯।

ਦੀਨ ਕੈ ਤੋਸੈ = ਧਰਮ ਵਾਸਤੇ ਖਰਚ ਕਰਨ ਨਾਲ ਮਾਇਆ ਨਿਸਫਲ ਨਹੀਂ ਜਾਂਦੀ।

ਪਦਾਰਥ = ਦੀਨੁ–ਧਰਮ (ਵਾਲੇ ਪਾਸੇ)। ਦੁਨੀ–ਦੁਨੀਆਂ; ਮਾਇਆ (ਵਾਲੇ ਪਾਸੇ)। ਦੁਹੀ ਸਰਾਈ–ਦੋਹਾਂ ਸਰਾਵਾਂ (ਲੋਕ ਪ੍ਰਲੋਕ) ਵਿਚ। ਖੁਨਾਮੀ–ਅਪਰਾਧੀ। ਕਹਾਏ–ਕਹਾਉਂਦੇ ਹਨ।੧। ਤਿਸੁ–ਉਸ ਪ੍ਰਭੂ ਨੂੰ। ਭਾਵੈ–ਚੰਗਾ ਲਗਦਾ ਹੈ। ਸੋ–ਉਹ। ਕੁਦਰਤਿ–ਰਚਨਾ ਕਰਨ ਵਾਲੀ ਸ਼ਕਤੀ। ਜਾਣੁ–ਜਾਣੂ (ਜਾਨਣ ਵਾਲਾ)।੧। ਰਹਾਉ। ਭਲਾ–ਚੰਗਾ ਕੰਮ। ਦੀਨ ਕੈ ਤੋਸੈ–ਧਰਮ ਦਾ ਖਰਚ ਪੱਲੇ ਹੋਣ ਕਰਕੇ (ਧਰਮ ਦੇ ਆਸਰੇ ਹੋਣ ਕਰਕੇ)। ਦੁਨੀ ਨ ਜਾਏ–ਦੁਨੀਆਂ ਵਾਲਾ ਪਾਸਾ ਨਹੀਂ ਜਾਂਦਾ (ਕੋਈ ਨੁਕਸਾਨ ਨਹੀਂ ਹੁੰਦਾ)।੨। ਸਰਬ ਨਿਰੰਤਰਿ–ਸਾਰੇ ਜੀਵਾਂ ਦੇ ਧੁਰ ਅੰਦਰ ਇਕ ਰਸ। ਏਕੋ–ਇਕ ਪ੍ਰਭੂ। ਜਾਗੈ–ਜਗਦਾ (ਪ੍ਰਕਾਸ਼ਦਾ) ਹੈ। ਜਿਤੁ–ਜਿਸ ਪਾਸੇ। ਤਿਤੁ–ਉਸ ਪਾਸੇ। ਕੋ–ਕੋਈ।੩। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ।੪।੨੩।੨੯।

ਸੂਹੀ ਮਹਲਾ ੫ ॥ ਪ੍ਰਾਤਹ ਕਾਲਿ ਹਰਿ ਨਾਮੁ ਉਚਾਰੀ ॥ ਈਤ ਊਤ ਕੀ ਓਟ ਸਵਾਰੀ ॥੧॥ ਸਦਾ ਸਦਾ ਜਪੀਐ ਹਰਿ ਨਾਮ ॥ ਪੂਰਨ ਹੋਵਹਿ ਮਨ ਕੇ ਕਾਮ ॥੧॥ਰਹਾਉ॥ ਪ੍ਰਭੁ ਅਬਿਨਾਸੀ ਰੈਣਿ ਦਿਨੁ ਗਾਉ ॥ ਜੀਵਤ ਮਰਤ ਨਿਹਚਲੁ ਪਾਵਹਿ ਥਾਉ ॥੨॥ ਸੋ ਸਾਹੁ ਸੇਵਿ ਜਿਤੁ ਤੋਟਿ ਨ ਆਵੈ ॥ ਖਾਤ ਖਰਚਤ ਸੁਖਿ ਅਨਦਿ ਵਿਹਾਵੈ ॥੩॥ ਜਗਜੀਵਨ ਪੁਰਖੁ ਸਾਧ ਸੰਗਿ ਪਾਇਆ ॥ ਗੁਰ

ਪ੍ਰਸਾਦਿ ਨਾਨਕ ਨਾਮੁ ਧਿਆਇਆ ॥੪॥੨੪॥੩੦॥ (ਹੇ ਭਾਈ! ਤੂੰ) ਅੰਮ੍ਰਿਤ ਵੇਲੇ ਉਠ ਕੇ ਹਰੀ ਦਾ ਨਾਮ ਸਿਮਰਿਆ ਕਰ। (ਇਸ ਨਾਮ ਨੂੰ ਤੂੰ) ਇਸ ਲੋਕ ਤੇ ਉਸ ਲੋਕ (ਪ੍ਰਲੋਕ) ਦੀ ਓਟ ਬਣਾ ਲੈ।੧। (ਹੇ ਭਾਈ!) ਹਰੀ ਦਾ ਨਾਮ ਸਦਾ ਜਪਣਾ ਚਾਹੀਦਾ ਹੈ। (ਜਿਸ ਦੀ ਬਰਕਤ ਨਾਲ) ਮਨ ਦੇ ਕੰਮ ਪੂਰੇ ਹੋ ਜਾਂਦੇ ਹਨ।੧।ਰਹਾਉ। (ਹੇ ਭਾਈ! ਤੂੰ) ਨਾਸ਼ ਰਹਿਤ ਪ੍ਰਭੂ ਨੂੰ ਰਾਤ ਦਿਨ ਗਾਇਆ ਕਰ। (ਫਿਰ ਤੂੰ) ਮਾਤ ਲੋਕ ਵਿਚ ਜਿਉਂਦਿਆਂ ਹੀ ਅਚੱਲ ਅਸਥਾਨ ਪਾ ਲਵੇਂਗਾ।੨। (ਹੇ ਭਾਈ! ਤੂੰ) ਉਸ ਪਾਤਸ਼ਾਹ ਦੀ ਸੇਵਾ ਭਗਤੀ ਕਰ, ਜਿਸ ਦੇ ਖਜਾਨੇ ਵਿਚ ਕਦੇ ਤੋਟ ਨਹੀਂ ਆਉਂਦੀ (ਸੰ. ਸ.; ਫ. ਸ.); ਜਿਸ ਦੀ (ਸੇਵਾ ਕੀਤਿਆਂ ਤੈਨੂੰ ਕੋਈ) ਤੋਟ ਨਹੀਂ ਆਵੇਗੀ। ਅਤੇ ਖਾਂਦਿਆਂ ਖਰਚਦਿਆਂ (ਆਪ ਜਪਦਿਆਂ ਤੇ ਹੋਰਨਾਂ ਨੂੰ ਜਪਾਉਂਦਿਆਂ ਤੇਰਾ ਜੀਵਨ) ਸੁਖ ਅਤੇ ਅਨੰਦ ਨਾਲ ਬਤੀਤ ਹੋਵੇਗਾ।੩। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੇ) ਗੁਰੂ ਦੀ ਕਿਰਪਾ ਨਾਲ ਹਰੀ ਦਾ ਨਾਮ ਸਿਮਰਿਆ ਹੈ, (ਉਸ ਨੇ) ਸਾਧ ਸੰਗਤ ਦੁਆਰਾ ਜਗਤ ਨੂੰ ਜੀਵਨ ਦੇਣ ਵਾਲੇ ਸਰਬ ਵਿਆਪਕ ਪ੍ਰਭੂ ਨੂੰ ਪਾ ਲਿਆ ਹੈ।੪।੨੪।੩੦।

ਪਦਾਰਥ = ਪ੍ਰਾਤਹ ਕਾਲਿ–ਅੰਮ੍ਰਿਤ ਵੇਲੇ। ਉਚਾਰੀ–ਸਿਮਰਿਆ ਕਰ। ਈਤ ਊਤ ਕੀ–ਇਸ ਲੋਕ ਤੇ ਉਸ ਲੋਕ ਦੀ। ਸਵਾਰੀ–ਬਣਾ ਲੈ।੧। ਜਪੀਐ–ਜਪਣਾ ਚਾਹੀਦਾ ਹੈ। ਹੋਵਹਿ–ਹੋ ਜਾਂਦੇ ਹਨ। ਮਨ ਕੇ ਕਾਮ–ਮਨ ਦੇ ਚਿਤਵੇ ਹੋਏ ਕੰਮ।੧।ਰਹਾਉ। ਅਬਿਨਾਸੀ–ਨਾਸ਼ ਰਹਿਤ। ਰੈਣਿ–ਰਾਤ। ਗਾਉ–ਗਾਇਆ ਕਰ। ਜੀਵਤ ਮਰਤ–ਮਾਤ ਲੋਕ ਵਿਚ ਜਿਉਂਦਿਆਂ। ਨਿਹਚਲੁ ਥਾਉ–ਅਚੱਲ ਟਿਕਾਣਾ (ਸਦਾ ਕਾਇਮ ਰਹਿਣ ਵਾਲਾ ਅਸਥਾਨ)। ਪਾਵਹਿ–ਪਾ ਲਵੇਂਗਾ।੨। ਸੋ ਸਾਹੁ–ਉਸ ਪਾਤਸ਼ਾਹ ਦਾ। ਸੇਵਿ–ਸੇਵਾ ਭਗਤੀ ਕਰ। ਜਿਤੁ–ਜਿਸ ਦੇ। ਤੋਟਿ–ਘਾਟਾ। ਖਾਤ ਖਰਚਤ–ਖਾਂਦਿਆਂ ਖਰਚਦਿਆਂ (ਆਪ ਜਪਦਿਆਂ ਅਤੇ ਹੋਰਾਂ ਨੂੰ ਜਪਾਉਂਦਿਆਂ)। ਵਿਹਾਵੈ–ਬਤੀਤ ਹੋਵੇਗਾ।੩। ਜਗਜੀਵਨ–ਜਗਤ ਦਾ ਜੀਵਨ। ਪੁਰਖੁ–ਸਰਬ ਵਿਆਪਕ ਪ੍ਰਭੂ। ਗੁਰ ਪ੍ਰਸਾਦਿ–ਗੁਰੂ ਦੀ ਕਿਰਪਾ ਨਾਲ।੪।੨੪।੩੦।

ਸੂਹੀ ਮਹਲਾ ੫ ॥ ਗੁਰ ਪੂਰੇ ਜਬ ਭਏ ਦਇਆਲ ॥ ਦੁਖ ਬਿਨਸੇ ਪੂਰਨ ਭਈ ਘਾਲ ॥੧॥ ਪੇਖਿ ਪੇਖਿ ਜੀਵਾ ਦਰਸੁ ਤੁਮ੍ਾਰਾ ॥ ਚਰਣ ਕਮਲ ਜਾਈ ਬਲਿਹਾਰਾ ॥ ਤੁਝ ਬਿਨੁ ਠਾਕੁਰ ਕਵਨੁ ਹਮਾਰਾ ॥੧॥ਰਹਾਉ॥ ਸਾਧ ਸੰਗਤਿ ਸਿਉ ਪ੍ਰੀਤਿ ਬਣਿ ਆਈ ॥ ਪੂਰਬਿ ਕਰਮਿ ਲਿਖਤ ਧੁਰਿ ਪਾਈ ॥੨॥ ਜਪਿ ਹਰਿ ਹਰਿ ਨਾਮੁ ਅਚਰਜੁ ਪਰਤਾਪ ॥ ਜਾਲਿ ਨ ਸਾਕਹਿ ਤੀਨੇ ਤਾਪ ॥੩॥ ਨਿਮਖ ਨ ਬਿਸਰਹਿ ਹਰਿ ਚਰਣ ਤੁਮ੍ਾਰੇ ॥ ਨਾਨਕੁ ਮਾਗੈ ਦਾਨੁ ਪਿਆਰੇ ॥੪॥੨੫॥੩੧॥ (ਹੇ ਭਾਈ!) ਜਦੋਂ ਪੂਰਨ ਸਤਿਗੁਰੂ ਦਿਆਲੂ ਹੋਏ, (ਤਾਂ ਮੇਰੇ ਸਾਰੇ) ਦੁਖ ਨਾਸ ਹੋ ਗਏ ਅਤੇ (ਸੇਵਾ ਭਗਤੀ ਦੀ ਮੇਰੀ) ਘਾਲ ਕਮਾਈ ਸਫਲ ਹੋ ਗਈ ਹੈ।੧। (ਹੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰ) ਮੈਂ ਤੇਰਾ ਦਰਸ਼ਨ ਦੇਖ ਦੇਖ ਕੇ ਜੀਵਾਂ। ਅਤੇ ਮੈਂ ਤੇਰੇ ਚਰਨ ਕਮਲਾਂ ਤੋਂ ਕੁਰਬਾਨ ਜਾਵਾਂ। ਹੇ ਮਾਲਕ! ਤੇਰੇ ਬਿਨਾ ਸਾਡਾ ਕੌਣ (ਰਖਵਾਲਾ) ਹੈ?।੧।ਰਹਾਉ। (ਹੇ ਭਾਈ!) ਸਾਧ ਸੰਗਤ ਨਾਲ (ਸਾਡੀ) ਪ੍ਰੀਤ ਬਣ ਆਈ ਹੈ। ਪਿਛਲੇ ਜਨਮਾਂ ਦੇ ਕੀਤੇ ਕਰਮਾਂ ਅਨੁਸਾਰ ਧੁਰ (ਹਰੀ ਦੀ ਹਜੂਰੀ) ਤੋਂ ਲੇਖ (ਜੋ ਮੇਰੇ ਮੱਥੇ ਉਤੇ ਲਿਖਿਆ ਸੀ, ਉਸ ਦਾ ਫਲ) ਪ੍ਰਾਪਤ ਹੋਇਆ ਹੈ।੨। (ਹੇ ਭਾਈ!) ਹਰੀ ਦਾ ਨਾਮ ਜਪ ਕੇ ਅਸਚਰਜ ਤੇਜ ਪ੍ਰਤਾਪ ਪ੍ਰਾਪਤ ਹੋਇਆ ਹੈ। (ਜਿਸ ਪਰਤਾਪ ਦੇ ਸਦਕੇ ਹੁਣ ਸਾਨੂੰ) ਤਿੰਨੇ ਤਾਪ ਜਾਲ ਨਹੀਂ ਸਕਦੇ।੩। ਹੇ ਪਿਆਰੇ ਪ੍ਰਭੂ! ਨਾਨਕ (ਤੇਰੇ ਦਰ ਤੋਂ ਇਕ) ਦਾਨ ਮੰਗਦਾ ਹੈ, (ਉਹ ਦਾਨ ਇਹ ਹੈ ਕਿ) ਹੇ ਹਰੀ! ਮੈਨੂੰ ਤੇਰੇ ਚਰਨ ਅੱਖ ਝਮਕਣ ਜਿੰਨੇ ਸਮੇਂ ਲਈ ਵੀ ਨਾ ਭੁੱਲ ਸਕਣ।੪।੨੫।੩੧।

ਪਦਾਰਥ = ਜਬ–ਜਦੋਂ। ਭਏ–ਹੋਏ। ਬਿਨਸੇ–ਨਾਸ਼ ਹੋ ਗਏ। ਪੂਰਨ ਭਈ–ਸਫਲ ਹੋ ਗਈ। ਘਾਲ–(ਸੇਵਾ ਭਗਤੀ ਦੀ) ਮਿਹਨਤ।੧। ਪੇਖਿ ਪੇਖਿ–ਦੇਖ ਦੇਖ ਕੇ। ਜੀਵਾ–ਜੀਵਾਂ। ਜਾਈ ਬਲਿਹਾਰਾ–ਬਲਹਾਰ ਜਾਵਾਂ। ਠਾਕੁਰ–ਹੇ ਮਾਲਕ ਪ੍ਰਭੂ!। ਕਵਨ–ਕੌਣ। ਹਮਾਰਾ–ਸਾਡਾ।੧।ਰਹਾਉ। ਸਿਉ–ਨਾਲ। ਪੂਰਬਿ ਕਰਮਿ–ਪਿਛਲੇ ਜਨਮਾਂ ਦੇ ਕੀਤੇ ਕਰਮਾਂ ਅਨੁਸਾਰ। ਧੁਰਿ–ਧੁਰ (ਹਰੀ ਦੀ ਹਜੂਰੀ) ਤੋਂ।੨। ਅਚਰਜ–ਹੈਰਾਨ ਕਰਨ ਵਾਲਾ। ਪਰਤਾਪ–ਤੇਜ। ਜਾਲਿ ਨ ਸਾਕਹਿ–ਸਾੜ ਨਹੀਂ ਸਕਦੇ। ਤੀਨੇ ਤਾਪ–ਤਿੰਨ ਤਾਪ (ਆਧ ਬਿਆਧ ਤੇ ਉਪਾਧ)।੩। ਨਿਮਖ–ਅੱਖ ਝਮਕਣ ਜਿੰਨਾ ਸਮਾਂ। ਪਿਆਰੇ–ਹੇ ਪਿਆਰੇ ਪ੍ਰਭੂ!।੪।੨੫।੩੧।

ਸੂਹੀ ਮਹਲਾ ੫ ॥ ਸੇ ਸੰਜੋਗ ਕਰਹੁ ਮੇਰੇ ਪਿਆਰੇ ॥ ਜਿਤੁ ਰਸਨਾ ਹਰਿ ਨਾਮੁ ਉਚਾਰੇ ॥੧॥ ਸੁਣਿ ਬੇਨਤੀ ਪ੍ਰਭ ਦੀਨ ਦਇਆਲਾ ॥ ਸਾਧ ਗਾਵਹਿ ਗੁਣ ਸਦਾ ਰਸਾਲਾ ॥੧॥ਰਹਾਉ॥ ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ ॥ ਜਿਸੁ ਕ੍ਰਿਪਾ ਕਰਹਿ ਬਸਹਿ ਤਿਸੁ ਨੇਰਾ ॥੨॥ ਜਨ ਕੀ ਭੂਖ ਤੇਰਾ ਨਾਮੁ ਅਹਾਰੁ ॥ ਤੂੰ ਦਾਤਾ ਪ੍ਰਭ ਦੇਵਣਹਾਰੁ ॥੩॥ ਰਾਮ ਰਮਤ ਸੰਤਨ ਸੁਖੁ ਮਾਨਾ ॥ ਨਾਨਕ ਦੇਵਨਹਾਰ ਸੁਜਾਨਾ ॥੪॥੨੬॥੩੨॥ ਹੇ ਪਿਆਰੇ ਪ੍ਰਭੂ! ਐਸਾ ਸ਼ੁਭ ਮੌਕਾ ਪੈਦਾ ਕਰ ਦੇਹ। ਜਿਸ ਦੇ ਕਾਰਨ ਹੇ ਹਰੀ! ਮੇਰੀ ਜੀਭ ਤੇਰਾ ਦਾ ਨਾਮ ਉਚਾਰਦੀ ਰਹੇ।੧। ਹੇ ਗਰੀਬਾਂ ਉਤੇ ਦਇਆ ਕਰਨ ਵਾਲੇ ਪ੍ਰਭੂ! ਮੇਰੀ ਬੇਨਤੀ ਸੁਣ। (ਉਨ੍ਹਾਂ ਸਾਧੂਆਂ ਦਾ ਮੇਰੇ ਨਾਲ ਮੇਲ ਕਰਾ ਦੇਹ, ਜਿਹੜੇ) ਸਾਧੂ ਪ੍ਰਭੂ ਦੇ ਰਸਦਾਇਕ ਗੁਣ ਸਦਾ ਗਾਉਂਦੇ ਹਨ।੧।ਰਹਾਉ। ਹੇ ਪ੍ਰਭੂ! ਤੇਰਾ ਸਿਮਰਨ (ਸਾਡੇ ਲਈ) ਜੀਵਨ

ਰੂਪ ਹੈ (ਨਾਮ ਸਿਮਰਨ ਹੀ ਜੀਵਨ ਹੈ, ਸਿਮਰਨ ਤੋਂ ਬਿਨਾ ਆਤਮਕ ਮੌਤ ਹੈ)।ਜਿਸ ਮਨੁੱਖ ਉਤੇ ਤੂੰ ਕ੍ਰਿਪਾ ਕਰਦਾ ਹੈਂ, ਉਸ ਦੇ ਨੇੜੇ ਵਸਦਾ ਹੈਂ।੨।(ਹੇ ਪ੍ਰਭੂ!) ਸੇਵਕਾਂ ਦੀ ਮਾਨਸਕ ਭੁੱਖ ਦੂਰ ਕਰਨ ਲਈ (ਜਾਂ ਆਤਮਕ ਭੁੱਖ ਦੀ ਪੂਰਤੀ ਲਈ) ਤੇਰਾ ਨਾਮ ਹੀ ਭੋਜਨ ਹੈ।ਹੇ ਪ੍ਰਭੂ! (ਨਾਮ ਦਾ ਭੋਜਨ) ਦੇਣ ਵਾਲਾ ਤੂੰ ਦਾਤਾ ਹੈਂ।੩।ਰਾਮ ਦਾ ਨਾਮ ਜਪਦਿਆਂ ਸੰਤਾਂ ਨੇ ਸੁਖ ਮੰਨਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਦੇਣ ਵਾਲਾ ਦਾਤਾ ਬਹੁਤ ਸਿਆਣਾ ਹੈ।੪।੨੬।੩੨।

ਪਦਾਰਥ = ਸੇ-ਉਹ।ਸੰਜੋਗ-ਸ਼ੁੱਭ ਮੌਕਾ; ਚੰਗਾ ਢੋਅ; ਸ਼ੁੱਭ ਲਗਨ (ਕਿਸੇ ਕਾਰਜ ਲਈ ਗ੍ਰਹਿ ਰਾਸ਼ੀ ਯੋਗ ਦਾ ਮੇਲ); ਸਬੰਧ; ਮਿਲਾਪ।ਪਿਆਰੇ-ਹੇ ਪਿਆਰੇ!।ਜਿਤੁ-ਜਿਸ ਦੇ ਕਾਰਨ।ਰਸਨਾ-ਜੀਭ।ਉਚਾਰੇ-ਉਚਾਰਦੀ ਰਹੇ।੧।ਦੀਨ ਦਇਆਲ-ਹੇ ਗਰੀਬਾਂ ਉਤੇ ਦਇਆ ਕਰਨ ਵਾਲੇ!।ਗਾਵਹਿ-ਗਾਉਂਦੇ ਹਨ।ਰਸਾਲਾ-ਰਸ ਦਾਇਕ; ਸੁੰਦਰ।੧।ਰਹਾਉ।ਕਰਹਿ-ਤੂੰ ਕਰਦਾ ਹੈਂ।ਬਸਹਿ-ਵਸਦਾ ਹੈਂ।ਨੇਰਾ-ਨੇੜੇ।੨।ਜਨ ਕੀ-ਸੇਵਕਾਂ ਦੀ।ਅਹਾਰੁ-ਭੋਜਨ।ਦੇਵਣਹਾਰੁ-ਦੇਣ ਵਾਲਾ।੩।ਰਾਮ ਰਮਤ-ਵਾਹਿਗੁਰੂ ਨਾਮ ਸਿਮਰਦਿਆਂ।ਸੰਤਨ-ਸੰਤਾਂ ਨੇ।ਮਾਨਾ-ਮੰਨਿਆ ਹੈ।ਸੁਜਾਨਾ-ਸਿਆਣਾ; ਜਾਣੀ ਜਾਣ।੪।੨੬।੩੨।

ਸੂਹੀ ਮਹਲਾ ੫ ॥ ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ ॥ ਮਿਥਿਆ ਮੋਹ ਬੰਧਹਿ ਨਿਤ ਪਾਰਚ ॥੧॥ ਮਾਧਵੇ ਭਜੁ ਦਿਨ ਨਿਤ ਰੈਣੀ ॥ ਜਨਮੁ ਪਦਾਰਥੁ ਜੀਤਿ ਹਰਿ ਸਰਣੀ ॥੧॥ਰਹਾਉ॥ ਕਰਤ ਬਿਕਾਰ ਦੋਊ ਕਰ ਝਾਰਤ ॥ ਰਾਮ ਰਤਨੁ ਰਿਦ ਤਿਲੁ ਨਹੀ ਧਾਰਤ ॥੨॥ ਭਰਣ ਪੋਖਣ ਸੰਗਿ ਅਉਧ ਬਿਹਾਣੀ ॥ ਜੈ ਜਗਦੀਸ ਕੀ ਗਤਿ ਨਹੀ ਜਾਣੀ ॥੩॥ ਸਰਣਿ ਸਮਰਥ ਅਗੋਚਰ ਸੁਆਮੀ ॥ ਉਧਰੁ ਨਾਨਕ ਪ੍ਰਭ ਅੰਤਰਜਾਮੀ ॥੪॥੨੭॥੩੩॥ (ਹੇ ਭਾਈ! ਤੇਰੀ ਉਮਰ ਨਦੀ ਦੇ ਪ੍ਰਵਾਹ ਵਾਂਗ) ਬਹਿੰਦੀ (ਗੁਜਰਦੀ) ਜਾ ਰਹੀ ਹੈ, (ਪਰ ਤੂੰ ਇਸ ਗੱਲ ਵੱਲ) ਕਦੇ ਨਜਰ ਨਹੀਂ ਕਰਦਾ (ਧਿਆਨ ਨਹੀਂ ਦੇਂਦਾ)।ਤੂੰ ਨਿਤ ਸਰੀਰ ਰੂਪ ਕਪੜੇ ਦੇ ਝੂਠੇ ਮੋਹ ਦੀਆਂ ਪੰਡਾਂ ਬੰਨ੍ਹਦਾ ਰਹਿੰਦਾ ਹੈਂ; ਨਿਤ ਝੂਠੇ ਮੋਹ ਦੇ ਝਗੜਿਆਂ ਵਿਚ ਬੱਝਾ ਰਹਿੰਦਾ ਹੈਂ।੧।(ਹੇ ਭਾਈ!) ਹਰ ਰੋਜ ਦਿਨ ਰਾਤ ਮਾਇਆ ਪਤੀ ਪ੍ਰਭੂ ਦਾ ਸਿਮਰਨ ਕਰ।ਅਤੇ ਹਰੀ ਦੀ ਸ਼ਰਣ ਵਿਚ ਰਹਿ ਕੇ ਅਪਣਾ ਜਨਮ ਪਦਾਰਥ ਜਿਤ ਲੈ।੧।ਰਹਾਉ।(ਹੇ ਭਾਈ!) ਤੂੰ ਦੋਵੇਂ ਹੱਥ ਝਾੜਦਿਆਂ (ਬੇਫਿਕਰ ਹੋ ਕੇ) ਪਾਪ ਕਰਮ ਕਰੀ ਜਾਂਦਾ ਹੈਂ।ਪ੍ਰਭੂ ਦਾ ਰਤਨ ਰੂਪ ਨਾਮ ਤੂੰ ਤਿਲ ਮਾਤ੍ਰ ਸਮੇਂ ਲਈ ਵੀ ਅਪਨੇ ਹਿਰਦੇ ਵਿਚ ਨਹੀਂ ਟਿਕਾਉਂਦਾ।੨।(ਹੇ ਭਾਈ!) ਸਰੀਰ ਦੇ ਪਾਲਣ ਪੋਸਣ ਦੇ ਨਾਲ ਹੀ ਤੇਰੀ ਉਮਰ ਲੰਘ ਗਈ ਹੈ।ਜਗਤ ਦੇ ਮਾਲਕ ਦੀ ਜੈ ਹੋਵੇ, (ਇਹ ਸਿਫਤ ਸਲਾਹ ਕਰਨ ਦੀ ਤੈਂ) ਰੀਤ ਨਹੀਂ ਜਾਣੀ।੩।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਭਾਈ! ਪ੍ਰਭੂ ਅੱਗੇ ਇਉਂ ਬੇਨਤੀ ਕਰ) ਹੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਸਮਰਥ ਪ੍ਰਭੂ! ਮੈਂ ਤੇਰੀ ਸ਼ਰਣ ਵਿਚ ਆਇਆ ਹਾਂ, ਹੇ ਅੰਤਰਜਾਮੀ ਪ੍ਰਭੂ! (ਸੰਸਾਰ ਸਮੁੰਦਰ ਤੋਂ ਮੈਨੂੰ) ਪਾਰ ਲੰਘਾ ਦੇਹ; ਵਿਕਾਰਾਂ ਤੋਂ ਬਚਾ ਲੈ।੪।੨੭।੩੩।

ਪਦਾਰਥ = ਬਹਤੀ ਜਾਤ-(ਉਮਰ ਰੂਪ ਨਦੀ) ਵਹਿੰਦੀ ਜਾ ਰਹੀ ਹੈ।ਦ੍ਰਿਸਟਿ ਨ ਧਾਰਤ-ਨਜਰ ਨਹੀਂ ਕਰਦਾ (ਧਿਆਨ ਨਹੀਂ ਦੇਂਦਾ)।ਮਿਥਿਆ-ਝੂਠਾ।ਬੰਧਹਿ-ਬੰਨ੍ਹਦਾ ਹੈਂ।ਨਿਤ-ਹਰ ਰੋਜ।ਪਾਰਚ-ਪਾਰਚੇ (ਕਪੜਾ)।੧।ਮਾਧਵੇ-ਮਾਇਆ ਪਤੀ ਪ੍ਰਭੂ ਨੂੰ। ਭਜੁ-ਭਜਨ ਕਰ।ਰੈਣੀ-ਰਾਤ।ਜੀਤਿ-ਜਿਤ ਲੈ।੧।ਰਹਾਉ।ਕਰਤ ਬਿਕਾਰ-ਪਾਪ ਕਰਮ ਕਰਦਾ ਹੈਂ।ਦੋਊ ਕਰ-ਦੋਵੇਂ ਹੱਥ।ਝਾਰਤ -ਝਾੜਦਿਆਂ (ਬੇ ਫਿਕਰ ਹੋ ਕੇ)।ਰਿਦ-ਹਿਰਦੇ ਵਿਚ।ਤਿਲੁ-ਤਿਲ ਮਾਤ੍ਰ ਸਮੇਂ ਲਈ ਵੀ।ਨਹੀ ਧਾਰਤ-ਨਹੀਂ ਟਿਕਾਉਂਦਾ।੨।ਭਰਣ ਪੋਖਣ-ਪਾਲਣ ਪੋਸਣ।ਸੰਗਿ-ਨਾਲ।ਅਉਧ-ਉਮਰ।ਬਿਹਾਣੀ-ਬੀਤ ਗਈ ਹੈ।ਜੈ ਜਗਦੀਸ ਕੀ-ਜਗਤ ਦੇ ਮਾਲਕ ਦੀ ਜੈ ਹੋਵੇ। ਗਤਿ-ਰੀਤ।੩।ਸਮਰਥ-ਹੇ ਸਰਬ ਸ਼ਕਤੀਮਾਨ!।ਅਗੋਚਰ ਸੁਆਮੀ-ਹੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਮਾਲਕ ਪ੍ਰਭੂ!।ਉਧਰੁ-ਪਾਰ ਲੰਘਾ ਦੇ; ਬਚਾ ਲੈ।ਪ੍ਰਭ ਅੰਤਰਜਾਮੀ-ਹੇ ਸਭ ਜੀਵਾਂ ਦੇ ਦਿਲਾਂ ਦੇ ਅੰਦਰ ਦੀ ਜਾਨਣ ਵਾਲੇ ਪ੍ਰਭੂ!।੪।੨੭।੩੩।

ਅੰਗ ੭੪੪ = ਸੂਹੀ ਮਹਲਾ ੫ ॥ ਸਾਧ ਸੰਗਿ ਤਰੈ ਭੈ ਸਾਗਰੁ ॥ ਹਰਿ ਹਰਿ ਨਾਮੁ ਸਿਮਰਿ ਰਤਨਾਗਰੁ ॥੧॥ ਸਿਮਰਿ ਸਿਮਰਿ ਜੀਵਾ ਨਾਰਾਇਣ ॥ ਦੂਖ ਰੋਗ ਸੋਗ ਸਭਿ ਬਿਨਸੇ, ਗੁਰ ਪੂਰੇ ਮਿਲਿ ਪਾਪ ਤਜਾਇਣ ॥੧॥ਰਹਾਉ॥ ਜੀਵਨ ਪਦਵੀ ਹਰਿ ਕਾ ਨਾਉ ॥ ਮਨੁ ਤਨੁ ਨਿਰਮਲੁ ਸਾਚੁ ਸੁਆਉ ॥੨॥ ਆਠ ਪਹਰ ਪਾਰਬ੍ਰਹਮੁ ਧਿਆਈਐ ॥ ਪੂਰਬਿ ਲਿਖਤੁ ਹੋਇ ਤਾ ਪਾਈਐ ॥੩॥ ਸਰਣਿ ਪਏ ਜਪਿ ਦੀਨ ਦਇਆਲਾ ॥ ਨਾਨਕੁ ਜਾਚੈ ਸੰਤ ਰਵਾਲਾ ॥੪॥੨੮॥੩੪॥ (ਹੇ ਭਾਈ! ਮਨੁੱਖ) ਸਾਧ ਸੰਗਤ ਵਿਚ ਰਤਨਾਂ ਦੀ ਖਾਣ ਹਰੀ ਦਾ ਨਾਮ ਸਿਮਰ ਕੇ ਭੈ ਦਾਇਕ ਸੰਸਾਰ ਸਮੁੰਦਰ ਨੂੰ ਤਰ ਜਾਂਦਾ ਹੈ।੧।(ਹੇ ਭਾਈ!) ਮੈਂ ਵਾਹਿਗੁਰੂ ਨੂੰ ਸਿਮਰ ਸਿਮਰ ਕੇ ਜਿਉਂਦਾ ਹਾਂ।ਪੂਰੇ ਗੁਰੂ ਨੂੰ ਮਿਲ ਕੇ ਦੁਖ, ਰੋਗ ਅਤੇ ਸੋਗ ਸਭ ਨਾਸ਼ ਹੋ ਗਏ ਹਨ ਅਤੇ ਪਾਪ ਵੀ ਛਡ ਹੋ ਗਏ ਹਨ।੧।ਰਹਾਉ। (ਹੇ ਭਾਈ!) ਜੀਵਨ ਦੀ ਉਚੀ ਪਦਵੀ ਦੇਣ ਵਾਲਾ ਹਰੀ ਦਾ ਨਾਮ ਹੈ।(ਹਰੀ ਦਾ ਨਾਮ ਜਪਣ ਕਰਕੇ ਮਨੁੱਖ ਦਾ) ਮਨ ਤੇ ਤਨ

ਪਵਿਤ੍ਰ ਹੋ ਜਾਂਦੇ ਹਨ, ਜੀਵਨ ਦਾ ਇਹੋ ਹੀ ਸੱਚਾ ਮਨੋਰਥ ਹੈ।੨।(ਹੇ ਭਾਈ!) ਪਾਰਬ੍ਰਹਮ ਨੂੰ ਅੱਠੇ ਪਹਿਰ ਧਿਆਉਣਾ ਚਾਹੀਦਾ ਹੈ।(ਭਾਗਾਂ ਵਿਚ) ਪਹਿਲਾਂ ਤੋਂ ਲਿਖਿਆ ਲੇਖ ਹੋਵੇ, ਤਾਂ (ਨਾਮ ਸਿਮਰਨ ਦੀ ਦਾਤ) ਪ੍ਰਾਪਤ ਹੁੰਦੀ ਹੈ।੩।ਨਾਨਕ (ਉਨ੍ਹਾਂ) ਸੰਤਾਂ ਦੀ ਚਰਨ ਧੂੜ ਮੰਗਦਾ ਹੈ, ਜੋ ਦੀਨ ਦਇਆਲ ਹਰੀ ਦਾ ਨਾਮ ਜਪ ਕੇ (ਉਸ ਦੀ) ਸ਼ਰਣ ਵਿਚ ਆ ਪਏ ਹਨ।੪।੨੮।੩੪।

ਪਦਾਰਥ = ਤਰੈ–ਤਰ ਜਾਂਦਾ ਹੈ।ਭੈ–ਭੈ ਦਾਇਕ; ਭਿਆਨਕ।ਸਾਗਰੁ–ਸੰਸਾਰ ਸਮੁੰਦਰ।ਰਤਨਾਗਰੁ–ਰਤਨਾਂ ਦੀ ਖਾਣ (ਜਿਥੋਂ ਰਤਨ ਨਿਕਲਣ)।੧।ਜੀਵਾ–ਜਿਉਂਦਾ ਹਾਂ।ਬਿਨਸੇ–ਨਾਸ਼ ਹੋ ਗਏ।ਮਿਲਿ–ਮਿਲ ਕੇ।ਤਜਾਇਣ–ਛਡ ਦਿਤੇ ਹਨ।੧।ਰਹਾਉ।ਤਨੁ–ਸਰੀਰ।ਨਿਰਮਲੁ–ਪਵਿਤ੍ਰ।ਸੁਆਉ–ਮਨੋਰਥ।੨।ਧਿਆਈਐ–ਜਪਣਾ ਚਾਹੀਦਾ ਹੈ।ਪੂਰਬਿ ਲਿਖਤੁ–ਪਹਿਲਾਂ (ਧੁਰ ਰੱਬ ਦੀ ਹਜੂਰੀ) ਤੋਂ ਲਿਖਿਆ ਲੇਖ।੩।ਦੀਨ ਦਇਆਲਾ–ਗਰੀਬਾਂ ਤੇ ਦਇਆ ਕਰਨ ਵਾਲਾ।ਜਾਚੈ–ਮੰਗਦਾ ਹੈ।ਰਵਾਲਾ–ਚਰਨ ਧੂੜ।੪।੨੮।੩੪।

ਸੂਹੀ ਮਹਲਾ ੫ ॥ ਘਰ ਕਾ ਕਾਜੁ ਨ ਜਾਣੀ ਰੂੜਾ ॥ ਝੂਠੈ ਧੰਧੈ ਰਚਿਓ ਮੂੜਾ ॥੧॥ ਜਿਤੁ ਤੂੰ ਲਾਵਹਿ ਤਿਤੁ ਤਿਤੁ ਲਗਨਾ ॥ ਜਾ ਤੂੰ ਦੇਹਿ ਤੇਰਾ ਨਾਉ ਜਪਨਾ ॥੧॥ਰਹਾਉ॥ ਹਰਿ ਕੇ ਦਾਸ ਹਰਿ ਸੇਤੀ ਰਾਤੇ ॥ ਰਾਮ ਰਸਾਇਣਿ ਅਨਦਿਨੁ ਮਾਤੇ ॥੨॥ ਬਾਹ ਪਕਰਿ ਪ੍ਰਭਿ ਆਪੇ ਕਾਢੇ ॥ ਜਨਮ ਜਨਮ ਕੇ ਟੂਟੇ ਗਾਢੇ ॥੩॥ ਉਧਰੁ ਸੁਆਮੀ ਪ੍ਰਭ ਕਿਰਪਾ ਧਾਰੇ ॥ ਨਾਨਕ ਦਾਸ ਹਰਿ ਸਰਣਿ ਦੁਆਰੇ ॥੪॥੨੯॥੩੫॥ (ਹੇ ਪ੍ਰਭੂ! ਮਨੁੱਖ ਤੇਰੇ) ਘਰ ਦਾ ਸੋਹਣਾ (ਨਾਮ ਸਿਮਰਨ ਦਾ ਅਸਲੀ) ਕਾਰਜ ਨਹੀਂ ਜਾਣਦਾ।(ਇਹ) ਮੂਰਖ ਮਨੁੱਖ ਝੂਠੇ ਧੰਧੇ ਵਿਚ ਰਚਿਆ ਰਹਿੰਦਾ ਹੈ।੧।(ਹੇ ਪ੍ਰਭੂ! ਮਨੁੱਖ ਦੇ ਵਸ ਵਿਚ ਕੁਛ ਨਹੀਂ) ਜਿਸ ਜਿਸ ਪਾਸੇ ਤੂੰ (ਮਨੁੱਖ ਨੂੰ) ਲਾਉਂਦਾ ਹੈਂ, (ਇਹ ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦਾ ਪ੍ਰੇਰਿਆ ਹੋਇਆ) ਉਸ ਉਸ ਪਾਸੇ ਹੀ ਲਗਦਾ ਹੈ।ਜਦੋਂ ਤੂੰ (ਮਨੁੱਖ ਨੂੰ ਅਪਣਾ ਨਾਮ) ਦੇਂਦਾ ਹੈਂ, ਤਦੋਂ ਹੀ (ਇਸ ਨੇ) ਤੇਰਾ ਨਾਮ ਜਪਣਾ ਹੈ।੧।ਰਹਾਉ।(ਹੇ ਭਾਈ!) ਹਰੀ ਦੇ ਦਾਸ ਹਰੀ ਨਾਲ ਜੁੜੇ ਰਹਿੰਦੇ ਹਨ।ਅਤੇ (ਉਹ) ਰਸਾਂ ਦੇ ਘਰ ਰਾਮ ਦੇ ਨਾਮ ਵਿਚ ਹਰ ਰੋਜ ਮਸਤ ਰਹਿੰਦੇ ਹਨ।੨।(ਹੇ ਭਾਈ!) ਪ੍ਰਭੂ ਨੇ ਆਪੇ ਬਾਂਹ ਫੜ ਕੇ (ਝੂਠੇ ਧੰਧਿਆਂ ਵਿਚ ਫਸੇ ਹੋਏ ਅਪਣੇ ਦਾਸ) ਕਢ ਲਏ ਹਨ।ਅਤੇ ਜਨਮਾਂ ਜਨਮਾਂ ਦੇ ਟੁੱਟੇ ਹੋਏ ਦਾਸ (ਪ੍ਰਭੂ ਨੇ ਅਪਣੇ ਨਾਲ) ਜੋੜ ਲਏ ਹਨ।੩।ਹੇ ਹਰੀ! ਦਾਸ ਨਾਨਕ ਤੇਰੇ ਦਰ ਉਤੇ ਤੇਰੀ ਸ਼ਰਣ ਵਿਚ ਆਇਆ ਹੈ, ਹੇ ਮਾਲਕ ਪ੍ਰਭੂ! ਕ੍ਰਿਪਾ ਕਰਕੇ ਮੈਨੂੰ (ਸੰਸਾਰ ਸਮੁੰਦਰ ਤੋਂ) ਤਾਰ ਲੈ।੪।੨੯।੩੫।

ਪਦਾਰਥ = ਘਰ ਕਾ–ਰੱਬ ਦੇ ਘਰ ਦਾ।ਰੂੜਾ–ਸੋਹਣਾ; ਉਤਮ; (ਪਾਪਾਂ ਵਿਚ) ਰੁੜ੍ਹਿਆ ਜਾਂਦਾ (ਸੰ. ਸ.) ਕਾਜੁ–ਕੰਮ।ਧੰਧੈ–ਧੰਧੇ ਵਿਚ।ਰਚਿਓ–ਲੱਗਾ ਹੈ।ਮੂੜਾ–ਮੂਰਖ।੧।ਜਿਤੁ–ਜਿਸ ਪਾਸੇ।ਤਿਤੁ–ਉਸ ਪਾਸੇ।ਜਾ–ਜਦੋਂ।ਦੇਹਿ–ਦੇਂਦਾ ਹੈਂ।੧।ਰਹਾਉ।ਹਰਿ ਸੇਤੀ–ਹਰੀ ਨਾਲ।ਰਾਤੇ–ਜੁੜੇ (ਜਾਂ ਰੰਗੇ) ਰਹਿੰਦੇ ਹਨ।ਰਸਾਇਣਿ–ਰਸਾਂ ਦੇ ਘਰ ਵਿਚ।ਅਨਦਿਨੁ–ਹਰ ਰੋਜ।ਮਾਤੇ–ਮਸਤ ਰਹਿੰਦੇ ਹਨ।੨।ਪਕਰਿ–ਫੜ ਕੇ।ਪ੍ਰਭਿ–ਪ੍ਰਭੂ ਨੇ।ਗਾਢੇ–ਜੋੜ ਲਏ ਹਨ।੩।ਉਧਰੁ–ਤਾਰ ਲੈ; ਬਚਾ ਲੈ।ਸੁਆਮੀ ਪ੍ਰਭ–ਹੇ ਮਾਲਕ ਪ੍ਰਭੂ!।ਧਾਰੇ–ਧਾਰ (ਕਰ) ਕੇ।ਸਰਣਿ–ਸ਼ਰਣ ਵਿਚ।ਦੁਆਰੇ–ਦਰ ਉਤੇ।੪।੨੯।੩੫।

ਸੂਹੀ ਮਹਲਾ ੫ ॥ ਸੰਤ ਪ੍ਰਸਾਦਿ ਨਿਹਚਲੁ ਘਰੁ ਪਾਇਆ ॥ ਸਰਬ ਸੂਖ ਫਿਰਿ ਨਹੀ ਡੋੁਲਾਇਆ ॥੧॥ ਗੁਰੂ ਧਿਆਇ ਹਰਿ ਚਰਨ ਮਨਿ ਚੀਨ੍ਹੇ ॥ ਤਾ ਤੇ ਕਰਤੈ ਅਸਥਿਰੁ ਕੀਨ੍ਹੇ ॥੧॥ਰਹਾਉ॥ ਗੁਣ ਗਾਵਤ ਅਚੁਤ ਅਬਿਨਾਸੀ ॥ ਤਾ ਤੇ ਕਾਟੀ ਜਮ ਕੀ ਫਾਸੀ ॥੨॥ ਕਰਿ ਕਿਰਪਾ ਲੀਨੇ ਲੜਿ ਲਾਇ ॥ ਸਦਾ ਅਨਦੁ ਨਾਨਕ ਗੁਣ ਗਾਏ ॥੩॥੩੦॥੩੬॥ (ਹੇ ਭਾਈ! ਜਿਸ ਮਨੁੱਖ ਨੇ) ਸੰਤ ਗੁਰੂ ਦੀ ਕ੍ਰਿਪਾ ਨਾਲ ਅਚੱਲ ਟਿਕਾਣਾ ਪਾ ਲਿਆ ਹੈ।(ਉਸ ਨੂੰ) ਸਾਰੇ ਸੁਖ ਮਿਲ ਗਏ ਹਨ, ਮੁੜ ਕੇ (ਉਸ ਦਾ ਮਨ) ਡੋਲਾਇਆ ਡੋਲਿਆ ਨਹੀਂ।੧।(ਜਿਨ੍ਹਾਂ ਮਨੁੱਖਾਂ ਨੇ) ਗੁਰੂ ਨੂੰ ਸਿਮਰ ਕੇ ਹਰੀ ਦੇ ਚਰਨ ਮਨ ਵਿਚ (ਵਸਦੇ) ਜਾਣ ਲਏ ਹਨ।ਇਸ ਕਰਕੇ ਕਰਤਾਰ ਨੇ (ਉਨ੍ਹਾਂ ਦੇ ਮਨ) ਸਥਿਰ ਕਰ ਦਿਤੇ ਹਨ।੧।ਰਹਾਉ।(ਹੇ ਭਾਈ! ਜੋ ਮਨੁੱਖ) ਨਾਸ਼ ਰਹਿਤ ਅਤੇ ਅਟੱਲ ਪ੍ਰਭੂ ਦੇ ਗੁਣ ਗਾਉਂਦੇ ਹਨ।ਇਸੇ ਕਰਕੇ (ਉਨ੍ਹਾਂ ਦੀ) ਜਮਾਂ ਦੀ ਫਾਂਸੀ ਕੱਟੀ ਗਈ ਹੈ।੨।(ਉਹ ਮਨੁੱਖ) ਪ੍ਰਭੂ ਨੇ ਕਿਰਪਾ ਕਰ ਕੇ ਅਪਣੇ ਲੜ ਨਾਲ ਲਾ ਲਏ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦੇ ਗੁਣ ਗਾ ਕੇ (ਉਹ) ਸਦਾ ਅਨੰਦ ਮਾਣਦੇ ਹਨ।੩।੩੦।੩੬।

ਪਦਾਰਥ = ਸੰਤ ਪ੍ਰਸਾਦਿ–ਸੰਤ ਗੁਰੂ ਦੀ ਕਿਰਪਾ ਨਾਲ।ਨਿਹਚਲੁ ਘਰੁ–ਸਦਾ ਕਾਇਮ ਰਹਿਣ ਵਾਲਾ ਟਿਕਾਣਾ।ਸਰਬ–ਸਾਰੇ।ਫਿਰਿ–ਮੁੜ ਕੇ।ਨਹੀ ਡੋਲਾਇਆ–ਡੋਲਦਾ ਨਹੀ।੧।ਮਨਿ–ਮਨ ਵਿਚ।ਚੀਨ੍ਹੇ–ਜਾਣ ਲਏ।ਤਾ ਤੇ–ਇਸ ਕਰਕੇ।ਕਰਤੈ–ਕਰਤਾਰ ਨੇ।ਅਸਥਿਰੁ ਕੀਨ੍ਹੇ–ਸਥਿਰ (ਅਡੋਲ) ਕਰ ਦਿਤੇ।੧।ਰਹਾਉ।ਅਚੁਤ–ਅਟੱਲ (ਜੋ ਕਦੇ ਡਿੱਗੇ ਨਾ; ਸਦਾ ਕਾਇਮ)।ਅਬਿਨਾਸੀ–ਨਾਸ਼ ਰਹਿਤ।ਤਾ ਤੇ–ਇਸ ਕਰਕੇ।ਫਾਸੀ–ਫਾਹੀ।੨।ਲੜਿ–ਪੱਲੇ ਨਾਲ।ਲੀਨੇ ਲਾਏ–ਲਾ ਲਏ ਹਨ।ਗਾਏ–ਗਾ ਕੇ।੩।੩੦।੩੬।

ਸੂਹੀ ਮਹਲਾ ੫ ॥ ਅੰਮ੍ਰਿਤ ਬਚਨ ਸਾਧ ਕੀ ਬਾਣੀ ॥ ਜੋ ਜੋ ਜਪੈ ਤਿਸ ਕੀ ਗਤਿ ਹੋਵੈ, ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥੧॥

ਰਹਾਉ॥ ਕਲੀ ਕਾਲ ਕੇ ਮਿਟੇ ਕਲੇਸਾ ॥ ਏਕੋ ਨਾਮੁ ਮਨ ਮਹਿ ਪਰਵੇਸਾ ॥੧॥ ਸਾਧੂ ਧੂਰਿ ਮੁਖਿ ਮਸਤਕਿ ਲਾਈ ॥ ਨਾਨਕ ਉਧਰੇ ਹਰਿ ਗੁਰ ਸਰਣਾਈ ॥੨॥੩੧॥੩੭॥ (ਹੇ ਭਾਈ!) ਪੂਰਨ ਗੁਰੂ (ਨਾਨਕ ਦੇਵ ਜੀ) ਦੀ (ਉਚਾਰੀ ਹੋਈ ਜੋ) ਬਾਣੀ ਹੈ (ਉਹ) ਮ੍ਰਿਤੂ ਤੋਂ ਰਹਿਤ ਕਰ ਦੇਣ ਵਾਲੇ ਬਚਨ ਹਨ।ਜੋ ਜੋ (ਮਨੁੱਖ ਸ਼ਰਧਾ ਨਾਲ ਇਸ ਬਾਣੀ ਨੂੰ) ਜਪਦਾ ਹੈ ਅਤੇ ਜੀਭ ਨਾਲ ਹਰ ਰੋਜ ਹਰੀ ਦਾ ਨਾਮ ਉਚਾਰਦਾ ਹੈ, ਉਸ ਦੀ ਮੁਕਤੀ ਹੋ ਜਾਂਦੀ ਹੈ।੧।ਰਹਾਉ।(ਹੇ ਭਾਈ! ਜਿਸ ਮਨੁੱਖ ਦੇ) ਮਨ ਵਿਚ ਵਾਹਿਗੁਰੂ ਦਾ ਇਕ ਨਾਮ ਪ੍ਰਵੇਸ਼ ਹੋ ਜਾਂਦਾ ਹੈ, (ਉਸ ਦੇ) ਕਲਜੁਗ ਦੇ ਸਮੇਂ ਦੇ ਸਾਰੇ ਕਲੇਸ਼ ਮਿਟ ਜਾਂਦੇ ਹਨ।੧।(ਜਿਨ੍ਹਾਂ ਪੁਰਖਾਂ ਨੇ) ਪੂਰਨ ਗੁਰੂ ਦੀ ਚਰਨ ਧੂੜ ਅਪਣੇ ਮੂੰਹ ਮੱਥੇ ਉਤੇ ਲਾਈ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ) ਪ੍ਰਮੇਸਰ ਰੂਪ ਗੁਰੂ (ਨਾਨਕ ਦੇਵ ਜੀ ਦੀ) ਸ਼ਰਣ ਵਿਚ ਪੈ ਕੇ (ਭਵਜਲ ਤੋਂ) ਤਰ ਗਏ ਹਨ।੨।੩੧।੩੭। ਕਲਿਜੁਗ ਉਧਾਰਿਆ ਗੁਰਦੇਵ। (੪੦੬)

ਪਦਾਰਥ = ਅੰਮ੍ਰਿਤ ਬਚਨ–ਮ੍ਰਿਤੂ ਤੋਂ ਰਹਿਤ ਕਰ ਦੇਣ ਵਾਲੇ ਬਚਨ।ਸਾਧ ਕੀ–ਪੂਰਨ ਗੁਰੂ ਦੀ।ਜੋ ਜੋ–ਜਿਹੜਾ ਜਿਹੜਾ ਮਨੁੱਖ।ਤਿਸ ਕੀ–ਉਸ ਦੀ।ਗਤਿ–ਮੁਕਤੀ; ਉਚੀ ਆਤਮਕ ਅਵਸਥਾ।ਰਸਨ–ਜੀਭ ਨਾਲ।ਬਖਾਨੀ–ਉਚਾਰਦਾ ਹੈ।੧।ਰਹਾਉ।ਕਲੀ ਕਾਲ ਕੇ–ਕਲਜੁਗ ਦੇ ਸਮੇਂ ਦੇ।ਕਲੇਸਾ–ਦੁਖ; ਝਗੜਾ; ਚਿੰਤਾ।ਮਨ ਮਹਿ–ਮਨ ਵਿਚ।ਪਰਵੇਸਾ–ਦਾਖਲ; ਵਸ ਜਾਂਦਾ ਹੈ।੧।ਮੁਖਿ ਮਸਤਕਿ–ਮੂੰਹ ਉਤੇ ਅਤੇ ਮੱਥੇ ਉਤੇ।ਉਧਰੇ–(ਸੰਸਾਰ ਸਮੁੰਦਰ ਤੋਂ) ਤਰ ਗਏ ਹਨ; (ਕਲੇਸ਼ਾਂ ਤੋਂ) ਬਚ ਗਏ ਹਨ।੨।੩੧।੩੭।

ਸੂਹੀ ਮਹਲਾ ੫ ਘਰੁ ੩ ॥ ਗੋਬਿੰਦਾ ਗੁਣ ਗਾਉ ਦਇਆਲਾ ॥ ਦਰਸਨੁ ਦੇਹੁ ਪੂਰਨ ਕਿਰਪਾਲਾ ॥ਰਹਾਉ॥ ਕਰਿ ਕਿਰਪਾ ਤੁਮਹੀ ਪ੍ਰਤਿਪਾਲਾ ॥ ਜੀਉ ਪਿੰਡੁ ਸਭੁ ਤੁਮਰਾ ਮਾਲਾ ॥੧॥ ਅੰਮ੍ਰਿਤ ਨਾਮੁ ਚਲੈ ਜਪਿ ਨਾਲਾ ॥ ਨਾਨਕੁ ਜਾਚੈ ਸੰਤ ਰਵਾਲਾ ॥੨॥੩੨॥੩੮॥ ਹੇ ਪ੍ਰਿਥਵੀ ਦੀ ਪਾਲਣਾ ਕਰਨ ਵਾਲੇ ਪ੍ਰਭੂ! ਹੇ ਦਇਆ ਕਰਨ ਵਾਲੇ ਪ੍ਰਭੂ! ਮੈਂ ਤੇਰੇ ਗੁਣ ਗਾਉਂਦਾ ਹਾਂ।ਹੇ ਪੂਰਨ ਕ੍ਰਿਪਾ ਕਰਨ ਵਾਲੇ ਪ੍ਰਭੂ! (ਮੈਨੂੰ ਅਪਣਾ) ਦਰਸ਼ਨ ਦੇਵੋ ਜੀ।ਰਹਾਉ।ਕ੍ਰਿਪਾ ਕਰਕੇ ਤੁਸੀਂ ਹੀ (ਸਾਨੂੰ ਸਭ ਜੀਵਾਂ ਨੂੰ) ਪਾਲਦੇ ਹੋ।ਮੇਰੀ ਜਿੰਦ ਅਤੇ ਮੇਰਾ ਸਰੀਰ ਸਭ ਤੁਹਾਡਾ ਹੀ ਦਿਤਾ ਹੋਇਆ ਮਾਲ ਹੈ।੧।(ਹੇ ਭਾਈ!) ਪ੍ਰਭੂ ਦਾ ਅੰਮ੍ਰਿਤ ਨਾਮ ਜਪਿਆ ਕਰ, (ਇਹ ਨਾਮ ਹੀ ਪ੍ਰਲੋਕ ਨੂੰ) ਜੀਵ ਦੇ ਨਾਲ ਚਲਦਾ ਹੈ।(ਹੇ ਪ੍ਰਭੂ!) ਨਾਨਕ (ਨਾਮ ਜਪਣ ਵਾਲੇ) ਸੰਤਾਂ ਦੀ ਚਰਨ ਧੂੜ ਮੰਗਦਾ ਹੈ।੨।੩੨।੩੮।

ਪਦਾਰਥ = ਗੋਬਿੰਦਾ–ਹੇ ਪ੍ਰਿਥਵੀ ਦੀ ਪਾਲਣਾ ਕਰਨ ਵਾਲੇ ਪ੍ਰਭੂ!।ਦਇਆਲ–ਹੇ ਦਇਆ ਕਰਨ ਵਾਲੇ!।ਗਾਉ–ਮੈਂ ਗਾਉਂਦਾ ਹਾਂ। ਰਹਾਉ।ਕਰਿ–ਕਰ ਕੇ।ਤੁਮਹੀ–ਤੁਸੀਂ ਹੀ।ਜੀਉ–ਜਿੰਦ।ਪਿੰਡੁ–ਸਰੀਰ।ਮਾਲਾ–ਧਨ ਦੌਲਤ; ਸਮੱਗ੍ਰੀ।੧।ਜਪਿ–ਜਪਿਆ ਕਰ। ਚਲੈ ਨਾਲਾ–(ਪ੍ਰਲੋਕ ਨੂੰ ਜੀਵ ਦੇ) ਨਾਲ ਜਾਂਦਾ ਹੈ।ਜਾਚੈ–ਮੰਗਦਾ ਹੈ।ਰਵਾਲਾ–ਚਰਨ ਧੂੜ।੨।੩੨।੩੮।

ਸੂਹੀ ਮਹਲਾ ੫ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥ ਆਪੇ ਥੰਮੈ ਸਚਾ ਸੋਈ ॥੧॥ ਹਰਿ ਹਰਿ ਨਾਮੁ ਮੇਰਾ ਆਧਾਰੁ ॥ ਕਰਣ ਕਾਰਣ ਸਮਰਥੁ ਅਪਾਰੁ ॥੧॥ਰਹਾਉ॥ ਸਭ ਰੋਗ ਮਿਟਾਵੇ ਨਵਾ ਨਰੋਆ ॥ ਨਾਨਕ ਰਖਾ ਆਪੇ ਹੋਆ ॥੨॥੩੩॥੩੯॥(ਹੇ ਭਾਈ!) ਉਸ ਪ੍ਰਭੂ ਤੋਂ ਬਿਨਾ ਦੂਜਾ ਹੋਰ ਕੋਈ (ਸਮਰੱਥ) ਨਹੀਂ ਹੈ।ਉਹ ਸੱਚਾ ਪ੍ਰਭੂ ਆਪ ਹੀ (ਸਾਰੀ ਸ੍ਰਿਸਟੀ ਨੂੰ) ਥੰਮਦਾ ਹੈ; ਸੱਚਾ ਪ੍ਰਭੂ ਆਪ ਹੀ (ਮਨ ਨੂੰ ਵਿਸ਼ੇ ਵਿਕਾਰਾਂ ਵੱਲੋਂ) ਰੋਕਦਾ ਹੈ (ਟਕਸਾਲ)।੧।(ਹੇ ਭਾਈ!) ਹਰੀ ਦਾ ਹਰਿ ਹਰਿ ਨਾਮ ਮੇਰਾ ਆਸਰਾ ਹੈ। (ਉਹ) ਬੇਅੰਤ ਪ੍ਰਭੂ ਸਾਰੇ ਕਾਰਣਾਂ ਦੇ ਕਰਨ ਵਾਲਾ ਸਰਬ ਸ਼ਕਤੀਮਾਨ ਹੈ।੧।ਰਹਾਉ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਦਾ) ਰਾਖਾ ਆਪ ਪ੍ਰਭੂ ਹੋ ਜਾਂਦਾ ਹੈ, ਨਿਤ ਨਵਾਂ ਰਹਿਣ ਵਾਲਾ ਪ੍ਰਭੂ (ਉਸ ਦੇ) ਸਾਰੇ ਰੋਗ ਮਿਟਾ ਦਿੰਦਾ ਹੈ ਅਤੇ (ਉਸ ਨੂੰ) ਨਰੋਆ (ਨਿਰੋਗ) ਬਣਾ ਦਿੰਦਾ ਹੈ।੨।੩੩।੩੯।

ਪਦਾਰਥ = ਤਿਸੁ ਬਿਨੁ–ਉਸ ਪ੍ਰਭੂ ਤੋਂ ਬਿਨਾ।ਅਵਰੁ–ਹੋਰ।ਥੰਮੈ–ਸਹਾਰਾ ਦੇਂਦਾ ਹੈ।ਸਚਾ–ਸੱਚਾ ਪ੍ਰਭੂ।ਸੋਈ–ਉਹ ਹੀ।੧।ਆਧਾਰੁ –ਆਸਰਾ।ਕਰਣ ਕਾਰਣ–ਸਾਰੇ ਕਾਰਣਾਂ ਦੇ ਕਰਨ ਵਾਲਾ; ਸਾਰੇ ਕਾਰਣਾਂ ਦਾ ਮੂਲ ਕਾਰਣ।ਸਮਰਥੁ–ਸਰਬ ਸ਼ਕਤੀਮਾਨ।ਅਪਾਰੁ–ਬੇਅੰਤ।੧।ਰਹਾਉ।ਮਿਟਾਵੇ–ਮਿਟਾ ਦਿੰਦਾ ਹੈ।ਨਵਾ–ਨਵਾਂ ਪ੍ਰਭੂ।ਨਰੋਆ–ਤਾਕਤਵਰ; ਅਰੋਗ।ਰਖਾ–ਰਾਖਾ।੨।੩੩।੩੯।

ਅੰਗ ੭੪੫ = ਸੂਹੀ ਮਹਲਾ ੫ ॥ ਦਰਸਨ ਕਉ ਲੋਚੈ ਸਭੁ ਕੋਈ ॥ ਪੂਰੈ ਭਾਗਿ ਪਰਾਪਤਿ ਹੋਈ ॥ ਰਹਾਉ॥ ਸਿਆਮ ਸੁੰਦਰ ਤਜਿ ਨੀਦ ਕਿਉ ਆਈ ॥ ਮਹਾ ਮੋਹਨੀ ਦੂਤਾ ਲਾਈ ॥੧॥ ਪ੍ਰੇਮ ਬਿਛੋਹਾ ਕਰਤ ਕਸਾਈ ॥ ਨਿਰਦੈ ਜੰਤੁ ਤਿਸੁ ਦਇਆ ਨ ਪਾਈ ॥੨॥ ਅਨਿਕ ਜਨਮ ਬੀਤੀਅਨ ਭਰਮਾਈ ॥ ਘਰਿ ਵਾਸੁ ਨ ਦੇਵੈ ਦੁਤਰ ਮਾਈ ॥੩॥ ਦਿਨੁ ਰੈਨਿ ਅਪਨਾ ਕੀਆ ਪਾਈ ॥ ਕਿਸੁ ਦੋਸੁ ਨ ਦੀਜੈ ਕਿਰਤੁ ਭਵਾਈ ॥੪॥ ਸੁਣਿ ਸਾਜਨ ਸੰਤ ਜਨ ਭਾਈ ॥ ਚਰਣ ਸਰਣ ਨਾਨਕ ਗਤਿ ਪਾਈ ॥੫॥ ੩੪॥੪੦॥ (ਇਸ ਸ਼ਬਦ ਵਿਚ ਮਨੁੱਖ ਨੂੰ ਇਕ ਇਸਤ੍ਰੀ ਦੇ ਰੂਪ ਵਿਚ ਅਤੇ ਵਾਹਿਗੁਰੂ ਨੂੰ ਉਸ ਦੇ ਪਤੀ ਦੇ ਰੂਪ ਵਿਚ ਬਿਆਨਿਆ ਹੈ।ਹੇ ਭਾਈ!) ਸਭ ਕੋਈ ਪ੍ਰਭੂ ਦੇ ਦਰਸ਼ਨ ਕਰਨ ਚਾਹੁੰਦਾ ਹੈ।(ਪਰ) ਪੂਰੇ ਭਾਗਾਂ ਨਾਲ (ਪ੍ਰਭੂ ਦਾ ਦਰਸ਼ਨ) ਪ੍ਰਾਪਤ ਹੁੰਦਾ ਹੈ।ਰਹਾਉ।ਸਾਵਲ

ਸੁੰਦਰ ਪ੍ਰਭੂ ਨੂੰ ਛਡ ਕੇ (ਮਨੁੱਖ ਨੂੰ ਅਵਿਦਿਆ ਦੀ) ਨੀਂਦ ਕਿਵੇਂ ਆ ਗਈ ਹੈ (ਵਾਹਿਗੁਰੂ ਨਾਲੋਂ ਵਿਛੋੜਾ ਮਹਿਸੂਸ ਕਿਉਂ ਨਹੀਂ ਹੋਇਆ)? ਮੋਹ ਲੈਣ ਵਾਲੀ ਵੱਡੀ ਮਾਇਆ ਨੇ (ਮਨੁੱਖ ਨੂੰ) ਕਾਮਾਦਿਕ ਵੈਰੀਆਂ ਦੇ ਮਗਰ ਲਾ ਦਿਤਾ ਹੈ; ਮਾਇਆ ਦਾ ਮੋਹ ਕਾਮਾਦਿਕ ਦੂਤਾਂ ਨੇ ਲਾਇਆ ਹੈ (ਜਿਸ ਕਰਕੇ ਜੀਵ ਰੂਪ ਇਸਤ੍ਰੀ ਅਪਨੇ ਮਾਲਕ ਪ੍ਰਭੂ ਨੂੰ ਭੁੱਲ ਗਈ ਹੈ)।੧।(ਕਾਮਾਦਿਕ) ਕਸਾਈ ਹਨ, ਜੋ ਪ੍ਰਭੂ ਦੇ ਪ੍ਰੇਮ ਵੱਲੋਂ ਵਿਛੋੜਾ ਕਰਾ ਦੇਂਦੇ ਹਨ।(ਇਹ ਵਿਛੋੜਾ ਮਾਨੋ) ਨਿਰਦਈ ਜੀਵ ਹੈ, ਉਸ ਦੇ ਅੰਦਰ (ਬਿਲਕੁਲ ਵੀ) ਦਇਆ ਨਹੀਂ ਪਈ ਹੋਈ।੨।(ਹੇ ਭਾਈ! ਮਾਇਆ ਕਰਕੇ ਜੀਵ ਨੂੰ) ਭਰਮਦਿਆਂ ਫਿਰਦਿਆਂ ਅਨੇਕਾਂ ਜਨਮ ਬੀਤ ਗਏ ਹਨ (ਮੁਕਤੀ ਨਹੀਂ ਮਿਲੀ।ਇਹ) ਔਖੀ ਤਰੀ ਜਾਣ ਵਾਲੀ ਮਾਇਆ (ਮਨੁੱਖ ਦੇ ਮਨ ਨੂੰ) ਹਿਰਦੇ ਘਰ ਵਿਚ ਵਸਣ ਨਹੀਂ ਦਿੰਦੀ।੩। (ਜੀਵ) ਦਿਨ ਰਾਤ ਜੋ ਕਰਮ ਕਰਦਾ ਹੈ, ਅਪਨੇ ਕੀਤੇ (ਉਨ੍ਹਾਂ) ਕਰਮਾਂ ਦਾ ਫਲ ਪਾ ਰਿਹਾ ਹੈ।(ਇਸ ਦਾ) ਦੋਸ਼ ਕਿਸੇ ਨੂੰ ਨਹੀਂ ਦਿਤਾ ਜਾ ਸਕਦਾ, (ਕਿਉਂਕਿ ਪਿਛਲੇ ਜਨਮਾਂ ਦੀ) ਕਿਰਤ ਜੀਵ ਨੂੰ (ਅਨੇਕਾਂ ਜੂਨਾਂ ਵਿਚ) ਭਰਮਾ ਰਹੀ ਹੈ।੪।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਸੰਤ ਜਨੋਂ! ਹੇ ਸੱਜਣ ਭਰਾਵੋ! ਸੁਣ ਲਵੋ, ਵਾਹਿਗੁਰੂ ਦੇ ਚਰਨਾਂ ਦੀ ਸ਼ਰਣ ਵਿਚ ਰਹਿ ਕੇ ਮੁਕਤੀ ਪ੍ਰਾਪਤ ਹੁੰਦੀ ਹੈ।੫।੩੪।੪੦।

ਪ੍ਰੇਮ ਬਿਛੋਹਾ ਕਰਤ ਕਸਾਈ ॥ ਮਾਇਆ ਐਸੀ ਖਿੱਚ ਕਰਦੀ (ਪਾਉਂਦੀ) ਹੈ, ਹਰੀ ਦੇ ਪ੍ਰੇਮ ਵੱਲੋਂ ਵਿਛੋੜ ਦਿੰਦੀ ਹੈ।(ਇਹ ਮਾਇਆ ਮਾਨੋਂ) ਨਿਰਦਈ ਜੀਵ ਹੈ, ਉਸ ਦੇ ਅੰਦਰ ਦਇਆ ਨਹੀਂ ਪਾਈ ਹੋਈ।(ਮਾਇਆ ਕਰਕੇ) ਜੀਵ ਨਿਰਦਈ ਹੋ ਗਿਆ ਹੈ, ਉਸ (ਜੀਵ) ਦੇ ਅੰਦਰ ਦਇਆ ਨਹੀਂ ਪਈ ਹੋਈ (ਮਾਇਆ ਨੇ ਦਇਆ ਰਹਿਣ ਹੀ ਨਹੀਂ ਦਿਤੀ)।

ਪਦਾਰਥ = ਕਉ–ਨੂੰ; ਵਾਸਤੇ।ਲੋਚੈ–ਚਾਹੁੰਦਾ ਹੈ।ਸਭੁ ਕੋਈ–ਹਰੇਕ ਜੀਵ।ਪੂਰੈ ਭਾਗਿ–ਪੂਰੇ ਭਾਗਾਂ ਨਾਲ।ਰਹਾਉ।ਸਿਆਮ ਸੁੰਦਰ –ਪਰਕ੍ਰਿਤੀ ਨੂੰ ਸੋਭਾ ਦੇਣ ਵਾਲਾ ਕਰਤਾਰ (ਮ. ਕੋ.); ਕਾਲੇ ਰੰਗ ਵਾਲਾ ਕ੍ਰਿਸ਼ਨ ਭਾਵ ਵਾਹਿਗੁਰੂ (ਸ਼ਬਦਾਰਥ)।ਤਜਿ–ਛਡ ਕੇ। ਨੀਦ–ਅਵਿਦਿਆ; ਜਾਗ੍ਰਤ ਅਵਸਥਾ ਦਾ ਅਭਾਵ (ਮਾਇਆ ਦੀ ਉਹ ਹਾਲਤ, ਜੋ ਜੀਵ ਨੂੰ ਅਗਿਆਨ ਬੰਧਨ ਵਿਚ ਫਸਾਉਂਦੀ ਹੈ) ।ਮਹਾ ਮੋਹਨੀ–ਮਨ ਨੂੰ ਮੋਹ ਲੈਣ ਵਾਲੀ ਮਾਇਆ।ਦੂਤਾ–ਕਾਮਾਦਿਕ ਵੈਰੀਆਂ ਨੇ।੧।ਬਿਛੋਹ ਕਰਤ–ਵਿਛੋੜਾ ਕਰਾ ਦੇਂਦਾ ਹੈ।ਕਰਤ ਕਸਾਈ–(ਮਾਇਆ) ਖਿੱਚ ਕਰਦੀ ਹੈ; ਕਸਾਈ ਪੁਣਾ ਕਰਦੀ ਹੈ।ਨਿਰਦੈ–ਨਿਰਦਈ।ਜੰਤੁ–ਜੀਵ।੨।ਬੀਤੀਅਨ–ਬੀਤ ਗਏ। ਭਰਮਾਈ–ਭਟਕਦਿਆਂ ਫਿਰਦਿਆਂ।ਘਰਿ–ਹਿਰਦੇ ਘਰ ਵਿਚ।ਵਾਸੁ ਨ ਦੇਵੈ–ਵਸਣ ਨਹੀਂ ਦਿੰਦੀ।ਦੁਤਰ ਮਾਈ–ਔਖੀ ਤਰੇ ਜਾਣ (ਵਸ ਵਿਚ ਨਾ ਹੋਣ) ਵਾਲੀ ਮਾਇਆ।੩।ਰੈਨਿ–ਰਾਤ।ਕੀਆ ਪਾਈ–ਕੀਤੇ ਕਰਮਾਂ ਦਾ ਫਲ ਪਾਉਂਦਾ ਹੈ।ਕਿਸੁ–ਕਿਸੇ ਨੂੰ।ਦੀਜੈ– ਦਿਤਾ ਜਾ ਸਕਦਾ।ਕਿਰਤੁ–ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੇ ਸੰਸਕਾਰ।ਭਵਾਈ–ਭਰਮਾ ਰਹੀ ਹੈ।੪।ਸਾਜਨ–ਹੇ ਸੱਜਣੋ! ਸੰਤ ਜਨ–ਹੇ ਸੰਤ ਜਨੋਂ!।ਭਾਈ–ਹੇ ਭਰਾਵੋ!।ਗਤਿ ਪਾਈ–ਮੁਕਤੀ (ਉਚੀ ਆਤਮਕ ਅਵਸਥਾ) ਪ੍ਰਾਪਤ ਹੁੰਦੀ ਹੈ।੫।੩੪।੪੦।

ਉਥਾਨਕਾ = ਇਕ ਸਮੇਂ ਗੁਰੂ ਅਰਜਨ ਦੇਵ ਜੀ ੪–੫ ਸਿੱਖਾਂ ਸਮੇਤ ਗੋਇੰਦਵਾਲ ਨੂੰ ਜਾ ਰਹੇ ਸਨ, ਸਿਆਲਾਂ ਦੇ ਦਿਨ ਸਨ, ਤਰਨ ਤਾਰਨ ਦੇ ਲਾਗੇ ਜਾ ਕੇ ਰਸਤੇ ਵਿਚ ਜੋਰ ਦੀ ਬਾਰਸ਼ ਆ ਗਈ, ਲਾਗੇ ਹੀ ਮੁਸਲਮਾਨਾਂ ਦਾ ਖਾਨ ਪੁਰ ਪਿੰਡ ਸੀ।ਸਿੱਖਾਂ ਨੇ ਬਾਰਸ਼ ਦੇ ਬਚਾਓ ਲਈ ਪਿੰਡ ਵਿਚ ਕੁਛ ਸਮਾਂ ਰੁਕਣ ਵਾਸਤੇ ਲੋਕਾਂ ਨੂੰ ਪੁਛਿਆ।ਹੰਕਾਰੀ ਲੋਕਾਂ ਨੇ ਠਹਿਰਨ ਤਾਂ ਕਿਥੇ ਦੇਣਾ ਸੀ, ਕਿਸੇ ਨੇ ਗੁਰੂ ਜੀ ਦਾ ਕੋਈ ਆਦਰ ਮਾਣ ਵੀ ਨਾ ਕੀਤਾ ਅਤੇ ਨਾ ਹੀ ਲੰਗਰ ਪਾਣੀ ਦੀ ਸੇਵਾ ਕੀਤੀ।ਇਸੇ ਪਿੰਡ ਵਿਚ ਇਕ ਗਰੀਬ ਸਿਖ ਭਾਈ ਹੇਮਾ ਮਾਮੂਲੀ ਜਿਹੀ ਛਪਰੀ ਵਿਚ ਰਹਿੰਦਾ ਸੀ।ਗੁਰੂ ਜੀ ਸਿੱਖਾਂ ਦੇ ਸਮੇਤ ਭਾਈ ਹੇਮਾ ਜੀ ਦੀ ਛਪਰੀ ਵਿਚ ਚਲੇ ਗਏ।ਭਾਈ ਹੇਮਾ ਬੜਾ ਖੁਸ਼ ਹੋਇਆ, ਗੁਰੂ ਜੀ ਦੇ ਚਰਨ ਪਰਸੇ, ਬੜੇ ਆਦਰ ਨਾਲ ਮੰਜੀ ਉਤੇ ਗੁਰੂ ਜੀ ਨੂੰ ਬਿਠਾਇਆ।ਚੱਕੀ ਵਿਚ ਅੰਨ ਪੀਸ ਕੇ ਸਭ ਨੂੰ ਪ੍ਰਸ਼ਾਦਾ ਪਾਣੀ ਛਕਾਇਆ।ਭਾਈ ਹੇਮੇ ਦੀ ਸ਼ਰਧਾ ਤੇ ਪ੍ਰੇਮ ਦੇਖ ਕੇ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ ਹੈ।

ਰਾਗੁ ਸੂਹੀ ਮਹਲਾ ੫ ਘਰੁ ੪ ੴ ਸਤਿਗੁਰ ਪ੍ਰਸਾਦਿ ॥ ਭਲੀ ਸੁਹਾਵੀ ਛਾਪਰੀ, ਜਾ ਮਹਿ ਗੁਨ ਗਾਏ ॥ ਕਿਤ ਹੀ ਕਾਮਿ ਨ ਧਉਲਹਰ, ਜਿਤੁ ਹਰਿ ਬਿਸਰਾਏ ॥੧॥ਰਹਾਉ॥ ਅਨਦੁ ਗਰੀਬੀ ਸਾਧ ਸੰਗਿ, ਜਿਤੁ ਪ੍ਰਭ ਚਿਤਿ ਆਏ ॥ ਜਲਿ ਜਾਉ ਏਹੁ ਬਡਪਨਾ ,ਮਾਇਆ ਲਪਟਾਏ ॥੧॥ ਪੀਸਨੁ ਪੀਸਿ ਓਢਿ ਕਾਮਰੀ, ਸੁਖੁ ਮਨੁ ਸੰਤੋਖਾਏ ॥ ਐਸੋ ਰਾਜੁ ਨ ਕਿਤੈ ਕਾਜਿ, ਜਿਤੁ ਨਹ ਤ੍ਰਿਪਤਾਏ ॥੨॥ ਨਗਨ ਫਿਰਤ ਰੰਗਿ ਏਕ ਕੈ, ਓਹੁ ਸੋਭਾ ਪਾਏ ॥ ਪਾਟ ਪਟੰਬਰ ਬਿਰਥਿਆ, ਜਿਹ ਰਚਿ ਲੋਭਾਏ ॥੩॥ ਸਭੁ ਕਿਛੁ ਤੁਮ੍ਹਰੈ ਹਾਥਿ ਪ੍ਰਭ, ਆਪਿ ਕਰੇ ਕਰਾਏ ॥ ਸਾਸਿ ਸਾਸਿ ਸਿਮਰਤ ਰਹਾ, ਨਾਨਕ ਦਾਨੁ ਪਾਏ ॥੪॥੧॥੪੧॥ (ਹੇ ਭਾਈ! ਉਹ) ਛਪਰੀ ਭਲੀ ਅਤੇ ਸੋਹਣੀ ਹੈ, ਜਿਸ ਵਿਚ (ਰਹਿਣ ਵਾਲਾ ਮਨੁੱਖ) ਹਰੀ ਦੇ ਗੁਣ ਗਾਉਂਦਾ ਹੈ।ਵੱਡੇ ਵੱਡੇ ਰਾਜ ਮਹਿਲ ਕਿਸੇ ਕੰਮ ਦੇ ਨਹੀਂ, ਜਿਸ ਵਿਚ (ਰਹਿ ਕੇ ਮਨੁੱਖ) ਹਰੀ ਨੂੰ ਭੁਲਾ ਦੇਂਦਾ ਹੈ।੧।ਰਹਾਉ।(ਹੇ ਭਾਈ! ਉਸ) ਗਰੀਬੀ ਵਿਚ ਅਨੰਦ ਹੈ, ਜਿਸ (ਗਰੀਬੀ)

ਵਿਚ ਸਾਧ ਸੰਗਤ ਕਰਕੇ ਪ੍ਰਭੂ ਚੇਤੇ ਆਉਂਦਾ ਹੈ। ਇਹ ਵੱਡਾਪਣ ਸੜ ਜਾਵੇ, (ਜਿਸ ਵਡੱਪਣ ਕਰਕੇ ਮਨੁੱਖ) ਮਾਇਆ ਵਿਚ ਫਸ ਜਾਂਦਾ ਹੈ।੧। (ਹੇ ਭਾਈ!) ਜੇ ਮਨ ਨੂੰ ਸੰਤੋਖ ਆ ਜਾਵੇ ਤਾਂ ਚੱਕੀ ਪੀਹ ਕੇ ਅਤੇ ਕੰਬਲੀ ਓਢ ਕੇ ਵੀ ਸੁਖ ਹੈ। ਅਜੇਹਾ ਰਾਜ ਕਿਸੇ ਕੰਮ ਦਾ ਨਹੀਂ, ਜਿਸ (ਰਾਜ) ਨਾਲ (ਮਨੁੱਖ ਨੂੰ ਧਨ ਪਦਾਰਥਾਂ ਵੱਲੋਂ ਕਦੇ) ਰੱਜ ਹੀ ਨਾ ਆਵੇ।੨। (ਭਾਵੇਂ ਮਨੁੱਖ) ਇਕ ਪ੍ਰਭੂ ਦੇ ਪ੍ਰੇਮ ਰੰਗਿ ਵਿਚ ਨੰਗਾ ਵੀ ਤੁਰਿਆ ਫਿਰਦਾ ਹੋਵੇ, ਉਹ (ਲੋਕ ਪ੍ਰਲੋਕ ਵਿਚ) ਸੋਭਾ ਪਾਉਂਦਾ ਹੈ। (ਉਸ ਮਨੁੱਖ ਦੇ) ਸੂਤੀ ਤੇ ਰੇਸ਼ਮੀ ਕੱਪੜੇ ਬਿਅਰਥ ਹਨ, ਜਿਨ੍ਹਾਂ ਨਾਲ ਰਚ ਕੇ (ਉਹ) ਲੋਭੀ ਬਣ ਜਾਵੇ।੩। ਹੇ ਪ੍ਰਭੂ! (ਮਨੁੱਖ ਦੇ ਵਸ ਦੀ ਗੱਲ ਨਹੀਂ) ਸਭ ਕੁਛ ਤੇਰੇ ਹੱਥ ਵਿਚ ਹੈ, ਤੂੰ ਆਪ ਹੀ ਸਭ ਕੁਛ ਕਰਦਾ ਹੈਂ ਅਤੇ (ਜੀਵਾਂ ਪਾਸੋਂ) ਕਰਾਉਂਦਾ ਹੈਂ। (ਤੇਰੇ ਦਰ ਤੋਂ) ਨਾਨਕ ਇਹ ਦਾਨ ਪ੍ਰਾਪਤ ਕਰ ਲਵੇ ਕਿ ਮੈਂ ਸੁਆਸ ਸੁਆਸ ਤੈਨੂੰ ਸਿਮਰਦਾ ਰਹਾਂ।੪।੧।੪੧।

ਪਦਾਰਥ = ਭਲੀ–ਚੰਗੀ। ਸੁਹਾਵੀ–ਸੋਹਣੀ; ਸੋਭਨੀਕ। ਛਾਪਰੀ–ਕੁੱਲੀ; ਕੱਖਾਂ ਕਾਨਿਆਂ ਦੀ ਬਣੀ ਛੰਨ। ਜਾ ਮਹਿ–ਜਿਸ (ਕੁੱਲੀ) ਵਿਚ। ਕਿਤ ਹੀ ਕਾਮਿ–ਕਿਸੇ ਕੰਮ ਦੇ ਨਹੀਂ। ਧਉਲਹਰ–ਚਿੱਟੇ ਰੰਗ ਦੇ ਵੱਡੇ ਵੱਡੇ ਮਹਿਲ। ਬਿਸਰਾਏ–ਭੁਲਾ ਦੇਂਦਾ ਹੈ।੧। ਰਹਾਉ। ਸਾਧ ਸੰਗਿ–ਸਾਧ ਸੰਗਤ ਕਰਕੇ। ਜਿਤੁ–ਜਿਸ ਵਿਚ। ਚਿਤਿ ਆਏ–ਚੇਤੇ ਆਉਂਦਾ ਹੈ; ਚਿਤ ਵਿਚ ਆ ਵਸਦਾ ਹੈ। ਜਲਿ ਜਾਉ–ਸੜ ਜਾਵੇ। ਬਡਪਨਾ–ਵੱਡਾ ਪਣ (ਵੱਡਾ ਹੋਣ ਦਾ ਮਾਣ)। ਲਪਟਾਏ–ਫਸ (ਚਿੰਬੜ) ਜਾਂਦਾ ਹੈ।੧। ਪੀਸਨੁ–ਚੱਕੀ; ਪੀਹਣ ਯੋਗ ਅੰਨ (ਮ.ਕੋ.)। ਪੀਸਿ–ਪੀਹ ਕੇ। ਓਢਿ–ਪਹਿਨ ਕੇ। ਕਾਮਰੀ–ਕੰਬਲੀ। ਸੰਤੋਖਾਏ–ਸੰਤੋਖ ਆ ਜਾਵੇ। ਨਹ ਤ੍ਰਿਪਤਾਏ–ਰੱਜ ਹੀ ਨਾ ਆਵੇ।੨। ਨਗਨ ਫਿਰਤ–ਨੰਗਾ ਫਿਰਦਾ ਹੋਵੇ। ਰੰਗਿ ਏਕ ਕੈ–ਇਕ ਪ੍ਰਭੂ ਦੇ ਪ੍ਰੇਮ ਰੰਗਿ ਵਿਚ। ਪਾਟ ਪਟੰਬਰ–ਸੂਤੀ ਅਤੇ ਰੇਸ਼ਮੀ ਕੱਪੜੇ। ਜਿਹ–ਜਿਸ ਨਾਲ। ਰਚਿ–ਲਗ ਕੇ; ਮਸਤ ਹੋ ਕੇ। ਲੋਭਾਏ–ਲੋਭੀ ਬਣ ਜਾਵੇ।੩। ਹਾਥਿ–ਹੱਥ ਵਿਚ। ਕਰੇ ਕਰਾਏ–ਕਰਦਾ ਹੈ ਅਤੇ ਕਰਾਉਂਦਾ ਹੈ। ਸਾਸਿ ਸਾਸਿ–ਹਰੇਕ ਸਾਹ ਨਾਲ। ਸਿਮਰਤ ਰਹਾ–ਸਿਮਰਦਾ ਰਹਾਂ। ਪਾਏ–ਪ੍ਰਾਪਤ ਕਰ ਲਵੇ।੪।੧।੪੧।

ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥ ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥
ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥ ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥
ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥ (੭੦੭)

ਸੂਹੀ ਮਹਲਾ ੫ ॥ ਹਰਿ ਕਾ ਸੰਤੁ ਪਰਾਨ ਧਨ, ਤਿਸ ਕਾ ਪਨਿਹਾਰਾ ॥ ਭਾਈ ਮੀਤ ਸੁਤ ਸਗਲ ਤੇ, ਜੀਅ ਹੂੰ ਤੇ ਪਿਆਰਾ ॥੧॥ ਰਹਾਉ॥ ਕੇਸਾ ਕਾ ਕਰਿ ਬੀਜਨਾ, ਸੰਤ ਚਉਰੁ ਢੁਲਾਵਉ ॥ ਸੀਸੁ ਨਿਹਾਰਉ ਚਰਣ ਤਲਿ, ਧੂਰਿ ਮੁਖਿ ਲਾਵਉ ॥੧॥ ਮਿਸਟ ਬਚਨ ਬੇਨਤੀ ਕਰਉ ,ਦੀਨ ਕੀ ਨਿਆਈ ॥ ਤਜਿ ਅਭਿਮਾਨੁ ਸਰਣੀ ਪਰਉ ,ਹਰਿ ਗੁਣ ਨਿਧਿ ਪਾਈ ॥੨॥ ਅਵਲੋਕਨ ਪੁਨਹ ਪੁਨਹ ਕਰਉ ,ਜਨ ਕਾ ਦਰਸਾਰੁ ॥ ਅੰਮ੍ਰਿਤ ਬਚਨ ਮਨ ਮਹਿ ਸਿੰਚਉ ,ਬੰਦਉ ਬਾਰ ਬਾਰ ॥੩॥ ਚਿਤਵਉ ਮਨਿ ਆਸਾ ਕਰਉ ,ਜਨ ਕਾ ਸੰਗੁ ਮਾਗਉ ॥ ਨਾਨਕ ਕਉ ਪ੍ਰਭ ਦਇਆ ਕਰਿ, ਦਾਸ ਚਰਣੀ ਲਾਗਉ ॥੪॥੨॥੪੨॥ (ਹੇ ਭਾਈ!) ਹਰੀ ਦਾ ਸੰਤ ਮੇਰੇ ਪ੍ਰਾਣਾਂ ਦਾ ਆਸਰਾ ਤੇ ਮੇਰਾ ਧਨ ਹੈ ਅਤੇ ਮੈਂ ਉਸ (ਸੰਤ) ਦਾ ਪਾਣੀ ਢੋਣ ਵਾਲਾ ਸੇਵਕ ਹਾਂ। (ਉਹ ਸੰਤ ਮੈਨੂੰ) ਭਰਾਵਾਂ, ਮਿਤ੍ਰਾਂ ਤੇ ਪੁਤ੍ਰਾਂ ਆਦਿ ਸਾਰਿਆਂ ਤੋਂ ਪਿਆਰਾ ਹੈ, (ਬਲਕਿ ਅਪਣੇ) ਜੀਵਨ ਤੋਂ ਵੀ ਪਿਆਰਾ ਹੈ।੧। ਰਹਾਉ। (ਮੇਰੀ ਇੱਛਾ ਹੈ ਕਿ ਮੈਂ ਅਪਣੇ) ਕੇਸਾਂ ਦਾ ਪੱਖਾ ਬਣਾ ਕੇ ਸੰਤਾਂ ਨੂੰ ਚੌਰ ਢੁਲਾਵਾਂ। ਅਪਣਾ ਸਿਰ ਮੈਂ ਸੰਤਾਂ ਦੇ ਚਰਨਾਂ ਦੇ ਹੇਠਾਂ ਤਕ ਨਿਵਾਵਾਂ (ਝੁਕਾਵਾਂ) ਅਤੇ ਚਰਨ ਧੂੜ ਮੂੰਹ ਉਤੇ ਲਾਵਾਂ।੧। ਨਿਮਾਣਿਆਂ ਦੀ ਤਰ੍ਹਾਂ (ਮੈਂ ਸੰਤਾਂ ਅੱਗੇ) ਮਿੱਠੇ ਬਚਨਾਂ ਨਾਲ ਬੇਨਤੀ ਕਰਾਂ। ਅਤੇ ਹੰਕਾਰ ਛਡ ਕੇ (ਉਨ੍ਹਾਂ ਦੀ) ਸਰਣ ਵਿਚ ਪਿਆ ਰਹਾਂ, (ਤਾਂ ਕਿ ਉਨ੍ਹਾਂ ਸੰਤਾਂ ਦੀ ਸੰਗਤ ਕਰ ਕੇ) ਗੁਣਾਂ ਦੇ ਖਜਾਨੇ ਹਰੀ ਨੂੰ ਪ੍ਰਾਪਤ ਕਰ ਲਵਾਂ।੨। (ਹੇ ਪ੍ਰਭੂ! ਮੇਹਰ ਕਰ) ਮੈਂ ਬਾਰ ਬਾਰ ਸੰਤ ਜਨਾਂ ਦਾ ਦਰਸ਼ਨ ਦੇਖਦਾ ਰਹਾਂ। (ਉਨ੍ਹਾਂ ਦੇ) ਅੰਮ੍ਰਿਤ ਬਚਨ (ਰੂਪ ਜਲ) ਮੈਂ ਮਨ ਵਿਚ ਸਿੰਜਦਾ ਰਹਾਂ ਅਤੇ (ਉਨ੍ਹਾਂ ਨੂੰ) ਬਾਰ ਬਾਰ ਨਮਸ਼ਕਾਰ ਕਰਾਂ।੩। (ਹੇ ਪ੍ਰਭੂ!) ਮੈਂ ਇਹ ਚਿਤਵਦਾ ਹਾਂ ਤੇ ਆਸਾ ਕਰਦਾ ਹਾਂ ਕਿ ਤੇਰੇ ਸੰਤ ਜਨਾਂ ਦੀ ਸੰਗਤ ਮੰਗਦਾ ਰਹਾਂ। ਹੇ ਪ੍ਰਭੂ! ਨਾਨਕ ਉਤੇ ਦਇਆ ਕਰ, ਮੈਂ ਤੇਰੇ ਦਾਸਾਂ ਦੇ ਚਰਨੀ ਲੱਗਾ ਰਹਾਂ।੪।੨।੪੨।

ਪਦਾਰਥ = ਪਰਾਨ–ਪ੍ਰਾਣ। ਧਨ–ਦੌਲਤ। ਤਿਸ ਕਾ–ਉਸ ਦਾ। ਪਨਿਹਾਰਾ–ਪਾਣੀ ਢੋਣ ਵਾਲਾ (ਸੇਵਕ)। ਭਾਈ–ਭਰਾ। ਮੀਤ–ਮਿਤ੍ਰ। ਸੁਤ–ਪੁਤ੍ਰ। ਸਗਲ ਤੇ–ਸਾਰਿਆਂ ਤੋਂ। ਜੀਅ ਹੂੰ ਤੇ–ਜੀਵਨ ਤੋਂ ਵੀ।੧। ਕਰਿ–ਬਣਾ ਕੇ। ਬੀਜਨਾ–ਪੱਖਾ। ਚਉਰੁ–ਚੌਰ। ਢੁਲਾਵਉ–ਝੁਲਾਵਾਂ। ਨਿਹਾਰਉ–ਨੀਵਾਵਾਂ (ਝੁਕਾਵਾਂ)। ਚਰਣ ਤਲਿ–ਚਰਣਾਂ ਦੇ ਹੇਠ। ਧੂਰਿ–ਚਰਨ ਧੂੜ। ਮੁਖਿ ਲਾਵਉ–ਮੂੰਹ ਉਤੇ ਲਾਵਾਂ।੧। ਮਿਸਟ ਬਚਨ–ਮਿੱਠੇ ਬਚਨਾਂ ਨਾਲ। ਕਰਉ–ਕਰਾਂ। ਦੀਨ ਕੀ ਨਿਆਈ–ਨਿਮਾਣਿਆਂ ਦੀ ਤਰ੍ਹਾਂ। ਤਜਿ–ਛਡ ਕੇ। ਸਰਣੀ ਪਰਉ–ਸ਼ਰਣ ਵਿਚ ਪਿਆ ਰਹਾਂ। ਗੁਣ ਨਿਧਿ–ਗੁਣਾਂ ਦਾ ਖਜਾਨਾ। ਪਾਈ–ਪਾ ਲਵਾਂ।੨। ਅਵਲੋਕਨ–ਦੇਖਦਾ ਰਹਾਂ। ਪੁਨਹ ਪੁਨਹ ਕਰਉ–ਬਾਰ ਬਾਰ

ਕਰਾਂ। ਜਨ ਕਾ–ਸੰਤ ਜਨਾਂ ਦਾ। ਸਿੰਚਉ–ਸਿੰਜਦਾ ਰਹਾਂ। ਬੰਦਉ–ਨਮਸ਼ਕਾਰ ਕਰਾਂ।੩। ਚਿਤਵਉ–ਵਿਚਾਰ ਕਰਦਾ ਹਾਂ; ਖਿਆਲ ਕਰਾਂ।ਮਨਿ–ਮਨ ਵਿਚ। ਸੰਗੁ–ਸਾਥ; ਸੰਗਤ। ਮਾਗਉ–ਮੰਗਦਾ ਰਹਾਂ। ਕਉ–ਨੂੰ; ਉਤੇ। ਲਗਉ–ਲੱਗਾ ਰਹਾਂ।੪।੨।੪੨।

ਸੂਹੀ ਮਹਲਾ ੫ ॥ ਜਿਨਿ ਮੋਹੇ ਬ੍ਰਹਮੰਡ ਖੰਡ, ਤਾਹੂ ਮਹਿ ਪਾਉ ॥ ਰਾਖਿ ਲੇਹੁ ਇਹੁ ਬਿਖਈ ਜੀਉ ,ਦੇਹੁ ਅਪੁਨਾ ਨਾਉ ॥੧॥ ਰਹਾਉ॥ ਜਾ ਤੇ ਨਾਹੀ ਕੋ ਸੁਖੀ, ਤਾ ਕੈ ਪਾਛੈ ਜਾਉ ॥ ਛੋਡਿ ਜਾਹਿ ਜੋ ਸਗਲ ਕਉ ,ਫਿਰਿ ਫਿਰਿ ਲਪਟਾਉ ॥੧॥ ਕਰਹੁ ਕ੍ਰਿਪਾ ਕਰੁਣਾਪਤੇ, ਤੇਰੇ ਹਰਿ ਗੁਣ ਗਾਉ ॥ ਨਾਨਕ ਕੀ ਪ੍ਰਭ ਬੇਨਤੀ, ਸਾਧ ਸੰਗਿ ਸਮਾਉ ॥੨॥੩॥੪੩॥ (ਹੇ ਪ੍ਰਭੂ !) ਜਿਸ ਮਾਇਆ ਨੇ ਸਾਰੀ ਸ੍ਰਿਸਟੀ ਅਤੇ ਸਾਰੇ ਦੇਸ਼ਾਂ ਦੇ ਜੀਵ ਮੋਹ ਲਏ ਹਨ, ਉਸੇ (ਮਾਇਆ ਦੇ ਵਸ) ਵਿਚ ਮੈਂ ਪੈ ਰਿਹਾ ਹਾਂ।(ਕ੍ਰਿਪਾ ਕਰਕੇ ਮੈਨੂੰ) ਅਪਣਾ ਨਾਮ ਦੇਵੋ ਅਤੇ ਇਸ ਵਿਸ਼ਈ ਜੀਵ ਨੂੰ (ਭਾਵ ਮੈਨੂੰ ਮਾਇਆ ਤੋਂ) ਬਚਾ ਲਵੋ।੧।ਰਹਾਉ।(ਹੇ ਪ੍ਰਭੂ !) ਜਿਸ ਮਾਇਆ ਤੋਂ ਕੋਈ ਵੀ ਜੀਵ ਸੁਖੀ ਨਹੀਂ ਹੋਇਆ, ਮੈਂ ਉਸ ਮਾਇਆ ਦੇ ਪਿਛੇ ਜਾਂਦਾ ਹਾਂ (ਮਾਇਆ ਨੂੰ ਪ੍ਰਾਪਤ ਕਰਨ ਵਾਸਤੇ ਅਨੇਕਾਂ ਜਤਨ ਕਰਦਾ ਹਾਂ)। ਜਿਹੜੀ ਮਾਇਆ ਸਭ ਨੂੰ ਛਡ ਜਾਂਦੀ ਹੈ, ਮੈਂ ਮੁੜ ਮੁੜ (ਉਸ ਨਾਲ) ਚਿੰਬੜ ਰਿਹਾ ਹਾਂ।੧। ਹੇ ਦਇਆ ਦੇ ਮਾਲਕ ਪ੍ਰਭੂ ! (ਮੇਰੇ ਉਤੇ) ਕਿਰਪਾ ਕਰੋ, ਤਾਂ ਕਿ ਹੇ ਹਰੀ ! ਮੈਂ ਤੇਰੇ ਗੁਣ ਗਾਉਂਦਾ ਰਹਾਂ। ਹੇ ਪ੍ਰਭੂ ! ਨਾਨਕ ਦੀ (ਤੇਰੇ ਦਰ ਤੇ) ਬੇਨਤੀ ਹੈ ਕਿ ਮੈਂ ਸਾਧ ਸੰਗਤ ਵਿਚ ਮਿਲਿਆ ਰਹਾਂ।੨।੩।੪੩।

ਪਦਾਰਥ = ਜਿਨਿ–ਜਿਸ ਨੇ। ਮੋਹੇ–ਮੋਹ ਲਏ ਹਨ। ਬ੍ਰਹਮੰਡ–ਸਾਰੀ ਸ੍ਰਿਸਟੀ। ਖੰਡ–ਸਾਰੇ ਦੇਸ਼। ਤਾਹੂ ਮਹਿ–ਉਸੇ ਵਿਚ। ਪਾਉ–ਮੈਂ ਪੈ ਰਿਹਾ ਹਾਂ। ਬਿਖਈ ਜੀਉ–ਵਿਸ਼ੇ ਵਿਕਾਰਾਂ ਵਿਚ ਫਸੇ ਜੀਵ ਨੂੰ। ਨਾਉ–ਨਾਮ।੧।ਰਹਾਉ। ਜਾ ਤੇ–ਜਿਸ (ਮਾਇਆ) ਤੋਂ। ਕੋ–ਕੋਈ। ਤਾ ਕੈ–ਉਸ ਦੇ। ਜਾਉ–ਮੈਂ ਜਾਂਦਾ ਹਾਂ। ਸਗਲ ਕਉ–ਸਭ ਨੂੰ। ਫਿਰਿ ਫਿਰਿ–ਮੁੜ ਮੁੜ ਕੇ। ਲਪਟਾਉ–ਚਿੰਬੜ (ਫਸ) ਰਿਹਾ ਹਾਂ।੧। ਕਰਹੁ–ਕਰੋ। ਕਰੁਣਾਪਤੇ–ਹੇ ਦਇਆ ਦੇ ਮਾਲਕ !। ਗਾਉ–ਮੈਂ ਗਾਵਾਂ। ਸਮਾਉ–ਮਿਲਿਆ ਰਹਾਂ; ਟਿਕਿਆ ਰਹਾਂ।੨।੩।੪੩।

ਅੰਗ ੭੪੬ = ਰਾਗੁ ਸੂਹੀ ਮਹਲਾ ੫ ਘਰੁ ੫ ਪੜਤਾਲ ੴ ਸਤਿਗੁਰ ਪ੍ਰਸਾਦਿ ॥ ਪ੍ਰੀਤਿ ਪ੍ਰੀਤਿ ਗੁਰੀਆ, ਮੋਹਨ ਲਾਲਨਾ ॥ ਜਪਿ ਮਨ ਗੋਬਿੰਦ ਏਕੈ, ਅਵਰੁ ਨਹੀ ਕੋ ਲੇਖੈ, ਸੰਤ ਲਾਗੁ ,ਮਨਹਿ ਛਾਡੁ ਦੁਬਿਧਾ ਕੀ ਕੁਰੀਆ ॥੧॥ਰਹਾਉ॥ ਨਿਰਗੁਨ ਹਰੀਆ, ਸਰਗੁਨ ਧਰੀਆ, ਅਨਿਕ ਕੋਠਰੀਆ, ਭਿੰਨ ਭਿੰਨ ਭਿੰਨ ਭਿਨ ਕਰੀਆ ॥ ਵਿਚਿ ਮਨ ਕੋਟਵਰੀਆ ॥ ਨਿਜ ਮੰਦਰਿ ਪਿਰੀਆ ॥ ਤਹਾ ਆਨਦ ਕਰੀਆ ॥ ਨਹ ਮਰੀਆ ਨਹ ਜਰੀਆ ॥੧॥ ਕਿਰਤਨਿ ਜੁਰੀਆ, ਬਹੁ ਬਿਧਿ ਫਿਰੀਆ, ਪਰ ਕਉ ਹਿਰੀਆ ॥ ਬਿਖਨਾ ਘਿਰੀਆ ॥ ਅਬ ਸਾਧੂ ਸੰਗਿ ਪਰੀਆ ॥ ਹਰਿ ਦੁਆਰੈ ਖਰੀਆ ॥ ਦਰਸਨੁ ਕਰੀਆ ॥ ਨਾਨਕ ਗੁਰ ਮਿਰੀਆ ॥ ਬਹੁਰਿ ਨ ਫਿਰੀਆ ॥੨॥੧॥੪੪॥ (ਹੇ ਭਾਈ ! ਦੁਨੀਆਂ ਦੀਆਂ ਸਭ) ਪ੍ਰੀਤਾਂ ਵਿਚੋਂ (ਸਭ ਦੇ ਮਨ ਨੂੰ) ਮੋਹ ਲੈਣ ਵਾਲੇ ਪਿਆਰੇ ਪ੍ਰਭੂ ਦੀ ਪ੍ਰੀਤ ਵੱਡੀ ਹੈ। ਹੇ ਮਨ ! ਤੂੰ ਇਕ ਗੋਬਿੰਦ ਦਾ ਨਾਮ ਜਪ, (ਇਸ ਤੋਂ ਬਿਨਾ) ਹੋਰ ਕੋਈ ਕਰਮ ਲੇਖੇ ਵਿਚ ਨਹੀਂ ਪੈਂਦਾ, ਤੂੰ ਸੰਤਾਂ ਦੇ ਚਰਨੀਂ ਲੱਗ ਜਾ ਅਤੇ ਮਨ ਵਿਚੋਂ ਦੁਬਿਧਾ ਦੀ ਪਗਡੰਡੀ ਛਡ ਦੇਹ।੧।ਰਹਾਉ।(ਹੇ ਭਾਈ !) ਨਿਰਗੁਣ ਹਰੀ ਨੇ ਸਰਗੁਣ ਰੂਪ ਧਾਰਿਆ ਹੈ।(ਉਸ ਨੇ) ਅਨੇਕਾਂ ਸਰੀਰ ਰੂਪ ਕੋਠੜੀਆਂ ਵੱਖ ਵੱਖ (ਖਾਣੀਆਂ ਵਿਚ ਅਨੇਕਾਂ ਰੂਪਾਂ ਰੰਗਾਂ ਦੀਆਂ) ਬਣਾ ਦਿਤੀਆਂ ਹਨ। ਹਰ ਇਕ (ਸਰੀਰ) ਵਿਚ ਮਨ ਮੁਖੀ (ਕੋਤਵਾਲ) ਹੋ ਕੇ ਰਹਿੰਦਾ ਹੈ।(ਸਰੀਰ ਦੇ) ਅਪਣੇ ਮੰਦਰ ਵਿਚ ਪਤੀ (ਪ੍ਰਭੂ) ਦਾ ਵਾਸਾ ਹੈ। ਉਥੇ (ਉਹ ਪ੍ਰਭੂ ਇਦ੍ਰੀਆਂ ਰਾਹੀਂ) ਅਨੰਦ ਮਾਣਦਾ ਹੈ।(ਉਹ ਪ੍ਰਭੂ) ਨਾ ਮਰਦਾ ਹੈ, ਨਾ ਉਸ ਨੂੰ ਬੁਢੇਪਾ ਆਉਂਦਾ ਹੈ।੧।(ਮਨੁੱਖ) ਅਪਣੇ ਕੀਤੇ ਕੰਮਾਂ ਵਿਚ ਜੁੜਿਆ ਹੋਣ ਕਰਕੇ ਕਈ ਤਰ੍ਹਾਂ ਦੀਆਂ ਜੂਨਾਂ ਵਿਚ ਭਟਕਦਾ ਫਿਰਦਾ ਹੈ। ਵਿਸ਼ਿਆਂ ਵਿਚ ਘਿਰਿਆ ਹੋਇਆ ਪਰਾਏ ਧਨ ਪਦਾਰਥਾਂ ਨੂੰ ਚੁਰਾਉਂਦਾ ਹੈ।(ਇਹ ਜੀਵ ਜਦੋਂ) ਹੁਣ ਸਾਧ ਸੰਗਤ ਵਿਚ ਆ ਪਿਆ ਹੈ, (ਤਾਂ ਸਾਧ ਸੰਗ ਨੇ ਉਸ ਨੂੰ) ਹਰੀ ਦੇ ਦੁਆਰੇ ਖੜ੍ਹਾ ਦਿਤਾ।(ਜਿਥੇ ਉਹ ਪ੍ਰਭੂ ਦਾ) ਦਰਸ਼ਨ ਕਰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜਾ ਮਨੁੱਖ) ਗੁਰੂ ਨੂੰ ਮਿਲਿਆ ਹੈ, ਉਹ ਮੁੜ ਕੇ (ਜਨਮ ਮਰਣ ਦੇ ਗੇੜ ਵਿਚ) ਨਹੀਂ ਭਟਕਦਾ ਫਿਰਦਾ।੨।੧।੪੪।

ਪਦਾਰਥ = ਪੜਤਾਲ–ਗਾਉਣ ਸਮੇਂ ਮੁੜ ਮੁੜ ਤਾਲ ਪਰਤਾਏ ਜਾਣ ਨੂੰ ਪੜਤਾਲ ਕਹਿੰਦੇ ਹਨ। ਪ੍ਰੀਤਿ ਪ੍ਰੀਤਿ–ਪ੍ਰੀਤਾਂ ਵਿਚੋਂ ਪ੍ਰੀਤ। ਗੁਰੀਆ–ਵੱਡੀ; ਗੌਰਵਤਾ ਵਾਲੀ। ਮੋਹਨ–ਮੋਹ ਲੈਣ ਵਾਲਾ। ਲਾਲਨਾ–ਪਿਆਰਾ। ਮਨ–ਹੇ ਮਨ !। ਅਵਰੁ ਕੋ–ਕੋਈ ਹੋਰ। ਲੇਖੈ–ਗਿਣਤੀ ਵਿਚ। ਦੁਬਿਧਾ–ਮਨ ਦੀ ਡਾਵਾਂ ਡੋਲ ਹਾਲਤ। ਕੁਰੀਆ–ਪਗਡੰਡੀ; ਪਹੀ।੧।ਰਹਾਉ। ਨਿਰਗੁਨ–ਅਦ੍ਰਿਸ਼ਟ ਪ੍ਰਭੂ। ਹਰੀਆ–ਹਰੀ। ਸਰਗੁਨ ਧਰੀਆ–ਦਿਸਣ ਵਾਲਾ ਅਕਾਰ ਧਾਰਣ ਕੀਤਾ। ਕੋਠਰੀਆ–ਸਰੀਰ ਰੂਪ ਕੋਠੜੀਆਂ। ਭਿੰਨ ਭਿੰਨ–ਵੱਖ ਵੱਖ। ਕਰੀਆ–ਕਰ (ਬਣਾ) ਦਿਤੀਆਂ। ਕੋਟਵਰੀਆ–ਕੋਤਵਾਲ (ਮੁਖੀ)। ਨਿਜ ਮੰਦਰਿ–ਅਪਣੇ ਮੰਦਰ ਵਿਚ (ਜੀਵ ਦਾ ਸਰੀਰ ਪ੍ਰਭੂ ਦਾ ਅਪਣਾ ਮੰਦਰ ਹੈ)। ਪਿਰੀਆ–ਪਤੀ ਪ੍ਰਭੂ ਦਾ। ਤਹਾ–ਉਥੇ। ਕਰੀਆ–ਕਰਦਾ (ਮਾਣਦਾ) ਹੈ। ਨਹ ਮਰੀਆ–ਮਰਦਾ ਨਹੀਂ। ਜਰੀਆ–ਬੁਢੇਪਾ।

੧।ਕਿਰਤਨਿ ਜੁਰੀਆ–ਕੀਤੇ ਹੋਏ ਕੰਮਾਂ ਵਿਚ ਜੁੜਿਆ ਹੈ; ਕਰਮਾਂ ਦੇ ਸਬੰਧ ਕਰਕੇ।ਬਹੁ ਬਿਧਿ ਫਿਰੀਆ–ਬਹੁਤ ਤਰ੍ਹਾਂ ਦੀਆਂ (ਜੂਨਾਂ) ਵਿਚ ਭਟਕਦਾ ਫਿਰਦਾ ਹੈ।ਪਰ ਕਉ–ਪਰਾਏ (ਧਨ ਪਦਾਰਥਾਂ) ਨੂੰ। ਹਿਰੀਆ–ਚੁਰਾਉਂਦਾ ਹੈ; ਤੱਕਦਾ ਹੈ।ਬਿਖਨਾ ਘਿਰੀਆ –ਵਿਸ਼ਿਆਂ ਵਿਚ ਘਿਰਿਆ ਹੈ।ਅਬ–ਹੁਣ।ਪਰੀਆ–ਆ ਪਿਆ ਹੈ।ਦੁਆਰੈ–ਦਰ ਤੇ।ਖਰੀਆ–ਆ ਖਲੋਂਦਾ ਹੈ।ਕਰੀਆ–ਕਰਦਾ ਹੈ।ਗੁਰ ਮਿਰੀਆ–ਗੁਰੂ ਨੂੰ ਮਿਲਿਆ ਹੈ।ਬਹੁਰਿ–ਮੁੜ ਕੇ।੨।੧।੪੪।

ਸੂਹੀ ਮਹਲਾ ੫ ॥ ਰਾਸਿ ਮੰਡਲੁ ਕੀਨੋ ਆਖਾਰਾ ॥ ਸਗਲੋ ਸਾਜਿ ਰਖਿਓ ਪਾਸਾਰਾ ॥੧॥ਰਹਾਉ॥ ਬਹੁ ਬਿਧਿ ਰੂਪ ਰੰਗ ਆਪਾਰਾ ॥ ਪੇਖੈ ਖੁਸੀ ਭੋਗ ਨਹੀ ਹਾਰਾ ॥ ਸਭਿ ਰਸ ਲੈਤ ਬਸਤ ਨਿਰਾਰਾ ॥੧॥ ਬਰਨੁ ਚਿਹਨੁ ਨਾਹੀ ਮੁਖੁ ਨ ਮਾਸਾਰਾ ॥ ਕਹਨੁ ਨ ਜਾਈ ਖੇਲੁ ਤੁਹਾਰਾ ॥ ਨਾਨਕ ਰੇਣ ਸੰਤ ਚਰਨਾਰਾ ॥੨॥੨॥੪੫॥ (ਹੇ ਭਾਈ! ਪ੍ਰਭੂ ਨੇ ਜੋ) ਸੰਸਾਰ ਰਚਨਾ ਦਾ ਅਖਾੜਾ ਪੈਦਾ ਕੀਤਾ ਹੈ, (ਇਹ ਕ੍ਰਿਸ਼ਨ ਜੀ ਦੀ) ਰਾਸ ਪਾਉਣ ਦੇ ਮੰਡਪ ਵਾਂਗ ਹੈ।(ਇਹ) ਸਾਰਾ ਪਸਾਰਾ (ਪ੍ਰਭੂ ਨੇ ਆਪ) ਬਣਾ ਸਵਾਰ ਕੇ ਰੱਖਿਆ ਹੈ।੧।ਰਹਾਉ।(ਇਸ ਰਚਨਾ ਵਿਚ ਜੀਵਾਂ ਦੇ) ਬਹੁਤ ਤਰ੍ਹਾਂ ਦੇ ਰੂਪ ਹਨ ਅਤੇ ਬੇਅੰਤ ਰੰਗ ਹਨ।(ਜਿਨ੍ਹਾਂ ਨੂੰ ਪ੍ਰਭੂ) ਖੁਸ਼ੀ ਨਾਲ ਦੇਖਦਾ ਹੈ ਅਤੇ (ਇਸ ਨੂੰ ਉਹ) ਭੋਗਦਾ ਹੋਇਆ ਥੱਕਦਾ ਹਾਰਦਾ ਨਹੀਂ। ਸਭ ਰਸ ਲੈਂਦਾ ਹੋਇਆ (ਫਿਰ ਵੀ ਸਭ ਤੋਂ) ਅਲੱਗ ਵਸਦਾ ਹੈ।੧।(ਹੇ ਪ੍ਰਭੂ! ਤੇਰਾ ਕੋਈ) ਰੰਗ ਨਹੀਂ ਤੇ ਨਾ ਹੀ ਚਿੰਨ੍ਹ ਹੈ, ਨਾ ਮੂੰਹ ਹੈ ਤੇ ਨਾ ਦਾੜ੍ਹਾ ਹੈ।ਤੇਰਾ ਖੇਲ ਬਿਆਨ ਨਹੀਂ ਕੀਤਾ ਜਾ ਸਕਦਾ।ਨਾਨਕ ਤੇਰੇ ਸੰਤਾਂ ਦੇ ਚਰਨਾਂ ਦੀ ਧੂੜ ਹੈ।੨।੨।੪੫।

ਪਦਾਰਥ = ਰਾਸਿ ਮੰਡਲੁ–ਰਾਸ ਪਾਉਣ ਵਾਲੀ ਥਾਂ।ਕੀਨੋ–ਪੈਦਾ ਕੀਤਾ ਹੈ।ਆਖਾਰਾ–ਸੰਸਾਰ ਰਚਨਾ ਦਾ ਅਖਾੜਾ।ਸਗਲੋ ਪਾਸਾਰਾ ਸਾਰਾ ਜਗਤ ਪਸਾਰਾ।ਸਾਜਿ ਰਖਿਓ–ਬਣਾ ਸਵਾਰ ਕੇ ਰੱਖਿਆ ਹੈ।੧।ਰਹਾਉ।ਬਹੁ ਬਿਧਿ–ਬਹੁਤ ਤਰ੍ਹਾਂ ਦਾ।ਰੂਪ–ਸ਼ਕਲਾਂ।ਰੰਗ–ਕਾਲਾ ਪੀਲਾ ਆਦਿ ਰੰਗ।ਆਪਾਰਾ–ਬੇਅੰਤ।ਪੇਖੈ–ਦੇਖਦਾ ਹੈ।ਨਹੀ ਹਾਰਾ–ਥੱਕਦਾ ਹਾਰਦਾ ਨਹੀਂ।ਲੈਤ–ਲੈਂਦਾ ਹੋਇਆ।ਬਸਤ ਨਿਰਾਰਾ–ਅਲੱਗ (ਨਿਰਲੇਪ) ਵਸਦਾ ਹੈ।੧।ਬਰਨੁ–ਰੰਗ।ਚਿਹਨੁ–ਚਿੰਨ੍ਹ।ਮੁਖੁ–ਮੂੰਹ।ਮਾਸਾਰਾ–ਦਾੜ੍ਹਾ; ਮਾਸ ਵਾਲਾ ਸਰੀਰ। ਤੁਹਾਰਾ–ਤੇਰਾ।ਰੇਣ–ਧੂੜ।ਚਰਨਾਰਾ–ਚਰਨਾਂ ਦੀ।੨।੨।੪੫।

ਸੂਹੀ ਮਹਲਾ ੫ ॥ ਤਉ ਮੈ ਆਇਆ ਸਰਨੀ ਆਇਆ ॥ ਭਰੋਸੈ ਆਇਆ ॥ ਕਿਰਪਾ ਆਇਆ ॥ ਜਿਉ ਭਾਵੈ ਤਿਉ ਰਾਖਹੁ ਸੁਆਮੀ, ਮਾਰਗੁ ਗੁਰਹਿ ਪਠਾਇਆ ॥੧।ਰਹਾਉ॥ ਮਹਾ ਦੁਤਰੁ ਮਾਇਆ ॥ ਜੈਸੇ ਪਵਨੁ ਝੁਲਾਇਆ ॥੧॥ ਸੁਨਿ ਸੁਨਿ ਹੀ ਡਰਾਇਆ ॥ ਕਰਰੋ ਧ੍ਰਮਰਾਇਆ ॥੨॥ ਗ੍ਰਿਹ ਅੰਧ ਕੂਪਾਇਆ ॥ ਪਾਵਕੁ ਸਗਰਾਇਆ ॥੩॥ ਗਹੀ ਓਟ ਸਾਧਾਇਆ ॥ ਨਾਨਕ ਹਰਿ ਧਿਆਇਆ ॥ ਅਬ ਮੈ ਪੂਰਾ ਪਾਇਆ ॥੪॥੩॥੪੬॥ (ਹੇ ਪ੍ਰਭੂ!) ਮੈਂ ਤੇਰੇ ਪਾਸ ਆਇਆ ਹਾਂ, ਤੇਰੀ ਸ਼ਰਨ ਵਿਚ ਜੋ ਮੈਂ ਆਇਆ ਹਾਂ, ਭਰੋਸੇ ਨਾਲ ਹੀ ਆਇਆ ਹਾਂ।ਅਤੇ ਤੇਰੀ ਕ੍ਰਿਪਾ ਨਾਲ ਆਇਆ ਹਾਂ।ਹੇ ਮਾਲਕ ਪ੍ਰਭੂ! ਜਿਵੇਂ ਤੈਨੂੰ ਚੰਗਾ ਲੱਗੇ, ਤਿਵੇਂ ਤੂੰ ਮੈਨੂੰ ਰੱਖ, ਗੁਰੂ ਨੇ ਮੈਨੂੰ ਤੇਰੇ ਰਸਤੇ ਤੇ ਭੇਜਿਆ ਹੈ।੧।ਰਹਾਉ।(ਹੇ ਪ੍ਰਭੂ!) ਮਾਇਆ (ਸਮੁੰਦਰ ਦੀ ਨਿਆਈਂ ਹੈ), ਇਸ ਨੂੰ ਤਰਨਾ ਬਹੁਤ ਔਖਾ ਹੈ।ਜਿਵੇਂ ਹਵਾ ਜੋਰ ਨਾਲ ਝੋਲੇ ਦੇਂਦੀ ਹੈ (ਤਿਵੇਂ ਮਾਇਆ ਜੀਵਾਂ ਨੂੰ ਉਡਾਈ ਫਿਰਦੀ ਹੈ)।੧।ਮੈਨੂੰ ਇਹ ਸੁਣ ਸੁਣ ਕੇ ਬਹੁਤ ਡਰ ਆ ਰਿਹਾ ਹੈ ਕਿ ਧਰਮਰਾਇ ਬਹੁਤ ਸਖਤ (ਸੁਭਾਵ ਵਾਲਾ) ਹੈ।੨।(ਹੇ ਭਾਈ!) ਸੰਸਾਰ ਅੰਨ੍ਹਾ (ਹਨ੍ਹੇਰਾ) ਖੂਹ ਹੈ।ਇਹ ਸਾਰਾ ਤ੍ਰਿਸ਼ਨਾ ਦੀ ਅੱਗ ਹੈ; ਅੱਗ ਦਾ ਸਮੁੰਦਰ ਹੈ (ਸੰ.ਸ.; ਫ.ਸ.; ਮ.ਕੋ.)।੩।ਨਾਨਕ ਗੁਰੂ ਜੀ ਆਖਦੇ ਹਨ ਕਿ (ਮਾਇਆ ਦੇ ਬਚਾਉ ਲਈ) ਮੈਂ ਸਾਧ ਗੁਰੂ ਦੀ ਓਟ ਫੜੀ ਹੈ।(ਗੁਰੂ ਦੀ ਸ਼ਰਨ ਵਿਚ ਪੈ ਕੇ ਮੈਂ) ਹਰੀ ਨੂੰ ਸਿਮਰਿਆ ਹੈ। (ਸਿਮਰਨ ਦਾ ਸਦਕਾ) ਹੁਣ ਮੈਂ ਪੂਰਾ ਪ੍ਰਭੂ ਪਾ ਲਿਆ ਹੈ।੪।੩।੪੬।

ਪਦਾਰਥ = ਤਉ–ਤੇਰੀ।ਸਰਨੀ–ਸ਼ਰਨ ਵਿਚ।ਭਰੋਸੈ–ਭਰੋਸੇ ਨਾਲ।ਭਾਵੈ–ਚੰਗਾ ਲੱਗੇ।ਰਾਖਹੁ–ਰੱਖ; ਰੱਖਿਆ ਕਰ।ਸੁਆਮੀ–ਹੇ ਮਾਲਕ!।ਮਾਰਗੁ–ਰਸਤਾ।ਗੁਰਹਿ–ਗੁਰੂ ਨੇ।ਪਠਾਇਆ–ਭੇਜਿਆ ਹੈ।੧।ਰਹਾਉ।ਮਹਾ ਦੁਤਰੁ–ਤਰਨਾ ਬਹੁਤ ਔਖਾ ਹੈ।ਪਵਨੁ–ਹਵਾ।ਝੁਲਾਇਆ–ਹੁਲ੍ਹਾਰੇ ਦੇਂਦੀ ਹੈ {ਪਵਨ ਝੁਲਾਰੇ ਮਾਇਆ ਦੇਇ ੮੦੧}।੧।ਸੁਨਿ–ਸੁਣ ਕੇ।ਡਰਾਇਆ–ਡਰ ਲਗਦਾ ਹੈ।ਕਰਰੋ –ਕਰੜਾ।੨।ਗ੍ਰਿਹ–ਘਰ; ਸੰਸਾਰ।ਅੰਧ–ਅੰਨ੍ਹਾਂ; ਹਨ੍ਹੇਰਾ।ਕੂਪਾਇਆ–ਖੂਹ।ਪਾਵਕੁ–ਅੱਗ।ਸਗਰਾਇਆ–ਸਮੁੰਦਰ; ਸਾਰਾ।੩। ਗਹੀ–ਫੜੀ ਹੈ।ਸਾਧਾਇਆ–ਸਾਧ ਗੁਰੂ ਦੀ।ਅਬ–ਹੁਣ।ਪੂਰਾ–ਪੂਰਨ ਪ੍ਰਭੂ।੪।੩।੪੬।

ਰਾਗੁ ਸੂਹੀ ਮਹਲਾ ੫ ਘਰੁ ੬ ੴ ਸਤਿਗੁਰ ਪ੍ਰਸਾਦਿ ॥ ਸਤਿਗੁਰ ਪਾਸਿ ਬੇਨੰਤੀਆ, ਮਿਲੈ ਨਾਮੁ ਆਧਾਰਾ ॥ ਤੁਠਾ ਸਚਾ ਪਾਤਸ਼ਾਹੁ ,ਤਾਪੁ ਗਇਆ ਸੰਸਾਰਾ ॥੧॥ ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ,ਸਚਾ ਸਿਰਜਨਹਾਰਾ ॥੧॥ਰਹਾਉ॥ ਸਚੁ ਤੇਰੀ ਸਾਮਗਰੀ, ਸਚੁ ਤੇਰਾ ਦਰਬਾਰਾ ॥ ਸਚੁ ਤੇਰੇ ਖਾਜੀਨਿਆ, ਸਚੁ ਤੇਰਾ ਪਾਸਾਰਾ ॥੨॥ ਤੇਰਾ ਰੂਪੁ ਅਗੰਮੁ ਹੈ, ਅਨੂਪੁ ਤੇਰਾ ਦਰਸਾਰਾ

॥ ਹਉ ਕੁਰਬਾਣੀ ਤੇਰਿਆ ਸੇਵਕਾ, ਜਿਨ੍ ਹਰਿ ਨਾਮੁ ਪਿਆਰਾ ॥੩॥ ਸਭੇ ਇਛਾ ਪੂਰੀਆ, ਜਾ ਪਾਇਆ ਅਗਮ ਅਪਾਰਾ ॥ (ਹੇ ਭਾਈ! ਮੈਂ) ਸਤਿਗੁਰੂ ਪਾਸ ਬੇਨਤੀ ਕਰਦਾ ਹਾਂ ਕਿ ਮੈਨੂੰ (ਪ੍ਰਭੂ ਦਾ) ਨਾਮ ਮਿਲ ਜਾਵੇ, (ਇਹ ਨਾਮ ਹੀ ਮੇਰੇ ਜੀਵਨ ਦਾ) ਆਸਰਾ ਹੈ। ਸੱਚਾ ਪਾਤਸ਼ਾਹ (ਮੇਰੀ ਬੇਨਤੀ ਸੁਣ ਕੇ ਜਦ) ਮੇਹਰਵਾਨ ਹੋਇਆ, ਤਾਂ ਸੰਸਾਰ ਵਾਲਾ ਮੇਰਾ ਤਾਪ ਦੂਰ ਹੋ ਗਿਆ।੧। ਹੇ ਸੰਸਾਰ ਨੂੰ ਪੈਦਾ ਕਰਨ ਵਾਲੇ ਸੱਚੇ ਪ੍ਰਭੂ! ਤੂੰ ਭਗਤਾਂ ਦੀ ਟੇਕ ਹੈਂ ਅਤੇ ਤੂੰ ਹੀ ਸੰਤਾਂ ਦਾ ਆਸਰਾ ਹੈਂ।੧। ਰਹਾਉ। (ਹੇ ਪ੍ਰਭੂ!) ਤੇਰੀ ਸਮੱਗਰੀ ਸੱਚੀ ਹੈ ਅਤੇ ਤੇਰਾ ਦਰਬਾਰ ਵੀ ਸੱਚਾ ਹੈ (ਜਿੱਥੋਂ ਤੂੰ ਸੰਸਾਰ ਦਾ ਸਾਰਾ ਪ੍ਰਬੰਧ ਚਲਾ ਰਿਹਾ ਹੈਂ)। ਤੇਰੇ ਖਜਾਨੇ ਸੱਚੇ ਹਨ ਅਤੇ ਤੇਰਾ ਸੰਸਾਰ ਪਸਾਰਾ ਵੀ ਸੱਚਾ ਹੈ।੨। (ਹੇ ਪ੍ਰਭੂ!) ਤੇਰਾ ਸਰੂਪ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ ਅਤੇ ਤੇਰਾ ਦਰਸ਼ਨ ਉਪਮਾ ਤੋਂ ਰਹਿਤ (ਬੇ ਮਿਸਾਲ) ਹੈ। ਹੇ ਹਰੀ! ਮੈਂ ਤੇਰੇ ਸੇਵਕਾਂ ਤੋਂ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਨੂੰ ਤੇਰਾ ਨਾਮ ਪਿਆਰਾ ਲਗਦਾ ਹੈ।੩। ਮਨ ਬਾਣੀ ਦੀ ਪਹੁੰਚ ਤੋਂ ਪਰੇ ਬੇਅੰਤ ਪ੍ਰਭੂ ਦਾ ਜਦ ਤੋਂ ਦਰਸ਼ਨ ਪਾਇਆ, ਮੇਰੀਆਂ ਸਾਰੀਆਂ ਇੱਛਾਵਾਂ ਪੂਰੀਆਂ ਹੋ ਗਈਆਂ।

ਅੰਗ ੭੪੭ = ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ ,ਤੇਰਿਆ ਚਰਣਾ ਕਉ ਬਲਿਹਾਰਾ ॥੪॥੧॥੪੭॥ ਪਾਰਬ੍ਰਹਮ ਸਰੂਪ ਗੁਰੂ ਨਾਨਕ ਦੇਵ ਜੀ ਮੈਨੂੰ ਮਿਲ ਪਏ ਹਨ, (ਹੇ ਗੁਰੂ ਨਾਨਕ ਦੇਵ ਜੀ!) ਮੈਂ ਤੇਰੇ ਚਰਨਾਂ ਤੋਂ ਸਦਕੇ ਜਾਂਦਾ ਹਾਂ।੪।੧।੪੭।

ਜਿਸ ਸਤਿਗੁਰੂ ਪਾਸ ਬੇਨਤੀਆਂ ਕੀਤੀਆਂ ਹਨ, ਉਹ ਗੁਰੂ ਨਾਨਕ ਦੇਵ ਜੀ ਹਨ, ਜੋ ਪਾਰਬ੍ਰਹਮ ਨੂੰ ਮਿਲੇ ਹਨ। ਉਨ੍ਹਾਂ ਦੇ ਦਰਸ਼ਨ ਕਰਕੇ ਸਾਰੀਆਂ ਇੱਛਾਵਾਂ ਪੂਰੀਆਂ ਹੋ ਗਈਆਂ ਹਨ, ਹੇ ਸਤਿਗੁਰੂ! ਮੈਂ ਤੇਰੇ ਚਰਣਾਂ ਤੋਂ ਬਲਿਹਾਰ ਹਾਂ। (ਮੇਰਾ ਖਿਆਲ)

ਪਦਾਰਥ = ਆਧਾਰਾ–ਆਸਰਾ। ਤੁਠਾ–ਮੇਹਰਵਾਨ ਹੋਇਆ; ਪ੍ਰਸਨ ਹੋਇਆ। ਤਾਪੁ–ਸੰਤਾਪ; ਦੁਖ। ਸੰਸਾਰਾ–ਸੰਸਾਰ ਦਾ।੧। ਟੇਕ–ਆਸਰਾ। ਓਟ–ਆਸਰਾ। ਸਿਰਜਨਹਾਰਾ–ਸੰਸਾਰ ਨੂੰ ਪੈਦਾ ਕਰਨ ਵਾਲਾ ਪ੍ਰਭੂ।੧। ਰਹਾਉ। ਸਾਮਗਰੀ–ਸੰਸਾਰ ਦਾ ਪ੍ਰਬੰਧ ਚਲਾਉਣ ਵਾਲੇ ਸਾਧਨ। ਦਰਬਾਰਾ–ਦਰਬਾਰ। ਖਾਜੀਨਿਆ–ਖਜਾਨੇ। ਪਾਸਾਰਾ–ਸੰਸਾਰ ਪਸਾਰਾ।੨। ਰੂਪੁ–ਸਰੂਪ। ਅਗੰਮੁ–ਮਨ ਬਾਣੀ ਦੀ ਪਹੁੰਚ ਤੋਂ ਪਰੇ (ਜਿਥੇ ਪੁਜਣਾ ਔਖਾ ਹੈ)। ਅਨੂਪੁ–ਉਪਮਾ ਤੋਂ ਰਹਿਤ (ਬੇ ਮਿਸਾਲ)। ਦਰਸਾਰਾ–ਦਰਸ਼ਨ। ਹਉ–ਮੈਂ। ਜਿਨ੍–ਜਿਨ੍ਹਾਂ ਨੂੰ।੩। ਜਾ–ਜਦੋਂ। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਪਾਰਾ–ਬੇਅੰਤ। ਕਉ–ਨੂੰ; ਤੋਂ।੪।੧।੪੭।

ਰਾਗੁ ਸੂਹੀ ਮਹਲਾ ੫ ਘਰੁ ੭ ੴ ਸਤਿਗੁਰ ਪ੍ਰਸਾਦਿ ॥ ਤੇਰਾ ਭਾਣਾ ਤੂਹੈ ਮਨਾਇਹਿ, ਜਿਸ ਨੋ ਹੋਹਿ ਦਇਆਲਾ ॥ ਸਾਈ ਭਗਤਿ ਜੋ ਤੁਧੁ ਭਾਵੈ, ਤੂੰ ਸਰਬ ਜੀਆ ਪ੍ਰਤਿਪਾਲਾ ॥੧॥ ਮੇਰੇ ਰਾਮ ਰਾਇ, ਸੰਤਾ ਟੇਕ ਤੁਮ੍ਾਰੀ ॥ ਜੋ ਤੁਧੁ ਭਾਵੈ ਸੋ ਪਰਵਾਣੁ , ਮਨਿ ਤਨਿ ਤੂਹੈ ਅਧਾਰੀ ॥੧॥ਰਹਾਉ॥ ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾਨਿਧਿ, ਮਨਸਾ ਪੂਰਣਹਾਰਾ ॥ ਭਗਤ ਤੇਰੇ ਸਭਿ ਪ੍ਰਾਣਪਤਿ ਪ੍ਰੀਤਮ, ਤੂੰ ਭਗਤਨ ਕਾ ਪਿਆਰਾ ॥੨॥ ਤੂ ਅਥਾਹੁ ਅਪਾਰੁ ਅਤਿ ਊਚਾ, ਕੋਈ ਅਵਰੁ ਨ ਤੇਰੀ ਭਾਤੇ ॥ ਇਹ ਅਰਦਾਸਿ ਹਮਾਰੀ ਸੁਆਮੀ, ਵਿਸਰੁ ਨਾਹੀ ਸੁਖ ਦਾਤੇ ॥੩॥ ਦਿਨੁ ਰੈਣਿ ਸਾਸਿ ਸਾਸਿ ਗੁਣ ਗਾਵਾ, ਜੇ ਸੁਆਮੀ ਤੁਧੁ ਭਾਵਾ ॥ ਨਾਮੁ ਤੇਰਾ ਸੁਖੁ ਨਾਨਕੁ ਮਾਗੈ, ਸਾਹਿਬੁ ਤੁਠੈ ਪਾਵਾ ॥੪॥੧॥੪੮॥ (ਹੇ ਪ੍ਰਭੂ!) ਜਿਸ ਮਨੁੱਖ ਉਤੇ ਤੂੰ ਦਇਆਵਾਨ ਹੁੰਦਾ ਹੈਂ, ਤੇਰਾ ਭਾਣਾ (ਉਸ ਪਾਸੋਂ) ਤੂੰ ਆਪ ਹੀ ਮਨਵਾ ਲੈਂਦਾ ਹੈਂ। ਉਹ ਹੀ ਅਸਲੀ ਭਗਤੀ ਹੈ, ਜੋ ਤੈਨੂੰ ਚੰਗੀ ਲਗਦੀ ਹੈ, ਤੂੰ ਸਾਰੇ ਜੀਵਾਂ ਦੀ ਪਾਲਣਾ ਕਰਨ ਵਾਲਾ ਹੈਂ।੧। ਹੇ ਮੇਰੇ ਰਾਮ ਰਾਜੇ! ਸੰਤਾਂ ਨੂੰ ਤੇਰਾ ਹੀ ਸਹਾਰਾ ਹੈ। ਜੋ ਤੈਨੂੰ ਚੰਗਾ ਲਗਦਾ ਹੈ, ਸੰਤਾਂ ਨੂੰ ਉਹ ਹੀ ਪ੍ਰਵਾਨ ਹੁੰਦਾ ਹੈ, (ਸੰਤਾਂ ਦੇ) ਮਨ ਵਿਚ ਤੇ ਤਨ ਵਿਚ ਤੂੰ ਹੀ ਆਸਰਾ ਹੈਂ।੧। ਰਹਾਉ। (ਹੇ ਪ੍ਰਭੂ!) ਤੂੰ ਦਇਆ ਦਾ ਘਰ ਹੈਂ, ਕ੍ਰਿਪਾ ਦਾ ਘਰ ਹੈਂ, ਕ੍ਰਿਪਾ ਦਾ ਖਜਾਨਾ ਹੈਂ ਅਤੇ (ਜੀਵਾਂ ਦੀਆਂ) ਇਛਾਵਾਂ ਪੂਰੀਆਂ ਕਰਨ ਵਾਲਾ ਹੈਂ। ਹੇ ਪ੍ਰਾਣਾਂ ਦੇ ਮਾਲਕ! ਸਾਰੇ ਭਗਤ ਤੇਰੇ ਪਿਆਰੇ ਹਨ ਅਤੇ ਤੂੰ ਭਗਤਾਂ ਦਾ ਪਿਆਰਾ ਹੈਂ।੨। (ਹੇ ਪ੍ਰਭੂ!) ਤੂੰ ਅਥਾਹ ਹੈਂ, ਬੇਅੰਤ ਹੈਂ, ਬਹੁਤ ਉਚਾ ਹੈਂ, ਹੋਰ ਕੋਈ ਵੀ ਤੇਰਾ ਵਰਗਾ ਨਹੀਂ ਹੈ। ਹੇ ਸੁਆਮੀ! ਹੇ ਸੁਖਾਂ ਦੇ ਦਾਤੇ! ਸਾਡੀ ਇਹ ਆਰਦਾਸ ਹੈ ਕਿ (ਤੂੰ ਸਾਡੇ ਮਨ ਵਿਚੋਂ ਕਦੇ ਵੀ) ਨਾ ਭੁੱਲ ਸਕੇਂ।੩। ਹੇ ਸੁਆਮੀ! ਜੇ ਮੈਂ ਤੈਨੂੰ ਭਾ ਜਾਵਾਂ, ਤਾਂ ਦਿਨ ਰਾਤ ਸੁਆਸ ਸੁਆਸ ਤੇਰੇ ਗੁਣ ਗਾਉਂਦਾ ਰਹਾਂ। ਨਾਨਕ (ਤੇਰੇ ਪਾਸੋਂ) ਨਾਮ ਮੰਗਦਾ ਹੈ (ਇਹੀ ਮੇਰੇ ਲਈ) ਸੁਖ ਹੈ, (ਪਰ) ਹੇ ਮਾਲਕ! ਜੇ ਤੂੰ ਪ੍ਰਸੰਨ ਹੋਵੇਂ ਤਾਂ (ਮੈਂ ਇਹ ਦਾਤ) ਪ੍ਰਾਪਤ ਕਰ ਸਕਦਾ ਹਾਂ।੪।੧।੪੮।

ਪਦਾਰਥ = ਤੂਹੈ–ਤੂੰ ਆਪ ਹੀ। ਮਨਾਇਹਿ–ਮਨਵਾ ਲੈਂਦਾ ਹੈਂ। ਜਿਸ ਨੋ–ਜਿਸ ਉਤੇ। ਹੋਹਿ ਦਇਆਲਾ–ਤੂੰ ਦਇਆਵਾਨ ਹੁੰਦਾ ਹੈਂ। ਸਾਈ–ਉਹ ਹੀ। ਤੁਧੁ ਭਾਵੈ–ਤੈਨੂੰ ਚੰਗੀ ਲਗਦੀ ਹੈ। ਸਰਬ ਜੀਆ–ਸਾਰੇ ਜੀਵਾਂ ਦੀ। ਪ੍ਰਤਿਪਾਲਾ–ਪਾਲਣਾ ਕਰਨ ਵਾਲਾ ਹੈਂ।੧। ਰਾਮ ਰਾਇ–ਹੇ ਪ੍ਰਭੂ ਪਾਤਸ਼ਾਹ!। ਟੇਕ–ਆਸਰਾ। ਸੋ–ਉਹ। ਮਨਿ–ਮਨ ਵਿਚ। ਤਨਿ–ਸਰੀਰ ਵਿਚ। ਅਧਾਰੀ–ਆਸਰਾ ਹੈਂ।੧। ਰਹਾਉ। ਕ੍ਰਿਪਾ ਨਿਧਿ–ਕ੍ਰਿਪਾ ਦਾ ਖਜਾਨਾ। ਮਨਸਾ–ਇੱਛਾਵਾਂ। ਪੂਰਣਹਾਰਾ–ਪੂਰੀਆਂ ਕਰਨ ਵਾਲਾ। ਪ੍ਰਾਣਪਤਿ–ਹੇ ਪ੍ਰਾਣਾਂ ਦੇ ਮਾਲਕ!। ਪ੍ਰੀਤਮ –ਪਿਆਰਾ।੨। ਅਥਾਹੁ–ਬਹੁਤ ਡੂੰਘਾ। ਅਪਾਰੁ–ਬੇਅੰਤ। ਅਤਿ–ਬਹੁਤ। ਅਵਰੁ–ਹੋਰ। ਤੇਰੀ ਭਾਤੇ–ਤੇਰੀ ਭਾਂਤ ਦਾ (ਤੇਰੇ ਵਰਗਾ)।

ਸੁਆਮੀ–ਹੇ ਮਾਲਕ ਪ੍ਰਭੂ !।ਵਿਸਰ ਨਾਹੀ–ਨਾ ਭੁੱਲੇਂ।੩।ਰੈਣਿ–ਰਾਤ।ਸਾਸਿ ਸਾਸਿ–ਹਰੇਕ ਸਾਹ ਨਾਲ।ਗਾਵਾ–ਗਾਉਂਦਾ ਰਹਾਂ।ਤੁਧੁ ਭਾਵਾ–ਜੇ ਤੈਨੂੰ ਚੰਗਾ ਲੱਗਾਂ।ਸਾਹਿਬ ਤੁਠੈ–ਪ੍ਰਸੰਨ ਹੋ ਜਾਵੇਂ।ਪਾਵਾ–ਮੈਂ ਪ੍ਰਾਪਤ ਕਰ ਸਕਦਾ ਹਾਂ।੪।੧।੪੮।

ਸੂਹੀ ਮਹਲਾ ੫ ॥ ਵਿਸਰਹਿ ਨਾਹੀ ਜਿਤੁ ਤੂ ਕਬ ਹੂ ,ਸੋ ਥਾਨੁ ਤੇਰਾ ਕੇਹਾ ॥ ਆਠ ਪਹਰ ਜਿਤੁ ਤੁਧੁ ਧਿਆਈ, ਨਿਰਮਲ ਹੋਵੈ ਦੇਹਾ ॥੧॥ ਮੇਰੇ ਰਾਮ, ਹਉ ਸੋ ਥਾਨੁ ਭਾਲਣ ਆਇਆ ॥ ਖੋਜਤ ਖੋਜਤ ਭਇਆ ਸਾਧ ਸੰਗੁ ,ਤਿਨ੍ ਸਰਣਾਈ ਪਾਇਆ ॥੧॥ਰਹਾਉ ॥ ਬੇਦ ਪੜੇ ਪੜਿ ਬ੍ਰਹਮੇ ਹਾਰੇ ,ਇਕੁ ਤਿਲੁ ਨਹੀ ਕੀਮਤਿ ਪਾਈ ॥ ਸਾਧਿਕ ਸਿਧ ਫਿਰਹਿ ਬਿਲਲਾਤੇ, ਤੇ ਭੀ ਮੋਹੇ ਮਾਈ ॥੨॥ ਦਸ ਅਉਤਾਰ ਰਾਜੇ ਹੋਇ ਵਰਤੇ, ਮਹਾਦੇਵ ਅਉਧੂਤਾ ॥ ਤਿਨ੍ ਭੀ ਅੰਤੁ ਨ ਪਾਇਓ ਤੇਰਾ, ਲਾਇ ਥਕੇ ਬਿਭੂਤਾ ॥੩॥ ਸਹਜ ਸੂਖ ਆਨੰਦ ਨਾਮ ਰਸ, ਹਰਿ ਸੰਤੀ ਮੰਗਲੁ ਗਾਇਆ ॥ ਸਫਲ ਦਰਸਨੁ ਭੇਟਿਓ ਗੁਰ ਨਾਨਕ, ਤਾ ਮਨਿ ਤਨਿ ਹਰਿ ਹਰਿ ਧਿਆਇਆ ॥੪॥੨॥੪੯॥ (ਹੇ ਪ੍ਰਭੂ !) ਤੇਰਾ ਥਾਂ ਉਹ ਕਿਹੜਾ ਹੈ; ਤੇਰਾ ਉਹ (ਸਾਧ ਸੰਗਤ ਰੂਪ) ਅਸਥਾਨ ਕਿਹੋ ਜਿਹਾ (ਅਸਚਰਜ ਅਤੇ ਸੁੰਦਰ) ਹੈ? ਜਿਸ ਥਾਂ ਤੇ ਬੈਠਿਆਂ ਤੂੰ ਕਦੇ ਵੀ ਭੁਲਦਾ ਨਹੀਂ।ਜਿਥੇ (ਪਹੁੰਚ ਕੇ) ਮੈਂ ਅੱਠੇ ਪਹਿਰ ਤੈਨੂੰ ਸਿਮਰਦਾ ਰਹਾਂ, (ਤਾਂ ਕਿ ਮੇਰਾ) ਸਰੀਰ ਪਵਿਤ੍ਰ ਹੋ ਜਾਵੇ।੧।ਹੇ ਮੇਰੇ ਵਾਹਿਗੁਰੂ ! ਮੈਂ ਉਹ ਅਸਥਾਨ ਭਾਲਣ ਆਇਆ ਹਾਂ।ਖੋਜਦਿਆਂ ਖੋਜਦਿਆਂ ਮੈਨੂੰ ਸਾਧ ਸੰਗ ਪ੍ਰਾਪਤ ਹੋਇਆ ਹੈ, ਉਨ੍ਹਾਂ ਦੀ ਸ਼ਰਣ ਵਿਚ ਆ ਕੇ ਮੈਂ (ਤੈਨੂੰ) ਪਾ ਲਿਆ ਹੈ।੧।ਰਹਾਉ।(ਹੇ ਪ੍ਰਭੂ !) ਬੇਦਾਂ ਨੂੰ ਪੜ੍ਹ ਪੜ੍ਹ ਕੇ ਬ੍ਰਹਮੇ ਵਰਗੇ ਥੱਕ ਹਾਰ ਗਏ, (ਉਨ੍ਹਾਂ ਨੇ) ਇਕ ਤਿਲ ਮਾਤ੍ਰ ਵੀ ਤੇਰੀ ਕੀਮਤ ਨਹੀਂ ਪਾਈ।ਸਾਧਨਾ ਕਰਨ ਵਾਲੇ ਅਭਿਆਸੀ ਅਤੇ ਚੁਰਾਸੀ ਸਿੱਧ ਵਿਲਕਦੇ ਫਿਰਦੇ ਰਹੇ ਹਨ, ਉਹ ਵੀ ਮਾਇਆ ਨੇ ਮੋਹ ਲਏ ਸਨ।੨।(ਆਪੋ ਅਪਣੇ ਜੁਗਾਂ ਵਿਚ ਵਿਸ਼ਨੂੰ ਦੇ) ਦਸ ਅਵਤਾਰ ਰਾਜੇ ਹੋ ਕੇ ਵਰਤਦੇ ਰਹੇ ਹਨ ਅਤੇ ਸ਼ਿਵ ਜੀ ਵਰਗੇ ਅਨੇਕਾਂ ਤਿਆਗੀ ਹੋਏ ਹਨ।(ਹੇ ਪ੍ਰਭੂ !) ਉਨ੍ਹਾਂ ਨੇ ਵੀ ਤੇਰਾ ਅੰਤ ਨਹੀਂ ਪਾਇਆ ਅਤੇ (ਕਈ ਹੋਰ ਵੀ ਅਪਣੇ ਪਿੰਡੇ ਤੇ) ਸੁਆਹ ਲਾ ਕੇ ਥਕ ਗਏ ਹਨ।੩।ਜਿਨ੍ਹਾਂ ਸੰਤਾਂ ਨੇ ਹਰੀ ਦਾ ਮੰਗਲ ਮਈ ਜਸ ਗਾਇਆ ਹੈ, (ਉਨ੍ਹਾਂ ਨੇ) ਸਹਿਜ ਅਵਸਥਾ ਦਾ ਸੁਖ ਅਤੇ ਨਾਮ ਰਸ ਦਾ ਅਨੰਦ ਮਾਣਿਆ ਹੈ।(ਜਦੋਂ ਉਨ੍ਹਾਂ ਸੰਤਾਂ ਨੂੰ) ਗੁਰੂ ਨਾਨਕ ਦੇਵ ਜੀ ਦਾ ਸਫਲ ਦਰਸ਼ਨ ਮਿਲਿਆ, ਤਾਂ (ਉਨ੍ਹਾਂ ਨੇ ਅਪਣੇ) ਮਨ ਕਰਕੇ ਅਤੇ ਸਰੀਰ ਕਰਕੇ ਹਰੀ ਦਾ ਨਾਮ ਸਿਮਰਿਆ ਭਾਵ ਸਿਮਰਨਾ ਸ਼ੁਰੂ ਕਰ ਦਿਤਾ।੪।੨।੪੯।

ਪਦਾਰਥ = ਵਿਸਰਹਿ ਨਾਹੀ–ਭੁਲਦਾ ਨਹੀਂ।ਜਿਤੁ–ਜਿਸ ਥਾਂ ਉਤੇ।ਕਬ ਹੂ–ਕਦੇ ਵੀ।ਸੋ ਥਾਨੁ–ਉਹ ਅਸਥਾਨ।ਕੇਹਾ–ਕਿਹੜਾ; ਕਿਹੋ ਜਿਹਾ।ਤੁਧੁ–ਤੈਨੂੰ।ਧਿਆਈ–ਸਿਮਰਦਾ ਰਹਾਂ।ਨਿਰਮਲ–ਪਵਿਤ੍ਰ।ਦੇਹਾ–ਸਰੀਰ।੧।ਰਾਮ–ਸਰਬ ਵਿਆਪਕ ਵਾਹਿਗੁਰੂ। ਹਉ–ਮੈਂ।ਭਾਲਣੁ–ਢੂੰਢਣ।ਖੋਜਤ–ਖੋਜਦਿਆਂ।ਭਇਆ–ਹੋਇਆ।ਤਿਨ੍ ਸਰਣਾਈ–ਉਨ੍ਹਾਂ ਦੀ ਸ਼ਰਣ ਵਿਚ ਆ ਕੇ।੧।ਰਹਾਉ। ਪੜੇ ਪੜਿ–ਪੜ੍ਹ ਪੜ੍ਹ ਕੇ।ਬ੍ਰਹਮੇ–ਬ੍ਰਹਮਾ ਵਰਗੇ।ਇਕੁ ਤਿਲੁ–ਇਕ ਤਿਲ ਮਾਤ੍ਰ।ਸਾਧਿਕ–ਸਾਧਨਾ ਕਰਨ ਵਾਲੇ।ਸਿਧ–ਕਰਾਮਾਤੀ ਚੁਰਸੀ ਸਿੱਧ।ਫਿਰਹਿ ਬਿਲਲਾਤੇ–ਵਿਲਕਦੇ (ਰੋਂਦੇ ਦੁਖੀ ਹੋਏ) ਫਿਰਦੇ ਰਹੇ ਹਨ।ਤੇ ਭੀ–ਉਹ ਵੀ।ਮੋਹੇ–ਮੋਹ ਲਏ ਸਨ।ਮਾਈ–ਮਾਇਆ ਨੇ।੨।ਦਸ ਅਉਤਾਰ–(ਮੱਛ, ਕੱਛ, ਵਰਾਹ, ਨਰ ਸਿੰਘ ਤੇ ਵਾਮਨ ਸਤਿਜੁਗ ਦੇ ਅਵਤਾਰ।ਪਰਸ ਰਾਮ ਤੇ ਰਾਮ ਚੰਦਰ ਤ੍ਰੇਤੇ ਦੇ ਅਵਤਾਰ।ਕ੍ਰਿਸ਼ਨ ਦੁਆਪਰ ਦਾ ਅਵਤਾਰ।ਬੁਧ ਅਤੇ ਕਲਕੀ ਕਲਜੁਗ ਦੇ ਇਹ ਸਾਰੇ) ਦਸ ਅਵਤਾਰ ਹਨ।ਮਹਾ ਦੇਵ–ਸ਼ਿਵ ਜੀ।ਅਉਧੂਤਾ–ਤਿਆਗੀ।ਤਿਨ ਭੀ–ਉਨ੍ਹਾਂ ਨੇ ਵੀ।ਬਿਭੂਤਾ–ਸੁਆਹ।੩।ਸਹਜ ਸੂਖ–ਸਹਿਜ ਅਵਸਥਾ ਦਾ ਸੁਖ।ਸੰਤੀ–ਸੰਤਾਂ ਨੇ।ਮੰਗਲੁ–ਮੰਗਲ ਮਈ ਜਸ।ਸਫਲ–ਫਲ ਦੇਣ ਵਾਲਾ।ਭੇਟਿਓ–ਮਿਲਿਆ।ਤਨਿ–ਸਰੀਰ ਕਰਕੇ।੪।੨।੪੯।

ਸੂਹੀ ਮਹਲਾ ੫ ॥ ਕਰਮ ਧਰਮ ਪਾਖੰਡ ਜੋ ਦੀਸਹਿ, ਤਿਨ ਜਮੁ ਜਾਗਾਤੀ ਲੂਟੈ ॥ ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ, ਨਿਮਖ ਸਿਮਰਤ ਜਿਤੁ ਛੂਟੈ ॥੧॥ ਸੰਤਹੁ ਸਾਗਰੁ ਪਾਰਿ ਉਤਰੀਐ ॥ ਜੇ ਕੋ ਬਚਨੁ ਕਮਾਵੈ ਸੰਤਨ ਕਾ, ਸੋ ਗੁਰ ਪਰਸਾਦੀ ਤਰੀਐ ॥੧॥ ਰਹਾਉ॥ ਕੋਟਿ ਤੀਰਥ ਮਜਨ ਇਸਨਾਨਾ, ਇਸੁ ਕਲਿ ਮਹਿ ਮੈਲੁ ਭਰੀਜੈ ॥ ਸਾਧ ਸੰਗਿ ਜੋ ਹਰਿ ਗੁਣ ਗਾਵੈ, ਸੋ ਨਿਰਮਲੁ ਕਰਿ ਲੀਜੈ ॥੨॥ ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ, ਇਨ੍ ਪੜਿਆ ਮੁਕਤਿ ਨ ਹੋਈ ॥ ਏਕੁ ਅਖਰੁ ਜੋ ਗੁਰਮੁਖਿ ਜਾਪੈ, ਤਿਸ ਕੀ ਨਿਰਮਲ ਸੋਈ ॥੩॥ ਖਤ੍ਰੀ ਬ੍ਰਾਹਮਣ ਸੂਦ ਵੈਸ, ਉਪਦੇਸੁ ਚਹੁ ਵਰਨਾ ਕਉ ਸਾਝਾ ॥ ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ, ਘਟਿ ਘਟਿ ਨਾਨਕ ਮਾਝਾ ॥੪॥੩॥੫੦॥ (ਹੇ ਭਾਈ !) ਪਖੰਡ ਵਾਲੇ ਜੋ ਵੀ ਧਾਰਮਕ ਕਰਮ ਦਿਸਦੇ ਹਨ, ਉਨ੍ਹਾਂ (ਧਾਰਮਕ ਕਰਮਾਂ) ਨੂੰ ਟੈਕਸ ਲੈਣ ਵਾਲਾ ਜਮ ਲੁੱਟ ਲੈਂਦਾ ਹੈ {ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ੨੧੬}।(ਇਸ ਕਰਕੇ ਤੁਸੀਂ) ਕਰਤਾਰ ਦਾ ਅਖੰਡ ਕੀਤਰਨ ਗਾਵੋ, ਜਿਸ (ਕਰਤਾਰ) ਦਾ ਇਕ ਨਿਮਖ ਮਾਤ੍ਰ ਸਿਮਰਨ ਕਰਨ ਨਾਲ (ਮਨੁੱਖ ਜਮਦੂਤਾਂ ਦੇ ਦੰਡ ਤੋਂ) ਛੁਟ ਜਾਂਦਾ ਹੈ।੧।ਹੇ ਸੰਤ ਜਨੋਂ ! ਸੰਸਾਰ ਸਮੁੰਦਰ ਤੋਂ (ਇਹ ਕਰਮ ਕਰਨ ਨਾਲ) ਪਾਰ ਉਤਰੀਦਾ ਹੈ।(ਉਹ ਕਰਮ ਇਹ ਹੈ ਕਿ) ਜੇ

ਕੋਈ ਮਨੁੱਖ ਸੰਤਾਂ ਦਾ ਬਚਨ (ਉਪਦੇਸ਼ ਅਪਨੇ ਜੀਵਨ ਵਿਚ) ਕਮਾ ਲੈਂਦਾ ਹੈ, ਉਹ ਗੁਰੂ ਦੀ ਕਿਰਪਾ ਨਾਲ (ਸੰਸਾਰ ਸਮੁੰਦਰ ਤੋਂ) ਤਰ ਜਾਂਦਾ ਹੈ।੧।ਰਹਾਉ।(ਹੇ ਭਾਈ!) ਕ੍ਰੋੜਾਂ ਤੀਰਥਾਂ ਉਤੇ ਪਰਬਾਂ ਦਾ ਇਸ਼ਨਾਨ ਕਰਕੇ ਵੀ ਇਸ ਕਲਜੁਗ ਵਿਚ (ਹਉਮੈ ਦੀ) ਮੈਲ ਨਾਲ ਭਰ ਜਾਈਦਾ ਹੈ।ਜੋ ਮਨੁੱਖ ਸਾਧ ਸੰਗਤ ਵਿਚ ਹਰੀ ਦੇ ਗੁਣ ਗਾਉਂਦਾ ਹੈ, ਉਹ (ਗੁਰੂ ਵੱਲੋਂ) ਪਵਿਤ੍ਰ ਕਰ ਲਿਆ ਜਾਂਦਾ ਹੈ।੨।(ਹੇ ਭਾਈ!) ਬੇਦ, ਕਤੇਬ, ਸਿਮ੍ਰਤੀਆਂ ਅਤੇ ਸ਼ਾਸਤ੍ਰ ਜੋ ਹਨ, ਇਨ੍ਹਾਂ ਦੇ ਪੜ੍ਹਨ ਨਾਲ ਮੁਕਤੀ ਪ੍ਰਾਪਤ ਨਹੀਂ ਹੁੰਦੀ।ਜਿਹੜਾ ਮਨੁੱਖ ਗੁਰੂ ਦੀ ਸ਼ਰਨ ਵਿਚ ਪੈ ਕੇ ਨਾਸ਼ ਰਹਿਤ ਇਕ ਪ੍ਰਭੂ ਦਾ ਨਾਮ ਜਪਦਾ ਹੈ, ਉਸ ਦੀ (ਲੋਕ ਪ੍ਰਲੋਕ ਵਿਚ) ਨਿਰਮਲ ਸੋਭਾ ਹੁੰਦੀ ਹੈ।੩।ਖਤ੍ਰੀ, ਬ੍ਰਾਹਮਣ, ਸੂਦਰ ਅਤੇ ਵੈਸ਼ ਦੇ ਚੌਹਾਂ ਵਰਨਾਂ ਦੇ ਲੋਕਾਂ ਨੂੰ (ਗੁਰੂ ਨਾਨਕ ਦੇਵ ਜੀ ਦਾ) ਸਾਂਝਾ ਉਪਦੇਸ਼ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਹੜਾ ਮਨੁੱਖ) ਕਲਜੁਗ ਵਿਚ ਗੁਰੂ ਦੀ ਸ਼ਰਨ ਵਿਚ ਪੈ ਕੇ ਪ੍ਰਮਾਤਮਾ ਦਾ ਨਾਮ ਜਪਦਾ ਹੈ, ਉਹ ਮੁਕਤ ਹੋ ਜਾਂਦਾ ਹੈ ਅਤੇ ਉਹ (ਮਨੁੱਖ ਪ੍ਰਭੂ ਨੂੰ) ਹਰੇਕ ਜੀਵ ਵਿਚ ਵਸਦਾ ਜਾਣ ਲੈਂਦਾ ਹੈ।੪।੩।੫੦।

ਪਦਾਰਥ = ਕਰਮ ਧਰਮ–(ਜਪ ਤਪ ਤੀਰਥ ਇਸ਼ਨਾਨ ਆਦਿਕ) ਧਾਰਮਕ ਕਰਮ।ਪਾਖੰਡ–ਦਿਖਾਵੇ ਵਾਲੇ।ਦੀਸਹਿ–ਦਿਸਦੇ ਹਨ। ਤਿਨ–ਉਨ੍ਹਾਂ ਨੂੰ।ਜਾਗਾਤੀ–ਮਸੂਲੀਆ (ਟੈਕਸ ਲੈਣ ਵਾਲਾ)।ਨਿਰਬਾਣ–ਅਖੰਡ; ਇਕ ਰਸ।ਕਰਤੇ ਕਾ–ਕਰਤਾਰ ਦਾ।ਨਿਮਖ–ਅੱਖ ਝਮਕਣ ਜਿੰਨਾ ਸਮਾਂ।ਜਿਤੁ–ਜਿਸ ਦਾ।ਛੂਟੈ–ਛੁਟ ਜਾਂਦਾ ਹੈ।੧।ਸੰਤਹੁ–ਹੇ ਸੰਤ ਜਨੋਂ!।ਸਾਗਰੁ–ਸੰਸਾਰ ਸਮੁੰਦਰ।ਉਤਰੀਐ–ਲੰਘ ਜਾਈਦਾ ਹੈ।ਕੋ–ਕੋਈ।ਬਚਨੁ–ਉਪਦੇਸ਼।ਸੋ–ਉਹ।ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ।ਤਰੀਐ–ਤਰ ਜਾਂਦਾ ਹੈ।੧।ਕੋਟਿ–ਕ੍ਰੋੜਾਂ ।ਮਜਨ ਇਸਨਾਨਾ–ਪਰਬਾਂ ਦਾ ਇਸ਼ਨਾਨ; ਗੋਤਾ ਮਾਰ ਕੇ ਕੀਤਾ ਇਸ਼ਨਾਨ।ਕਲਿ ਮਹਿ–ਕਲਜੁਗ ਵਿਚ।ਸਾਧ ਸੰਗਿ–ਸਾਧ ਸੰਗਤ ਵਿਚ।ਸੋ–ਉਹ (ਮਨੁੱਖ)।ਕਰਿ ਲੀਜੈ–ਕਰ ਲਿਆ ਜਾਂਦਾ ਹੈ।੨।ਬੇਦ–ਚਾਰ ਵੇਦ।ਕਤੇਬ–ਪੱਛਮੀ ਮੱਤ ਦੇ ਧਾਰਮਕ ਗ੍ਰੰਥ (ਅੰਜੀਲ, ਜੰਬੂਰ, ਤੌਰੇਤ ਤੇ ਕੁਰਾਨ)।ਸਾਸਤ–ਛੇ ਸ਼ਾਸਤ੍ਰ।ਇਨ੍ ਪੜਿਆ–ਇਨ੍ਹਾਂ ਦੇ ਪੜ੍ਹਨ ਨਾਲ।ਏਕੁ ਅਖਰੁ–ਨਾਸ਼ ਰਹਿਤ ਇਕ ਪ੍ਰਭੂ; ਇਕ ਪ੍ਰਭੂ ਦਾ ਨਾਮ।ਗੁਰਮੁਖਿ–ਗੁਰੂ ਦੀ ਸਰਨ ਵਿਚ ਪੈ ਕੇ।ਜਾਪੈ–ਜਪਦਾ ਹੈ।ਤਿਸ ਕੀ–ਉਸ ਦੀ।ਸੋਈ–ਸੋਭਾ।੩।ਚਹੁ ਵਰਨਾ ਕਉ–ਚਾਰੇ ਵਰਨਾਂ ਦੇ ਲੋਕਾਂ ਨੂੰ।ਸਾਝਾ–ਸਾਂਝਾ (ਇਕੋ ਜਿਹਾ, ਬਿਨਾ ਵਿਤਕਰੇ ਦੇ)।ਉਧਰੈ–ਮੁਕਤ ਹੋ ਜਾਂਦਾ ਹੈ; ਤਰ ਜਾਂਦਾ ਹੈ।ਘਟਿ ਘਟਿ ਮਾਝਾ–ਹਰੇਕ ਜੀਵ ਦੇ ਦਿਲ ਅੰਦਰ।੪।੩।੫੦।

ਅੰਗ ੭੪੮ = ਸੂਹੀ ਮਹਲਾ ੫ ॥ ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ, ਓਇ ਰਾਮ ਨਾਮ ਰੰਗਿ ਰਾਤੇ ॥ ਤਿਨ੍ ਕੀ ਸੋਭਾ ਸਭਨੀ ਥਾਈ, ਜਿਨ੍ ਪ੍ਰਭ ਕੇ ਚਰਣ ਪਰਾਤੇ ॥੧॥ ਮੇਰੇ ਰਾਮ, ਹਰਿ ਸੰਤਾ ਜੇਵਡੁ ਨ ਕੋਈ ॥ ਭਗਤਾ ਬਣਿ ਆਈ ਪ੍ਰਭ ਅਪਨੇ ਸਿਉ ,ਜਲਿ ਥਲਿ ਮਹੀਅਲਿ ਸੋਈ ॥੧॥ਰਹਾਉ॥ ਕੋਟਿ ਅਪ੍ਰਾਧੀ ਸੰਤ ਸੰਗਿ ਉਧਰੈ, ਜਮੁ ਤਾ ਕੈ ਨੇੜਿ ਨ ਆਵੈ ॥ ਜਨਮ ਜਨਮ ਕਾ ਬਿਛੁੜਿਆ ਹੋਵੈ, ਤਿਨ੍ ਹਰਿ ਸਿਉ ਆਣਿ ਮਿਲਾਵੈ ॥੨॥ ਮਾਇਆ ਮੋਹ ਭਰਮੁ ਭਉ ਕਾਟੈ, ਸੰਤ ਸਰਣਿ ਜੋ ਆਵੈ ॥ ਜੇਹਾ ਮਨੋਰਥੁ ਕਰਿ ਆਰਾਧੇ, ਸੋ ਸੰਤਨ ਤੇ ਪਾਵੈ ॥੩॥ ਜਨ ਕੀ ਮਹਿਮਾ ਕੇਤਕ ਬਰਨਉ ,ਜੋ ਪ੍ਰਭ ਅਪਨੇ ਭਾਣੇ ॥ ਕਹੁ ਨਾਨਕ ਜਿਨ ਸਤਿਗੁਰੁ ਭੇਟਿਆ, ਸੇ ਸਭ ਤੇ ਭਏ ਨਿਕਾਣੇ ॥੪॥੪॥੫੧॥ (ਹੇ ਭਾਈ!) ਜੋ ਕੁਛ ਅਰਜ ਸੰਤ ਕਰਦੇ ਹਨ, ਪ੍ਰਭੂ ਉਹ (ਬੇਨਤੀ) ਮੰਨ ਲੈਂਦਾ ਹੈ (ਫ.ਸ.); ਜੋ ਕੁਛ ਪ੍ਰਭੂ ਕਰਦਾ ਹੈ, (ਸੰਤ) ਉਹ ਮੰਨ ਲੈਂਦੇ ਹਨ, ਉਹ (ਸੰਤ) ਰਾਮ ਨਾਮ ਦੇ ਪ੍ਰੇਮ ਵਿਚ ਰੰਗੇ ਹੋਏ ਹਨ।ਉਨ੍ਹਾਂ (ਸੰਤਾਂ) ਦੀ ਸੋਭਾ ਸਭ ਥਾਵਾਂ ਵਿਚ ਹੁੰਦੀ ਹੈ, ਜਿਨ੍ਹਾਂ ਨੇ ਹਰੀ ਦੇ ਚਰਨ ਪਛਾਣੇ (ਹਿਰਦੇ ਵਿਚ ਧਾਰਣ ਕੀਤੇ) ਹਨ।੧।ਹੇ ਮੇਰੇ ਰਾਮ ਦੇ ਪਿਆਰ ਭਾਈ! ਹਰੀ ਦੇ ਸੰਤਾਂ ਜਿਤਨਾ ਵੱਡਾ (ਸੰਸਾਰ ਵਿਚ) ਕੋਈ ਨਹੀਂ ਹੈ।ਭਗਤਾਂ ਦੀ ਅਪਣੇ ਪ੍ਰਭੂ ਨਾਲ ਪ੍ਰੀਤ ਬਣ ਆਈ ਹੈ, (ਭਗਤਾਂ ਨੇ ਜਾਣਿਆ ਹੈ ਕਿ) ਉਹ ਪ੍ਰਭੂ ਜਲ ਵਿਚ, ਥਲ ਵਿਚ, ਧਰਤੀ ਅਤੇ ਅਕਾਸ਼ ਵਿਚ ਵਿਆਪਕ ਹੈ।੧।ਰਹਾਉ।ਕ੍ਰੋੜਾਂ ਪਾਪ ਕਰਨ ਵਾਲਾ ਮਨੁੱਖ ਵੀ ਸੰਤਾਂ ਦੀ ਸੰਗਤ ਵਿਚ ਮੁਕਤ ਹੋ ਜਾਂਦਾ ਹੈ ਅਤੇ ਜਮ ਉਸ ਦੇ ਨੇੜੇ ਨਹੀਂ ਆਉਂਦਾ।(ਜਿਹੜਾ ਮਨੁੱਖ ਪ੍ਰਭੂ ਤੋਂ) ਜਨਮਾਂ ਜਨਮਾਂ ਦਾ ਵਿਛੜਿਆ ਹੁੰਦਾ ਹੈ, (ਸੰਤ ਇਹੋ ਜਿਹੇ) ਉਨ੍ਹਾਂ ਮਨੁੱਖਾਂ ਨੂੰ (ਅਪਣੀ ਸੰਗਤ ਵਿਚ) ਲਿਆ ਕੇ ਹਰੀ ਨਾਲ ਮਿਲਾ ਦੇਂਦੇ ਹਨ।੨।ਜੋ ਮਨੁੱਖ ਸੰਤਾਂ ਦੀ ਸ਼ਰਨ ਵਿਚ ਆਉਂਦਾ ਹੈ, (ਸੰਤ ਉਸ ਦੇ ਅੰਦਰੋਂ) ਮਾਇਆ ਦਾ ਮੋਹ, ਭਰਮ ਅਤੇ (ਮੌਤ ਦਾ) ਡਰ ਕੱਟ ਦੇਂਦੇ ਹਨ।ਜਿਹੋ ਜਿਹਾ ਮਨੋਰਥ ਕਰ ਕੇ (ਮਨੁੱਖ ਪ੍ਰਭੂ ਨੂੰ) ਸਿਮਰਦਾ ਹੈ, ਉਹ ਸੰਤਾਂ ਪਾਸੋਂ ਪਾ ਲੈਂਦਾ ਹੈ।੩ ।(ਹੇ ਭਾਈ! ਪ੍ਰਭੂ ਦੇ) ਸੇਵਕਾਂ ਦੀ ਮੈਂ ਕਿੰਨੀ ਕੁ ਮਹਿਮਾਂ ਬਿਆਨ ਕਰਾਂ, ਜਿਹੜੇ ਪ੍ਰਭੂ ਨੂੰ ਚੰਗੇ ਲੱਗ ਚੁਕੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ (ਮਨੁੱਖ) ਸਾਰੀ ਦੁਨੀਆਂ ਤੋਂ ਬੇ ਮੁਹਤਾਜ ਹੋ ਗਏ ਹਨ, ਜਿਨ੍ਹਾਂ ਨੂੰ ਸਤਿਗੁਰੂ ਮਿਲਿਆ ਹੈ।੪।੪।੫੧।

ਪਦਾਰਥ = ਕਰੈ–ਕਰਦਾ ਹੈ।ਸੋਈ–ਉਹ ਹੀ।ਮਾਨਹਿ–ਮੰਨ ਲੈਂਦੇ ਹਨ।ਓਇ–ਉਹ।ਰੰਗਿ ਰਾਤੇ–ਪ੍ਰੇਮ ਰੰਗ ਵਿਚ ਰੰਗੇ ਹੋਏ ਹਨ। ਤਿਨ ਕੀ–ਉਨ੍ਹਾਂ ਦੀ।ਥਾਈ–ਥਾਵਾਂ ਵਿਚ।ਪਰਾਤੇ–ਪਛਾਣੇ ਹਨ; ਹਿਰਦੇ ਵਿਚ ਪ੍ਰੋਏ ਹਨ; ਧਿਆਨ ਕੀਤਾ ਹੈ।੧।ਰਾਮ–ਹੇ ਪ੍ਰਭੂ ਦੇ

ਪਿਆਰੇ ਭਾਈ!।ਜੇਵਡੁ–ਜਿਤਨਾ ਵੱਡਾ; ਬਰਾਬਰ ਦਾ।ਸਿਉ–ਨਾਲ।ਜਲਿ–ਜਲ ਵਿਚ।ਥਲਿ–ਸੁੱਕੀ ਧਰਤੀ ਵਿਚ।ਮਹੀਅਲਿ–ਧਰਤੀ ਤੇ ਅਕਾਸ਼ ਦੇ ਵਿਚਕਾਰ (ਪੁਲਾੜ ਵਿਚ)।੧।ਰਹਾਉ।ਕੋਟਿ ਅਪ੍ਰਾਧੀ–ਕੋੜਾਂ ਪਾਪ ਕਰਨ ਵਾਲਾ ਮਨੁੱਖ।ਸੰਗਿ–ਸੰਗਤ ਵਿਚ।ਉਧਰੈ–ਮੁਕਤ ਹੋ ਜਾਂਦਾ ਹੈ।ਤਾ ਕੈ–ਉਸ ਦੇ।ਤਿਨ੍–ਉਨ੍ਹਾਂ ਨੂੰ।ਆਣਿ–ਲਿਆ ਕੈ।੨।ਭਉ–(ਮੌਤ ਦਾ) ਡਰ।ਜੇਹਾ–ਜਿਹੋ ਜਿਹਾ।ਮਨੋਰਥੁ–ਮਨ ਦਾ ਸੰਕਲਪ।ਆਰਾਧੈ–ਸਿਮਰਦਾ ਹੈ।ਸੋ–ਉਹ (ਮਨੋਰਥ)।ਸੰਤਨ ਤੇ–ਸੰਤਾਂ ਤੋਂ (ਪਾਸੋਂ)।ਪਾਵੈ–ਪਾ ਲੈਂਦਾ ਹੈ।੩।ਜਨ ਕੀ–(ਪ੍ਰਭੂ ਦੇ) ਸੇਵਕਾਂ ਦੀ।ਮਹਿਮਾ–ਵਡਿਆਈ।ਕੇਤਕ–ਕਿਤਨੀ ਕੁ।ਬਰਨਉ–ਮੈਂ ਬਿਆਨ ਕਰਾਂ।ਭਾਣੇ–ਚੰਗੇ ਲੱਗੇ ਹਨ।ਭੇਟਿਆ–ਮਿਲਿਆ ਹੈ।ਸੇ–ਉਹ।ਨਿਕਾਣੇ–ਬੇ ਮੁਹਤਾਜ; ਬੇ ਪ੍ਰਵਾਹ; ਅਹਿਸਾਨ ਰਹਿਤ।੪।੪।੫੧।

ਸੂਹੀ ਮਹਲਾ ੫ ॥ ਮਹਾ ਅਗਨਿ ਤੇ ਤੁਧੁ ਹਾਥ ਦੇ ਰਾਖੇ, ਪਏ ਤੇਰੀ ਸਰਣਾਈ ॥ ਤੇਰਾ ਮਾਣੁ ਤਾਣੁ ਰਿਦ ਅੰਤਰਿ, ਹੋਰ ਦੂਜੀ ਆਸ ਚੁਕਾਈ ॥੧॥ ਮੇਰੇ ਰਾਮ ਰਾਇ, ਤੁਧੁ ਚਿਤਿ ਆਇਐ ਉਬਰੇ ॥ ਤੇਰੀ ਟੇਕ ਭਰਵਾਸਾ ਤੁਮ੍ਰਾ, ਜਪਿ ਨਾਮੁ ਤੁਮ੍ਾਰਾ ਉਧਰੇ ॥੧॥ ਰਹਾਉ॥ ਅੰਧ ਕੂਪ ਤੇ ਕਾਢਿ ਲੀਏ ਤੁਮ੍ ,ਆਪਿ ਭਏ ਕਿਰਪਾਲਾ ॥ ਸਾਰਿ ਸਮ੍ਾਲਿ ਸਰਬ ਸੁਖ ਦੀਏ, ਆਪਿ ਕਰੇ ਪ੍ਰਤਿਪਾਲਾ ॥ ੨॥ ਆਪਣੀ ਨਦਰਿ ਕਰੇ ਪਰਮੇਸਰੁ ,ਬੰਧਨ ਕਾਟਿ ਛਡਾਏ ॥ ਆਪਣੀ ਭਗਤਿ ਪ੍ਰਭਿ ਆਪਿ ਕਰਾਈ, ਆਪੇ ਸੇਵਾ ਲਾਏ ॥੩॥ ਭਰਮੁ ਗਇਆ ਭੈ ਮੋਹ ਬਿਨਾਸੇ, ਮਿਟਿਆ ਸਗਲ ਵਿਸੂਰਾ ॥ ਨਾਨਕ ਦਇਆ ਕਰੀ ਸੁਖ ਦਾਤੈ, ਭੇਟਿਆ ਸਤਿਗੁਰੁ ਪੂਰਾ ॥੪॥੫ ॥੫੨॥ (ਹੇ ਪ੍ਰਭੂ! ਜਿਹੜੇ ਮਨੁੱਖ) ਤੇਰੀ ਸ਼ਰਨ ਵਿਚ ਆਏ ਹਨ, ਤੂੰ (ਉਨ੍ਹਾਂ ਦੀ ਅਪਣਾ) ਹੱਥ ਦੇ ਕੇ ਤ੍ਰਿਸ਼ਨਾ ਦੀ ਅੱਗ ਤੋਂ ਰੱਖਿਆ ਕੀਤੀ ਹੈ।(ਉਨ੍ਹਾਂ ਨੇ ਕਿਸੇ) ਹੋਰ ਦੂਜੇ ਦੀ ਆਸ ਮੁਕਾ ਦਿਤੀ ਹੈ, (ਅਤੇ ਉਹ ਅਪਣੇ) ਹਿਰਦੇ ਅੰਦਰ ਤੇਰਾ ਹੀ ਮਾਣ ਤੇ ਤਾਣ ਰਖਦੇ (ਤੇਰੇ ਆਸਰੇ ਰਹਿੰਦੇ) ਹਨ।੧।ਹੇ ਮੇਰੇ ਰਾਮ ਰਾਜੇ! ਤੂੰ ਚਿਤ ਵਿਚ ਆ ਜਾਣ ਨਾਲ (ਤੇਰੇ ਸੇਵਕ ਮਹਾਂ ਅਗਨੀ ਤੋਂ) ਬਚ ਗਏ ਹਨ।(ਉਹ) ਤੇਰੀ ਟੇਕ ਤੇ ਤੇਰੇ ਭਰੋਸੇ ਨਾਲ ਤੇਰਾ ਨਾਮ ਜਪ ਕੇ (ਸੰਸਾਰ ਸਮੁੰਦਰ ਤੋਂ) ਤਰ ਗਏ ਹਨ।੧।ਰਹਾਉ।(ਹੇ ਪ੍ਰਭੂ! ਜਿਨ੍ਹਾਂ ਸੇਵਕਾਂ ਉਤੇ) ਤੁਸੀਂ ਆਪ ਕ੍ਰਿਪਾਲੂ ਹੋਏ ਹੋ, (ਉਨ੍ਹਾਂ ਨੂੰ ਸੰਸਾਰ ਰੂਪ) ਅੰਨ੍ਹੇ ਖੂਹ ਵਿਚੋਂ ਬਾਹਰ ਕੱਢ ਲਿਆ ਹੈ।(ਤੁਸੀਂ) ਸਾਰ ਲੈ ਕੇ ਤੇ ਸੰਭਾਲ ਕਰਕੇ (ਉਨ੍ਹਾਂ ਨੂੰ) ਸਾਰੇ ਸੁਖ ਦਿਤੇ ਹਨ ਅਤੇ (ਉਨ੍ਹਾਂ ਨੂੰ ਨਿਸਚਾ ਹੈ ਕਿ ਉਨ੍ਹਾਂ ਦੀ) ਪਾਲਣਾ ਤੂੰ ਆਪ ਹੀ ਕਰਦਾ ਹੈਂ।੨।(ਹੇ ਭਾਈ! ਜਿਨ੍ਹਾਂ ਪੁਰਖਾਂ ਉਤੇ) ਪ੍ਰਭੂ ਅਪਣੀ ਮੇਹਰ ਦੀ ਨਜਰ ਕਰਦਾ ਹੈ, (ਮੋਹ ਮਾਇਆ ਦੇ) ਬੰਧਨ ਕਟ ਕੇ (ਉਹ ਜਮਾਂ ਤੋਂ) ਛਡਾ ਲਏ ਹਨ।ਪ੍ਰਭੂ ਨੇ ਅਪਣੀ ਭਗਤੀ (ਉਨ੍ਹਾਂ ਤੋਂ) ਆਪ ਹੀ ਕਰਾਈ ਹੈ ਅਤੇ ਪ੍ਰਭੂ ਨੇ ਆਪੇ (ਉਹ ਅਪਣੀ) ਸੇਵਾ ਵਿਚ ਲਾਏ ਹਨ।੩।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਨ੍ਹਾਂ ਪੁਰਖਾਂ ਉਤੇ) ਸੁਖ ਦਾਤੇ ਪ੍ਰਭੂ ਨੇ ਦਇਆ ਕੀਤੀ ਹੈ, (ਉਨ੍ਹਾਂ ਨੂੰ) ਪੂਰਾ ਸਤਿਗੁਰੂ ਮਿਲਿਆ ਹੈ।(ਜਿਸ ਦੀ ਕ੍ਰਿਪਾ ਦਾ ਸਦਕਾ ਉਨ੍ਹਾਂ ਦਾ) ਭਰਮ ਦੂਰ ਹੋ ਗਿਆ, (ਮੌਤ ਦਾ) ਭੈ ਤੇ (ਮਾਇਆ ਦਾ) ਮੋਹ ਨਾਸ਼ ਹੋ ਗਿਆ ਅਤੇ ਝੋਰਾ ਵੀ ਮਿਟ ਗਿਆ ਹੈ।੪।੫।੫੨

ਪਦਾਰਥ = ਮਹਾ ਅਗਨਿ–ਤ੍ਰਿਸ਼ਨਾ ਦੀ ਅੱਗ; ਮਾਂ ਦੇ ਗਰਭ ਦੀ ਅੱਗ।ਤੇ–ਤੋਂ।ਤੁਧੁ–ਤੂੰ।ਦੇ–ਦੇ ਕੇ।ਰਾਖੇ–ਰੱਖਿਆ ਕੀਤੀ; ਬਚਾ ਕੇ ਰਖਿਆ।ਤਾਣੁ–ਬਲ; ਤਾਕਤ।ਰਿਦ ਅੰਤਰਿ–ਹਿਰਦੇ ਅੰਦਰ।ਚੁਕਾਈ–ਮੁਕਾ ਦਿਤੀ।੧।ਰਾਮ ਰਾਇ–ਹੇ ਰਾਮ ਰਾਜੇ!।ਚਿਤਿ ਆਇਐ–ਚਿਤ ਵਿਚ ਆ ਜਾਣ ਨਾਲ।ਉਬਰੇ–ਬਚ ਗਏ।ਟੇਕ–ਆਸਰਾ।ਭਰਵਾਸਾ–ਭਰੋਸਾ।ਉਧਰੇ–ਤਰ ਗਏ।੧।ਰਹਾਉ।ਅੰਧੁ ਕੂਪ ਤੇ–ਸੰਸਾਰ ਰੂਪ ਅੰਨ੍ਹੇ ਖੂਹ ਵਿਚੋਂ।ਭਏ–ਹੋਏ।ਸਾਰਿ–ਸਾਰ ਲੈ ਕੇ।ਸਮ੍ਾਲਿ–ਸੰਭਾਲ ਕਰਕੇ।ਸਰਬ–ਸਾਰੇ।ਦੀਏ–ਦਿਤੇ ਹਨ।ਕਰੇ ਪ੍ਰਤਿਪਾਲਾ–ਪਾਲਣਾ ਕਰਦੇ ਹੋ।੨।ਨਦਰਿ–ਮੇਹਰ ਦੀ ਨਜਰ।ਪ੍ਰਭਿ–ਪ੍ਰਭੂ ਨੇ।੩।ਭੈ–ਡਰ।ਬਿਨਾਸੇ–ਨਾਸ਼ ਹੋ ਗਿਆ।ਸਗਲ –ਸਾਰਾ।ਵਿਸੂਰਾ–ਝੋਰਾ; ਚਿੰਤਾ; ਦੁੱਖ।ਸੁਖ ਦਾਤੈ–ਸੁਖ ਦੇਣ ਵਾਲੇ ਪ੍ਰਭੂ ਨੇ।ਭੇਟਿਆ–ਮਿਲ ਗਿਆ।੪।੫।੫੨।

ਸੂਹੀ ਮਹਲਾ ੫ ॥ ਜਬ ਕਛੁ ਨ ਸੀਓ ਤਬ ਕਿਆ ਕਰਤਾ, ਕਵਨ ਕਰਮ ਕਰਿ ਆਇਆ ॥ ਅਪਨਾ ਖੇਲੁ ਆਪਿ ਕਰਿ ਦੇਖੈ, ਠਾਕੁਰਿ ਰਚਨੁ ਰਚਾਇਆ ॥੧॥ ਮੇਰੇ ਰਾਮ ਰਾਇ, ਮੁਝ ਤੇ ਕਛੂ ਨ ਹੋਈ ॥ ਆਪੇ ਕਰਤਾ ਆਪਿ ਕਰਾਏ, ਸਰਬ ਨਿਰੰਤਰਿ ਸੋਈ ॥੧॥ ਰਹਾਉ॥ ਗਣਤੀ ਗਣੀ ਨ ਛੂਟੈ ਕਤਹੂ ,ਕਾਚੀ ਦੇਹ ਇਆਣੀ ॥ ਕ੍ਰਿਪਾ ਕਰਹੁ ਪ੍ਰਭ ਕਰਣੈਹਾਰੇ, ਤੇਰੀ ਬਖਸ ਨਿਰਾਲੀ ॥੨॥ ਜੀਅ ਜੰਤ ਸਭ ਤੇਰੇ ਕੀਤੇ, ਘਟਿ ਘਟਿ ਤੁਹੀ ਧਿਆਈਐ ॥ ਤੇਰੀ ਗਤਿ ਮਿਤਿ ਤੂ ਹੈ ਜਾਣਹਿ, ਕੁਦਰਤਿ ਕੀਮ ਨ ਪਾਈਐ ॥੩॥ ਨਿਰਗੁਣੁ ਮੁਗਧੁ ਅਜਾਣੁ ਅਗਿਆਨੀ, ਕਰਮ ਧਰਮ ਨਹੀ ਜਾਣਾ ॥ ਦਇਆ ਕਰਹੁ ਨਾਨਕੁ ਗੁਣ ਗਾਵੈ, ਮਿਠਾ ਲਗੈ ਤੇਰਾ ਭਾਣਾ ॥੪॥ ੬॥੫੩॥ (ਹੇ ਭਾਈ!) ਜਦੋਂ ਕੁਛ ਵੀ ਨਹੀਂ ਸੀ (ਸੰਸਾਰ ਰਚਨਾ ਅਜੇ ਹੋਈ ਹੀ ਨਹੀਂ ਸੀ), ਉਸ ਵੇਲੇ ਜੀਵ ਕੀ ਕਰਦਾ ਸੀ ਅਤੇ ਕਿਹੜੇ ਕਰਮਾਂ ਕਰਕੇ (ਜੀਵ ਜਗਤ ਵਿਚ) ਆਇਆ ਹੈ? ਉਤਰ ਹੈ = ਪ੍ਰਮਾਤਮਾ ਅਪਣਾ (ਜਗਤ ਰਚਨਾ ਦਾ) ਖੇਲ ਆਪ ਪੈਦਾ ਕਰਕੇ (ਇਸ ਨੂੰ) ਦੇਖਦਾ ਭਾਵ ਸੰਭਾਲਦਾ ਹੈ (ਮਨੁੱਖ ਕੁਛ ਨਹੀਂ ਹੈ), ਮਾਲਕ ਪ੍ਰਭੂ ਨੇ (ਆਪ ਹੀ ਇਹ) ਜਗਤ ਬਣਾਇਆ

ਹੈ।੧।ਹੇ ਮੇਰੇ ਰਾਮ ਰਾਜੇ ! ਮੇਰੇ ਤੋਂ (ਅਪਣੇ ਆਪ) ਕੁਛ ਨਹੀਂ ਹੋ ਸਕਦਾ।(ਹੇ ਭਾਈ !) ਪ੍ਰਭੂ ਆਪ ਹੀ (ਜਗਤ ਦਾ) ਕਰਤਾ ਹੈਂ; (ਜੀਵਾਂ ਅੰਦਰ ਬੈਠਾ ਸਭ ਕੁਛ) ਕਰਦਾ ਹੈ, ਆਪ ਹੀ (ਜੀਵਾਂ ਪਾਸੋਂ) ਕਰਵਾ ਰਿਹਾ ਹੈਂ ਅਤੇ ਉਹ ਹੀ ਸਾਰਿਆਂ ਦੇ ਅੰਦਰ ਇਕ ਰਸ ਵਿਆਪਕ ਹੈਂ।੧।ਰਹਾਉ।(ਹੇ ਪ੍ਰਭੂ !) ਕਰਮਾਂ ਦੀ ਗਿਣਤੀ ਗਿਣਿਆਂ (ਜੀਵ) ਕਦੇ ਵੀ ਛੁਟ ਨਹੀਂ ਸਕਦਾ, (ਤੇਰੀ ਮੇਹਰ ਨਾਲ ਹੀ ਬਚਾਓ ਹੋ ਸਕਦਾ ਹੈ, ਇਹ) ਕੱਚੀ ਅਤੇ ਬੇਸਮਝ ਦੇਹ ਕੀ ਕਰ ਸਕਦੀ ਹੈ ? ਹੇ ਕਰਨਹਾਰ ਪ੍ਰਭੂ ! (ਤੂੰ ਇਸ ਜੀਵ ਉਤੇ) ਕ੍ਰਿਪਾ ਕਰ, ਤੇਰੀ ਬਖਸ਼ਿਸ਼ ਨਿਰਾਲੀ ਹੈ (ਤੇਰੀ ਬਖਸ਼ਿਸ਼ ਦੇ ਬਰਾਬਰ ਕੋਈ ਧਾਰਮਕ ਕਰਮ ਨਹੀਂ ਹੈ)।੨।(ਹੇ ਪ੍ਰਭੂ !) ਸਾਰੇ ਜੀਵ ਜੰਤ ਤੇਰੇ ਪੈਦਾ ਕੀਤੇ ਹੋਏ ਹਨ ਅਤੇ ਹਰੇਕ ਜੀਵ ਦੇ ਦਿਲ ਅੰਦਰ ਤੂੰ ਹੀ ਸਿਮਰਿਆ ਜਾਂਦਾ ਹੈਂ।ਤੇਰੀ ਉਚੀ ਆਤਮਕ ਅਵਸਥਾ ਤੇ ਮਰਿਆਦਾ ਤੂੰ ਹੀ ਜਾਣਦਾ ਹੈਂ ਅਤੇ ਤੇਰੀ ਸ਼ਕਤੀ ਦੀ ਕੀਮਤ ਨਹੀਂ ਪਾਈ ਜਾ ਸਕਦੀ।੩।(ਹੇ ਪ੍ਰਭੂ !) ਮੈਂ ਗੁਣ ਹੀਣ, ਮੂਰਖ, ਬੇ ਸਮਝ ਤੇ ਅਗਿਆਨੀ ਹਾਂ ਅਤੇ ਨਾ ਹੀ ਮੈਂ ਧਾਰਮਕ ਕਰਮ ਕਰਨ ਜਾਣਦਾ ਹਾਂ।ਮੇਰੇ ਤੇ ਦਇਆ ਕਰੋ, ਤਾਂ ਕਿ ਨਾਨਕ ਤੇਰੇ ਗੁਣ ਗਾਉਂਦਾ ਰਹੇ ਅਤੇ (ਨਾਨਕ ਨੂੰ) ਤੇਰਾ ਭਾਣਾ ਮਿੱਠਾ ਲਗਦਾ ਰਹੇ।੪।੬।੫੩। ਤੇਰਾ ਕੀਆ ਮੀਠਾ ਲਾਗੈ।(੩੯੪)

ਪਦਾਰਥ = ਜਬ–ਜਦੋਂ।ਕਛੁ ਨ ਸੀਓ–(ਜਗਤ ਦਾ) ਕੁਛ ਵੀ ਨਹੀਂ ਸੀ।ਤਬ–ਤਦੋਂ।ਕਰਤਾ–ਕਰਦਾ ਸੀ।ਕਵਨ–ਕਿਹੜੇ।ਕਰਿ–ਕਰ ਕੇ।ਆਇਆ–(ਜਗਤ ਵਿਚ) ਆਇਆ (ਪੈਦਾ ਹੋਇਆ)।ਕਰਿ–ਰਚ ਕੇ (ਪੈਦਾ ਕਰਕੇ)।ਠਾਕੁਰਿ–ਮਾਲਕ ਪ੍ਰਭੂ ਨੇ।ਰਚਨੁ–ਜਗਤ।ਰਚਾਇਆ–ਬਣਾਇਆ।੧।ਰਾਮ ਰਾਇ–ਹੇ ਰਾਮ ਰਾਜੇ !।ਮੁਝ ਤੇ–ਮੇਰੇ ਤੋਂ।ਸਰਬ ਨਿਰੰਤਰਿ–ਸਾਰਿਆਂ ਜੀਵਾਂ ਦੇ ਅੰਦਰ ਇਕ ਰਸ ਵਿਆਪਕ ਹੈ।੧।ਰਹਾਉ।ਗਣਤੀ ਗਣੀ–(ਕਰਮਾਂ ਦੀ) ਗਿਣਤੀ ਗਿਣਿਆਂ।ਨ ਛੂਟੈ–ਛੁਟ ਨਹੀਂ ਸਕਦਾ।ਕਤ ਹੂ–ਕਦੇ ਵੀ; ਕਿਸੇ ਤਰ੍ਹਾਂ ਵੀ।ਕਾਚੀ–ਨਾਸ਼ਵੰਤ।ਦੇਹ–ਸਰੀਰ।ਇਆਣੀ–ਬੇ ਸਮਝ।ਕਰਣੈਹਾਰੇ–ਹੇ ਸਿਰਜਨਹਾਰ !।ਨਿਰਾਲੀ–ਵੱਖਰੀ ਕਿਸਮ ਦੀ; ਅਨੋਖੀ।੨।ਜੀਅ–ਸਥੂਲ ਜੀਵ।ਜੰਤ–ਸੂਖਮ ਜੀਵ।ਕੀਤੇ–ਪੈਦਾ ਕੀਤੇ ਹੋਏ।ਘਟਿ ਘਟਿ–ਹਰੇਕ ਜੀਵ ਦੇ ਦਿਲ ਅੰਦਰ। ਗਤਿ ਮਿਤਿ–ਉਚੀ ਆਤਮਕ ਅਵਸਥਾ ਅਤੇ ਮਰਿਆਦਾ; ਗਿਆਨ ਦੀ ਅਵਧੀ; ਲੀਲਾ ਦਾ ਅੰਤ।ਕੁਦਰਤਿ–ਸ਼ਕਤੀ।ਕੀਮ–ਕੀਮਤ। ੩।ਨਿਰਗੁਨੁ–ਗੁਣ ਹੀਣ।ਮੁਗਧੁ–ਮੂਰਖ।ਅਜਾਣੁ–ਬੇ ਸਮਝ।ਅਗਿਆਨੀ–ਗਿਆਨ ਹੀਣ।੪।੬।੫੩।

ਸਾਰੰਸ਼ = ਮਨੁੱਖ ਅਪਣੇ ਅਧਾਰ ਤੇ ਕੁਛ ਨਹੀਂ ਕਰ ਸਕਦਾ।ਇਹ ਗੱਲ ਸਮਝਾਉਣ ਲਈ ਮਨੁੱਖ ਦਾ ਧਿਆਨ ਉਸ ਹਾਲਤ ਵੱਲ ਦੁਆਉਂਦੇ ਹਨ, ਜਦੋਂ ਸ੍ਰਿਸਟੀ ਬਣੀ ਹੀ ਨਹੀਂ ਸੀ।ਤਦੋਂ ਨਾ ਮਨੁੱਖ ਸੀ ਅਤੇ ਨਾ ਕਰਮ ਅਕਰਮ ਦਾ ਝੇੜਾ ਸੀ, ਉਸ ਵੇਲੇ ਹਰੀ ਆਪ ਹੀ ਸੀ।ਜਿਸ ਤੋਂ ਸਿਧ ਹੋਇਆ ਕਿ ਜੋ ਕੁਝ ਹੁੰਦਾ ਹੈ, ਉਸ ਦਾ ਮੁੱਢ ਵਾਹਿਗੁਰੂ ਦੀ ਅਪਣੀ ਹਸਤੀ ਹੀ ਹੈ, ਕਿਉਂਕਿ ਉਸੇ ਵਿਚੋਂ ਸਭ ਕੁਛ ਨਿਕਲਿਆ ਹੈ।ਇਹੋ ਵਿਸ਼ਾ ਸੁਖਮਨੀ ਸਾਹਿਬ ਦੀ ੨੧ ਵੀਂ ਅਸਟਪਦੀ ਵਿਚ ਹੈ।(ਸ਼ਬਦਾਰਥ)

ਸੂਹੀ ਮਹਲਾ ੫ ॥ ਭਾਗਠੜੇ ਹਰਿ ਸੰਤ ਤੁਮ੍ਾਰੇ, ਜਿਨ੍ ਘਰਿ ਧਨੁ ਹਰਿ ਨਾਮਾ ॥ ਪਰਵਾਣੁ ਗਣੀ ਸੇਈ ਇਹ ਆਏ, ਸਫਲ ਤਿਨਾ ਕੇ ਕਾਮਾ ॥੧॥ ਹੇ ਹਰੀ ! ਤੇਰੇ ਸੰਤ ਭਾਗਾਂ ਵਾਲੇ ਹਨ, ਜਿਨ੍ਹਾਂ ਦੇ ਹਿਰਦੇ ਘਰ ਵਿਚ ਹਰੀ ਦਾ ਨਾਮ ਰੂਪ ਧਨ ਹੈ।ਇਸ ਜਗਤ ਵਿਚ ਆਏ ਹੋਏ ਉਹ ਹੀ ਪ੍ਰਵਾਨ ਗਿਣੇ ਜਾਂਦੇ ਹਨ ਅਤੇ (ਲੋਕਾਂ ਦੇ ਭਲੇ ਲਈ) ਉਨ੍ਹਾਂ ਦੇ ਕੀਤੇ ਸਾਰੇ ਕੰਮ ਫਲ ਦਾਇਕ ਹਨ।੧।

ਅੰਗ ੭੪੯ = ਮੇਰੇ ਰਾਮ, ਹਰਿ ਜਨ ਕੈ ਹਉ ਬਲਿ ਜਾਈ ॥ ਕੇਸਾ ਕਾ ਕਰਿ ਚਵਰੁ ਢੁਲਾਵਾ, ਚਰਣ ਧੂੜਿ ਮੁਖਿ ਲਾਈ ॥੧॥ ਰਹਾਉ॥ ਜਨਮ ਮਰਣ ਦੁਹਹੂ ਮਹਿ ਨਾਹੀ, ਜਨ ਪਰਉਪਕਾਰੀ ਆਏ ॥ ਜੀਅ ਦਾਨੁ ਦੇਇ ਭਗਤੀ ਲਾਇਨਿ, ਹਰਿ ਸਿਉ ਲੈਨਿ ਮਿਲਾਏ ॥੨॥ ਸਚਾ ਅਮਰੁ ਸਚੀ ਪਾਤਿਸਾਹੀ, ਸਚੇ ਸੇਤੀ ਰਾਤੇ ॥ ਸਚਾ ਸੁਖੁ ਸਚੀ ਵਡਿਆਈ, ਜਿਸ ਕੇ ਸੇ ਤਿਨਿ ਜਾਤੇ ॥੩॥ ਪਖਾ ਫੇਰੀ ਪਾਣੀ ਢੋਵਾ, ਹਰਿ ਜਨ ਕੈ ਪੀਸਣੁ ਪੀਸਿ ਕਮਾਵਾ ॥ ਨਾਨਕ ਕੀ ਪ੍ਰਭ ਪਾਸਿ ਬੇਨੰਤੀ, ਤੇਰੇ ਜਨ ਦੇਖਣੁ ਪਾਵਾ ॥੪॥੭॥ ੫੪॥ ਹੇ ਮੇਰੇ ਰਾਮ ! ਮੈਂ ਹਰੀ ਦੇ ਸੰਤ ਜਨਾਂ ਤੋਂ ਬਲਿਹਾਰ ਜਾਂਦਾ ਹਾਂ।ਮੈਂ ਅਪਣੇ ਕੇਸਾਂ ਦਾ ਚੌਰ ਬਣਾ ਕਰਕੇ (ਉਨ੍ਹਾਂ ਉਤੇ) ਢੁਲਾਵਾਂ ਅਤੇ (ਉਨ੍ਹਾਂ ਦੇ) ਚਰਨਾਂ ਦੀ ਧੂੜ ਮੱਥੇ ਉਤੇ ਲਾਵਾਂ।੧।ਰਹਾਉ।(ਜਗਤ ਵਿਚ ਉਹ ਸੰਤ) ਜਨ ਦੂਜਿਆਂ ਦਾ ਭਲਾ ਕਰਨ ਵਾਸਤੇ ਆਏ ਹਨ ਅਤੇ (ਉਹ) ਜਨਮ ਤੇ ਮਰਣ ਦੋਹਾਂ ਵਿਚ ਨਹੀਂ ਆਉਂਦੇ ਜਾਂਦੇ।(ਉਹ ਲੋਕਾਂ ਨੂੰ ਰੂਹਾਨੀ) ਜੀਵਨ ਦਾਨ ਦੇ ਕੇ ਸੇਵਾ ਭਗਤੀ ਵਿਚ ਲਾਉਂਦੇ ਹਨ ਅਤੇ ਹਰੀ ਨਾਲ ਮਿਲਾ ਲੈਂਦੇ ਹਨ।੨।(ਹੇ ਭਾਈ ! ਸੰਤਾਂ ਦਾ) ਹੁਕਮ ਸੱਚਾ ਹੈ, (ਉਨ੍ਹਾਂ ਦੀ) ਬਾਦਸ਼ਾਹੀ ਵੀ ਸੱਚੀ ਹੈ, (ਕਿਉਂਕਿ ਉਹ) ਸੱਚੇ ਪ੍ਰਭੂ ਦੇ ਪ੍ਰੇਮ ਨਾਲ ਰੰਗੇ ਹੋਏ ਹਨ।(ਉਨ੍ਹਾਂ ਨੂੰ) ਸੱਚਾ ਆਤਮਕ ਸੁਖ ਮਿਲਿਆ ਹੈ, (ਜਗਤ ਵਿਚ ਉਨ੍ਹਾਂ ਦੀ) ਵਡਿਆਈ ਸੱਚੀ ਹੈ ਅਤੇ ਜਿਸ ਪ੍ਰਭੂ ਦੇ ਉਹ ਸੇਵਕ ਸਨ, ਉਸ ਨੇ ਉਹ ਪਛਾਣੇ ਹਨ (ਕੇਵਲ ਪ੍ਰਭੂ ਹੀ ਅਪਣੇ ਸੰਤਾਂ ਦੀ ਵਡਿਆਈ ਦੇ ਗੁਣ ਜਾਣ ਸਕਦਾ ਹੈ, ਆਮ ਲੋਕ ਸੰਤਾਂ ਦੀ ਕਦਰ ਨਹੀਂ ਜਾਣਦੇ)।੩।(ਸੰਤਾਂ ਨੂੰ) ਮੈਂ ਪੱਖਾ ਫੇਰਾਂ (ਝੱਲਾਂ, ਸੰਤਾਂ ਵਾਸਤੇ) ਮੈਂ ਪਾਣੀ ਢੋਵਾਂ ਅਤੇ ਹਰੀ ਦੇ ਸੰਤ ਜਨਾਂ ਦੇ ਵਾਸਤੇ ਚੱਕੀ ਪੀਹ ਕੇ ਸੇਵਾ ਕਰਦਾ ਰਹਾਂ।ਨਾਨਕ ਦੀ ਪ੍ਰਭੂ ਪਾਸ ਬੇਨਤੀ

ਹੈ ਕਿ ਮੈਂ ਤੇਰੇ ਸੰਤ ਜਨਾਂ ਦਾ ਦਰਸ਼ਨ ਪ੍ਰਾਪਤ ਕਰਾਂ।੪।੭।੫੪।

ਪਦਾਰਥ = ਭਾਗਠੜੇ–ਭਾਗਾਂ ਵਾਲੇ; ਸ਼ਾਹੂਕਾਰ।ਹਰਿ–ਹੇ ਹਰੀ!।ਜਿਨ੍ ਘਰਿ–ਜਿਨ੍ਹਾਂ ਦੇ ਹਿਰਦੇ ਘਰ ਵਿਚ।ਨਾਮਾ–ਨਾਮ।ਗਣੀ–ਗਿਣੇ ਜਾਂਦੇ ਹਨ।ਸੇਈ–ਉਹ ਹੀ।ਇਹ ਆਏ–ਇਸ ਜਗਤ ਵਿਚ ਆਏ ਹੋਏ।ਸਫਲ–ਫਲ ਦਾਇਕ।ਤਿਨਾ ਕੇ–ਉਨ੍ਹਾਂ ਦੇ।ਕਾਮਾ–ਕੰਮ।੧।ਮੇਰੇ ਰਾਮ–ਹੇ ਮੇਰੇ ਰਾਮ!।ਕੈ–ਦੇ।ਬਲਿ ਜਾਈ–ਮੈਂ ਬਲਿਹਾਰ ਜਾਂਦਾ ਹਾਂ।ਢੁਲਾਵਾ–ਮੈਂ ਝੁਲਾਵਾਂ।ਮੁਖਿ–ਮੂੰਹ (ਮੱਥੇ) ਉਤੇ।ਲਾਈ–ਮੈਂ ਲਾਵਾਂ।੧।ਰਹਾਉ।ਦੁਹਹੂ ਮਹਿ–ਦੋਹਾਂ ਵਿਚ।ਜਨ–ਸੰਤ ਜਨ।ਪਰਉਪਕਾਰੀ–ਦੂਜਿਆਂ ਦਾ ਭਲਾ ਕਰਨ ਵਾਲੇ।ਆਏ–(ਜਗਤ ਵਿਚ) ਆਏ ਹਨ।ਜੀਅ ਦਾਨੁ–ਰੁਹਾਨੀ ਜੀਵਨ ਦੀ ਦਾਤ।ਦੇ–ਦੇ ਕੇ।ਲਾਇਨਿ–ਲਾਉਂਦੇ ਹਨ।ਸਿਉ–ਨਾਲ।ਲੈਨਿ ਮਿਲਾਏ–ਮਿਲਾ ਲੈਂਦੇ ਹਨ।੨।ਅਮਰੁ–ਹੁਕਮ।ਸੇਤੀ–ਨਾਲ।ਰਾਤੇ–ਰੰਗੇ ਹੋਏ ਹਨ।ਜਿਸ ਕੇ ਸੇ–ਜਿਸ ਦੇ (ਸੇਵਕ) ਸਨ।ਤਿਨਿ–ਉਸ (ਪ੍ਰਭੂ) ਨੇ।ਜਾਤੇ–ਪਛਾਣੇ ਹਨ।੩।ਫੇਰੀ–ਮੈਂ ਫੇਰਾਂ (ਝੱਲਾਂ)।ਪੀਸਨੁ–ਚੱਕੀ।ਪੀਸਿ–ਪੀਹ ਕੇ।ਢੋਵਾ–ਮੈਂ ਢੋਂਦਾ ਰਹਾਂ।ਕਮਾਵਾ–ਮੈਂ ਸੇਵਾ ਕਰਦਾ ਰਹਾਂ।ਦੇਖਣੁ ਪਾਵਾ–ਦਰਸ਼ਨ ਪ੍ਰਾਪਤ ਕਰਾਂ।੪।੭।੫੪।

ਸੂਹੀ ਮਹਲਾ ੫ ॥ ਪਾਰਬ੍ਰਹਮ ਪਰਮੇਸਰ ਸਤਿਗੁਰ, ਆਪੇ ਕਰਣੈਹਾਰਾ ॥ ਚਰਣ ਧੂੜਿ ਤੇਰੀ ਸੇਵਕੁ ਮਾਗੈ, ਤੇਰੇ ਦਰਸਨ ਕਉ ਬਲਿਹਾਰਾ ॥੧॥ ਮੇਰੇ ਰਾਮ ਰਾਇ, ਜਿਉ ਰਾਖਹਿ ਤਿਉ ਰਹੀਐ ॥ ਤੁਧੁ ਭਾਵੈ ਤਾ ਨਾਮੁ ਜਪਾਵਹਿ, ਸੁਖੁ ਤੇਰਾ ਦਿਤਾ ਲਹੀਐ ॥੧॥ਰਹਾਉ॥ ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ, ਜਿਸੁ ਤੂੰ ਆਪਿ ਕਰਾਇਹਿ ॥ ਤਹਾ ਬੈਖੁੰਠੁ ਜਹ ਕੀਰਤਨੁ ਤੇਰਾ, ਤੂੰ ਆਪੇ ਸਰਧਾ ਲਾਇਹਿ ॥੨॥ ਸਿਮਰਿ ਸਿਮਰਿ ਸਿਮਰਿ ਨਾਮੁ ਜੀਵਾ, ਤਨੁ ਮਨੁ ਹੋਇ ਨਿਹਾਲਾ ॥ ਚਰਣ ਕਮਲ ਤੇਰੇ ਧੋਇ ਧੋਇ ਪੀਵਾ, ਮੇਰੇ ਸਤਿਗੁਰ ਦੀਨ ਦਇਆਲਾ ॥੩॥ ਕੁਰਬਾਣੁ ਜਾਈ ਉਸੁ ਵੇਲਾ ਸੁਹਾਵੀ, ਜਿਤੁ ਤੁਮਰੈ ਦੁਆਰੈ ਆਇਆ ॥ ਨਾਨਕ ਕਉ ਪ੍ਰਭ ਭਏ ਕ੍ਰਿਪਾਲਾ, ਸਤਿਗੁਰੁ ਪੂਰਾ ਪਾਇਆ ॥੪॥੮॥੫੫॥ ਹੇ ਪਾਰਬ੍ਰਹਮ! ਹੇ ਪ੍ਰਮੇਸਰ! ਹੇ ਸਤਿਗੁਰੂ! ਤੂੰ ਆਪ ਹੀ ਸਭ ਕੁਛ ਕਰਨ ਵਾਲਾ ਹੈਂ।(ਤੇਰੇ ਪਾਸੋਂ ਤੇਰਾ) ਸੇਵਕ ਤੇਰੀ ਚਰਨ ਧੂੜ ਮੰਗਦਾ ਹੈ ਅਤੇ ਤੇਰੇ ਦਰਸ਼ਨਾਂ ਤੋਂ ਬਲਿਹਾਰ ਜਾਂਦਾ ਹੈ।੧।ਹੇ ਮੇਰੇ ਰਾਮ ਰਾਜੇ! ਜਿਵੇਂ ਤੂੰ (ਸਾਨੂੰ) ਰਖਦਾ ਹੈਂ, ਤਿਵੇਂ ਰਹਿ ਸਕੀਦਾ ਹੈ।ਜੇ ਤੈਨੂੰ ਚੰਗਾ ਲੱਗੇ ਤਾਂ ਤੂੰ (ਸਾਥੋਂ ਅਪਣਾ) ਨਾਮ ਜਪਾਉਂਦਾ ਹੈਂ ਅਤੇ ਤੇਰਾ ਦਿਤਾ ਹੋਇਆ ਸੁਖ ਹੀ ਪ੍ਰਾਪਤ ਕਰੀਦਾ ਹੈ।੧।ਰਹਾਉ।(ਹੇ ਪ੍ਰਭੂ!) ਮੁਕਤੀ, ਭੁਗਤ ਅਤੇ ਜੁਗਤੀ ਸਭ ਤੇਰੀ ਸੇਵਾ ਕਰਨ ਨਾਲ ਪ੍ਰਾਪਤ ਹੁੰਦੇ ਹਨ, (ਪਰ ਤੇਰੀ ਸੇਵਾ ਭਗਤੀ ਉਹ ਪੁਰਖ ਕਰਦਾ ਹੈ) ਜਿਸ ਤੋਂ ਤੂੰ ਆਪ ਕਰਾਉਂਦਾ ਹੈਂ।ਉਹ ਥਾਂ ਬੈਕੁੰਠ ਧਾਮ ਹੈ, ਜਿਥੇ ਤੇਰਾ ਕੀਰਤਨ ਹੁੰਦਾ ਹੈ, ਤੂੰ ਆਪ ਹੀ (ਅਪਣੇ ਸੇਵਕਾਂ ਅੰਦਰ) ਸ਼ਰਧਾ ਲਾਉਂਦਾ ਹੈਂ।੨।(ਹੇ ਪ੍ਰਭੂ! ਮੇਹਰ ਕਰ) ਮੈਂ ਮਨ ਤਨ ਅਤੇ ਬਾਣੀ ਕਰਕੇ ਤੇਰਾ ਨਾਮ ਸਿਮਰ ਸਿਮਰ ਕੇ ਜਿਉਂਦਾ ਰਹਾਂ, (ਜਿਸ ਸਿਮਰਨ ਦਾ ਸਦਕਾ ਮੇਰਾ) ਤਨ ਤੇ ਮਨ ਨਿਹਾਲ ਹੋ ਜਾਵੇ।ਹੇ ਦੀਨਾਂ ਉਤੇ ਦਇਆ ਕਰਨ ਵਾਲੇ ਮੇਰੇ ਸਤਿਗੁਰੂ! (ਮੈਨੂੰ ਸ਼ਰਧਾ ਬਖਸ਼ ਕਿ) ਮੈਂ ਤੇਰੇ ਚਰਨ ਕਮਲ ਧੋ ਧੋ ਕੇ ਪੀਂਦਾ ਰਹਾਂ।੩।ਮੈਂ ਉਸ ਸੋਭਨੀਕ ਘੜੀ ਤੋਂ ਕੁਰਬਾਨ ਜਾਂਦਾ ਹਾਂ, ਜਿਸ ਵੇਲੇ ਮੈਂ ਤੇਰੇ ਦੁਆਰੇ ਤੇ ਆਇਆ ਹਾਂ।ਪ੍ਰਭੂ ਜੀ ਨਾਨਕ ਉਪਰ ਕਿਰਪਾਲ ਹੋਏ ਹਨ, (ਜਿਸ ਕਰਕੇ ਨਾਨਕ ਨੇ) ਪੂਰਾ ਸਤਿਗੁਰੂ ਪਾਇਆ ਹੈ।੪।੮।੫੫।

ਪਹਿਲੇ ਪਦੇ ਦਾ ਦੂਜਾ ਅਰਥ = (ਹੇ ਭਾਈ! ਮੇਰਾ) ਸਤਿਗੁਰੂ ਪਾਰਬ੍ਰਹਮ ਪ੍ਰਮੇਸਰ ਦਾ ਰੂਪ ਹੈ, ਜੋ ਸਭ ਕੁਛ ਕਰਨ ਦੇ ਸਮਰੱਥ ਹੈ।(ਹੇ ਸਤਿਗੁਰੂ! ਮੈਂ ਤੇਰਾ) ਸੇਵਕ ਤੇਰੀ ਚਰਨ ਧੂੜ ਮੰਗਦਾ ਹਾਂ ਅਤੇ ਤੇਰੇ ਦਰਸ਼ਨਾਂ ਤੋਂ ਬਲਿਹਾਰ ਜਾਂਦਾ ਹਾਂ।

ਪਦਾਰਥ = ਕਰਣੈਹਾਰਾ–ਕਰਨ ਵਾਲਾ।ਮਾਗੈ–ਮੰਗਦਾ ਹੈ।ਕਉ–ਨੂੰ; ਤੋਂ।ਬਲਿਹਾਰਾ–ਕੁਰਬਾਨ ਹਾਂ।੧।ਰਾਮ ਰਾਇ–ਹੇ ਰਾਮ ਰਾਜੇ!।ਰਾਖਹਿ–ਤੂੰ ਰੱਖਦਾ ਹੈਂ।ਰਹੀਐ–ਰਹਿ ਸਕੀਦਾ ਹੈ।ਤੁਧੁ ਭਾਵੈ–ਜੇ ਤੈਨੂੰ ਚੰਗਾ ਲੱਗੇ।ਲਹੀਐ–ਪ੍ਰਾਪਤ ਕਰੀਦਾ ਹੈ।੧।ਰਹਾਉ।ਮੁਕਤਿ–(ਜਨਮ ਮਰਣ ਤੋਂ) ਛੁਟਕਾਰਾ।ਭੁਗਤਿ–ਖਾਣ ਪੀਣ ਵਾਲਾ ਭੋਜਨ; ਸੰਸਾਰ ਦੇ ਸੁਖ।ਜੁਗਤਿ–ਸੰਸਾਰ ਦੇ ਭੋਗਾਂ ਤੋਂ ਉਪਰਾਮ ਹੋ ਕੇ ਰਹਿਣ ਵਾਲਾ ਜੀਵਨ; ਸੁਚੱਜਾ ਜੀਵਨ ਜਿਉਣ ਦਾ ਢੰਗ।ਕਰਾਇਹਿ–ਕਰਾਉਂਦਾ ਹੈਂ।ਤਹਾ–ਉਥੇ (ਉਹ ਥਾਂ)।ਜਹ–ਜਿੱਥੇ।ਲਾਇਹਿ–ਲਾਉਂਦਾ ਹੈਂ।੨।ਜੀਵਾ–ਜਿਉਂਦਾ ਹਾਂ।ਤਨੁ–ਸਰੀਰ।ਹੋਇ ਨਿਹਾਲਾ–ਪ੍ਰਸੰਨ ਹੋ (ਖਿੜ) ਜਾਵੇ।ਧੋਇ–ਧੋ ਕੇ।ਪੀਵਾ–ਪੀਂਦਾ ਰਹਾਂ।ਦੀਨ ਦਇਆਲਾ–ਹੇ ਗਰੀਬਾਂ ਉਤੇ ਦਇਆ ਕਰਨ ਵਾਲੇ!।੩।ਜਾਈ–ਮੈਂ ਜਾਂਦਾ ਹਾਂ।ਵੇਲਾ ਸੁਹਾਵੀ–ਸੋਭਨੀਕ ਘੜੀ ਤੋਂ।ਜਿਤੁ–ਜਿਸ ਵੇਲੇ।ਦੁਆਰੈ–ਦਰ ਤੇ।ਕਉ–ਨੂੰ; ਉਤੇ।ਭਏ–ਹੋਏ।੪।੮।੫੫।

ਸੂਹੀ ਮਹਲਾ ੫ ॥ ਤੁਧੁ ਚਿਤਿ ਆਏ ਮਹਾ ਅਨੰਦਾ, ਜਿਸੁ ਵਿਸਰਹਿ ਸੋ ਮਰਿ ਜਾਏ ॥ ਦਇਆਲੁ ਹੋਵਹਿ ਜਿਸੁ ਉਪਰਿ ਕਰਤੇ, ਸੋ ਤੁਧੁ ਸਦਾ ਧਿਆਏ ॥੧॥ ਮੇਰੇ ਸਾਹਿਬ, ਤੂੰ ਮੈ ਮਾਣੁ ਨਿਮਾਣੀ ॥ ਅਰਦਾਸਿ ਕਰੀ ਪ੍ਰਭ ਅਪਨੇ ਆਗੈ, ਸੁਣਿ ਸੁਣਿ ਜੀਵਾ ਤੇਰੀ ਬਾਣੀ ॥੧॥ਰਹਾਉ॥ ਚਰਣ ਧੂੜਿ ਤੇਰੇ ਜਨ ਕੀ ਹੋਵਾ, ਤੇਰੇ ਦਰਸਨ ਕਉ ਬਲਿ ਜਾਈ ॥ ਅੰਮ੍ਰਿਤ ਬਚਨ ਰਿਦੈ ਉਰਿ ਧਾਰੀ, ਤਉ

ਕਿਰਪਾ ਤੇ ਸੰਗੁ ਪਾਈ ॥੨॥ ਅੰਤਰ ਕੀ ਗਤਿ ਤੁਧੁ ਪਹਿ ਸਾਰੀ, ਤੁਧੁ ਜੇਵਡੁ ਅਵਰੁ ਨ ਕੋਈ ॥ ਜਿਸ ਨੋ ਲਾਇ ਲੈਹਿ ਸੋ ਲਾਗੈ, ਭਗਤੁ ਤੁਹਾਰਾ ਸੋਈ ॥੩॥ ਦੁਇ ਕਰ ਜੋੜਿ ਮਾਗਉ ਇਕੁ ਦਾਨਾ, ਸਾਹਿਬਿ ਤੁਠੈ ਪਾਵਾ ॥ ਸਾਸਿ ਸਾਸਿ ਨਾਨਕੁ ਆਰਾਧੇ, ਆਠ ਪਹਰ ਗੁਣ ਗਾਵਾ ॥੪॥੯॥੫੬॥ (ਹੇ ਪ੍ਰਭੂ ! ਜੇ) ਤੂੰ ਮੇਰੇ ਚਿਤ ਵਿਚ ਆ ਵਸੇਂ, ਤਾਂ ਬਹੁਤ ਅਨੰਦ ਹੁੰਦਾ ਹੈ, ਜਿਸ (ਮਨੁੱਖ) ਨੂੰ ਤੂੰ ਭੁੱਲ ਜਾਵੇਂ, ਉਹ (ਆਤਮਕ ਮੌਤੇ) ਮਰ ਜਾਂਦਾ ਹੈ; (ਬਾਰ ਬਾਰ) ਮਰਦਾ ਜੰਮਦਾ ਰਹਿੰਦਾ ਹੈ। ਹੇ ਕਰਤਾਰ ! ਜਿਸ ਮਨੁੱਖ ਉਪਰ ਤੂੰ ਦਇਆਲ ਹੁੰਦਾ ਹੈਂ, ਉਹ ਤੈਨੂੰ ਸਦਾ ਸਿਮਰਦਾ ਰਹਿੰਦਾ ਹੈ।੧। ਹੇ ਮੇਰੇ ਮਾਲਕ ! ਮੈਂ ਨਿਮਾਣੀ ਦਾ ਤੂੰ ਹੀ ਮਾਣ ਹੈਂ। ਹੇ ਪ੍ਰਭੂ ! (ਤੂੰ ਮੇਰਾ) ਅਪਣਾ ਹੈਂ, ਮੈਂ ਤੇਰੇ ਅੱਗੇ ਅਰਦਾਸ ਕਰਦਾ ਹਾਂ, (ਮੇਰੇ ਤੇ ਮੇਹਰ ਕਰ) ਮੈਂ ਤੇਰੀ ਬਾਣੀ ਸੁਣ ਸੁਣ ਕੇ ਜਿਉਂਦਾ ਰਹਾਂ ।੧।ਰਹਾਉ।(ਹੇ ਪ੍ਰਭੂ !) ਮੈਂ ਤੇਰੇ ਸੇਵਕਾਂ ਦੀ ਚਰਨ ਧੂੜ ਹੋ ਜਾਵਾਂ ਅਤੇ ਤੇਰੇ ਦਰਸ਼ਨਾਂ ਤੋਂ ਬਲਿਹਾਰ ਜਾਵਾਂ। ਤੇਰੀ ਕ੍ਰਿਪਾ ਨਾਲ ਮੈਂ (ਤੇਰੇ ਸੇਵਕਾਂ ਦਾ) ਸੰਗ ਪ੍ਰਾਪਤ ਕਰਾਂ ਅਤੇ (ਉਨ੍ਹਾਂ ਪਾਸੋਂ ਤੇਰੇ) ਅੰਮ੍ਰਿਤ ਬਚਨ (ਸੁਣ ਕੇ ਅਪਣੇ) ਹਿਰਦੇ ਟਿਕਾ ਲਵਾਂ।੨।(ਹੇ ਪ੍ਰਭੂ ! ਮੈਂ ਅਪਣੇ ਦਿਲ ਦੇ) ਅੰਦਰ ਦੀ ਹਾਲਤ ਤੇਰੇ ਪਾਸ ਪਹੁੰਚਾਈ ਹੈ, (ਕਿਉਂਕਿ) ਤੇਰੇ ਜਿਤਨਾ ਵੱਡੇ ਹੋਰ ਕੋਈ (ਮੇਰਾ ਸਹਾਇਕ) ਨਹੀਂ ਹੈ। ਜਿਸ ਮਨੁੱਖ ਨੂੰ ਤੂੰ (ਅਪਣੇ ਚਰਨਾਂ ਨਾਲ) ਲਾ ਲੈਂਦਾ ਹੈਂ, ਉਹ ਤੇਰੇ (ਚਰਨਾਂ) ਨਾਲ ਲਗਦਾ (ਜੁੜਦਾ) ਹੈ ਅਤੇ ਉਹ ਹੀ ਤੇਰਾ (ਸੱਚਾ) ਭਗਤ ਹੈ।੩।(ਹੇ ਪ੍ਰਭੂ ਤੇਰੇ ਪਾਸੋਂ) ਮੈਂ ਦੋਵੇਂ ਹੱਥ ਜੋੜ ਕੇ ਇਕ ਦਾਨ ਮੰਗਦਾ ਹਾਂ, (ਪਰ) ਹੇ ਸਾਹਿਬ ! ਜੇ ਤੂੰ ਪ੍ਰਸੰਨ ਹੋਵੇਂ, ਤਾਂ ਹੀ ਮੈਂ (ਇਹ ਦਾਨ) ਪ੍ਰਾਪਤ ਕਰ ਸਕਦਾ ਹਾਂ।(ਉਹ ਦਾਨ ਹੈ ਕਿ) ਨਾਨਕ ਸੁਆਸ ਸੁਆਸ ਤੈਨੂੰ ਸਿਮਰਦਾ ਰਹੇ ਅਤੇ ਅੱਠੇ ਪਹਿਰ ਤੇਰੇ ਗੁਣ ਗਾਉਂਦਾ ਰਹੇ।੪।੯।੫੬।

ਪਦਾਰਥ = ਤੁਧੁ–ਤੂੰ। ਚਿਤਿ–ਚਿਤ ਵਿਚ। ਆਏ–ਜੇ ਆ ਵਸੇਂ। ਵਿਸਰਹਿ–ਭੁੱਲ ਜਾਵੇਂ। ਸੋ–ਉਹ। ਮਰਿ ਜਾਏ–ਮਰ ਜਾਂਦਾ ਹੈ; ਮਰਦਾ ਜੰਮਦਾ ਹੈ। ਕਰਤੇ–ਹੇ ਕਰਤਾਰ !।੧। ਸਾਹਿਬ–ਹੇ ਮਾਲਕ !। ਕਰੀ–ਕਰਦਾ ਹਾਂ। ਜੀਵਾ–ਜਿਉਂਦਾ ਰਹਾਂ।੧। ਰਹਾਉ। ਜਨ ਕੀ–ਸੇਵਕਾਂ ਦੀ। ਹੋਵਾ–ਹੋ ਜਾਵਾਂ। ਕਉ–ਤੋਂ। ਬਲਿ ਜਾਈ–ਕੁਰਬਾਨ ਜਾਵਾਂ। ਰਿਦੈ ਉਰਿ–ਹਿਰਦੇ ਵਿਚ ਧੁਰ ਅੰਦਰ। ਧਾਰੀ–ਟਿਕਾ ਲਵਾਂ। ਤਉ–ਤੇਰੀ। ਤੇ–ਤੋਂ; ਨਾਲ। ਸੰਗੁ–ਸਾਥ। ਪਾਈ–ਪ੍ਰਾਪਤ ਕਰਾਂ।੨। ਅੰਤਰ ਕੀ–ਦਿਲ ਦੇ ਅੰਦਰ ਦੀ। ਗਤਿ–ਹਾਲਤ। ਤੁਧੁ ਪਹਿ–ਤੇਰੇ ਪਾਸ। ਸਾਰੀ–ਪਹੁੰਚਾਈ ਹੈ; ਦੱਸੀ ਹੈ। ਜੇਵਡੁ–ਜਿਤਨਾ ਵੱਡਾ; ਬਰਾਬਰ ਦਾ। ਅਵਰੁ–ਹੋਰ ਦੂਜਾ। ਨੋ–ਨੂੰ। ਲਾਇ ਲੈਹਿ–ਲਾ (ਜੋੜ) ਲੈਂਦਾ ਹੈਂ। ਲਾਗੈ–ਲਗਦਾ (ਜੁੜਦਾ) ਹੈ। ਤੁਹਾਰਾ–ਤੇਰਾ। ਸੋਈ–ਉਹ ਹੀ।੩। ਦੁਇ ਕਰ–ਦੋਵੇਂ ਹੱਥ। ਜੋੜਿ–ਜੋੜ ਕੇ। ਮਾਗਉ –ਮੰਗਦਾ ਹਾਂ। ਦਾਨਾ–ਦਾਨ। ਸਾਹਿਬਿ ਤੁਠੈ–ਹੇ ਸਾਹਿਬ ! ਜੇ ਤੂੰ ਪ੍ਰਸੰਨ ਹੋਵੇਂ। ਪਾਵਾ–ਪ੍ਰਾਪਤ ਕਰ ਸਕਦਾ ਹਾਂ। ਸਾਸਿ ਸਾਸਿ–ਹਰੇਕ ਸਾਹ ਨਾਲ। ਆਰਾਧੇ–ਸਿਮਰਦਾ ਰਹਾਂ। ਆਠ ਪਹਰ–ਅੱਠੇ ਪਹਿਰ (ਸਦਾ)। ਗਾਵਾ–ਗਾਉਂਦਾ ਰਹਾਂ।੪।੯।੫੬।

ਸੂਹੀ ਮਹਲਾ ੫ ॥ ਜਿਸ ਕੇ ਸਿਰ ਊਪਰਿ ਤੂੰ ਸੁਆਮੀ, ਸੋ ਦੁਖੁ ਕੈਸਾ ਪਾਵੈ ॥ ਬੋਲਿ ਨ ਜਾਣੈ ਮਾਇਆ ਮਦਿ ਮਾਤਾ, ਮਰਣਾ ਚੀਤਿ ਨ ਆਵੈ ॥੧॥ ਮੇਰੇ ਰਾਮ ਰਾਇ, ਤੂੰ ਸੰਤਾ ਕਾ ਸੰਤ ਤੇਰੇ ॥ ਤੇਰੇ ਸੇਵਕ ਕਉ ਭਉ ਕਿਛੁ ਨਾਹੀ, ਜਮੁ ਨਹੀ ਆਵੈ ਨੇਰੇ ॥੧॥ਰਹਾਉ ॥ ਹੇ ਮਾਲਕ ਪ੍ਰਭੂ ! ਜਿਸ ਮਨੁੱਖ ਦੇ ਸਿਰ ਉਪਰ ਤੂੰ (ਅਪਣਾ ਹੱਥ ਰੱਖ ਦੇਂਦਾ) ਹੈਂ, ਉਹ ਦੁਖ ਕਿਸ ਤਰ੍ਹਾਂ ਪਾ ਸਕਦਾ ਹੈ? (ਇਸ ਦੇ ਵਿਪਰੀਤ ਜੋ ਮਨੁੱਖ) ਮਾਇਆ ਦੇ ਨਸ਼ੇ ਵਿਚ ਮਸਤ ਹੈ, ਉਹ ਤਾਂ ਬੋਲਣਾ ਵੀ ਨਹੀਂ ਜਾਣਦਾ (ਬੋਲਣ ਦੀ ਜਾਚ ਨਹੀਂ ਭਾਵ ਉਸ ਦੇ ਅੰਦਰ ਨਿਮ੍ਰਤਾ ਤੇ ਮਿਠਾਸ ਨਹੀਂ ਹੈ। ਸੰਤਾਂ ਦੇ ਵਿਰੋਧੀਆਂ ਵੱਲ ਇਸ਼ਾਰਾ ਹੈ) ਅਤੇ ਨਾ ਹੀ (ਉਸ ਨੂੰ) ਮਰਣਾ ਚੇਤੇ ਆਉਂਦਾ ਹੈ (ਫ.ਸ.; ਸੰ.ਸ. ਸ਼ਬਦਾਰਥ ਨੇ ਇਸੇ ਤਰ੍ਹਾਂ ਦੇ ਅਰਥ ਕੀਤੇ ਹਨ)।੧। ਹੇ ਮੇਰੇ ਰਾਮ ਰਾਜੇ ! ਤੂੰ ਸੰਤਾਂ ਦਾ (ਰਖਵਾਲਾ) ਹੈਂ ਅਤੇ ਸੰਤ ਤੇਰੇ ਆਸਰੇ ਰਹਿੰਦੇ ਹਨ। ਤੇਰੇ ਸੇਵਕਾਂ ਨੂੰ (ਮੌਤ ਦਾ) ਕੁਛ ਡਰ ਨਹੀਂ ਹੁੰਦਾ ਅਤੇ ਜਮ ਵੀ (ਉਨ੍ਹਾਂ ਦੇ) ਨੇੜੇ ਨਹੀਂ ਆਉਂਦਾ।੧।

ਅੰਗ ੭੫੦ = ਜੋ ਤੇਰੈ ਰੰਗਿ ਰਾਤੇ ਸੁਆਮੀ, ਤਿਨ੍ ਕਾ ਜਨਮ ਮਰਣ ਦੁਖੁ ਨਾਸਾ ॥ ਤੇਰੀ ਬਖਸ ਨ ਮੇਟੈ ਕੋਈ, ਸਤਿਗੁਰ ਕਾ ਦਿਲਾਸਾ ॥੨॥ ਨਾਮੁ ਧਿਆਇਨਿ ਸੁਖ ਫਲ ਪਾਇਨਿ, ਆਠ ਪਹਰ ਆਰਾਧਹਿ ॥ ਤੇਰੀ ਸਰਣਿ ਤੇਰੈ ਭਰਵਾਸੈ, ਪੰਚ ਦੁਸਟ ਲੈ ਸਾਧਹਿ ॥੩॥ ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ, ਸਾਰ ਨ ਜਾਣਾ ਤੇਰੀ ॥ ਸਭ ਤੇ ਵਡਾ ਸਤਿਗੁਰੁ ਨਾਨਕੁ ,ਜਿਨਿ ਕਲ ਰਾਖੀ ਮੇਰੀ ॥੪॥੧੦॥੫੭॥ ਹੇ ਮਾਲਕ ਪ੍ਰਭੂ ! ਜਿਹੜੇ ਮਨੁੱਖ ਤੇਰੇ ਪ੍ਰੇਮ ਵਿਚ ਰੰਗੇ ਹੋਏ ਹਨ, ਉਨ੍ਹਾਂ ਦਾ ਜਨਮ ਮਰਣ ਦਾ ਦੁਖ ਨੱਸ ਜਾਂਦਾ ਹੈ।(ਉਨ੍ਹਾਂ ਦੇ ਮਨ ਵਿਚ) ਸਤਿਗੁਰੂ ਦਾ ਦਿਤਾ ਧੀਰਜ ਹੁੰਦਾ ਹੈ ਕਿ (ਉਨ੍ਹਾਂ ਉਪਰ ਹੋਈ) ਤੇਰੀ ਬਖਸ਼ਿਸ਼ ਨੂੰ ਕੋਈ ਮੇਟ ਨਹੀਂ ਸਕਦਾ।੨।(ਹੇ ਪ੍ਰਭੂ ! ਤੇਰੇ ਸੰਤ ਜੀਭ ਨਾਲ ਤੇਰਾ) ਨਾਮ ਸਿਮਰਦੇ ਹਨ ਅਤੇ (ਮਨ ਕਰਕੇ ਵੀ ਤੈਨੂੰ) ਅੱਠੇ ਪਹਿਰ ਸਿਮਰਦੇ ਰਹਿੰਦੇ ਹਨ, (ਸਿਮਰਨ ਦਾ ਸਦਕਾ ਉਹ) ਸੁਖ ਮਾਨਣ ਦਾ ਫਲ ਪਾਉਂਦੇ ਹਨ।(ਉਹ) ਤੇਰੀ ਸ਼ਰਣ ਵਿਚ ਆ ਕੇ ਤੇਰੇ ਭਰੋਸੇ ਨਾਲ ਪੰਜ ਕਾਮਾਦਿਕ ਵੈਰੀਆਂ ਨੂੰ ਲੈ (ਫੜ) ਕੇ ਵਸ ਵਿਚ ਕਰ ਲੈਂਦੇ ਹਨ।੩।(ਹੇ ਪ੍ਰਭੂ ! ਤੇਰੀ ਪ੍ਰਾਪਤੀ ਦਾ ਮੈਨੂੰ) ਗਿਆਨ ਨਹੀਂ, ਨਾ

ਮੈਂ ਧਿਆਨ ਲਾਉਣਾ ਜਾਣਦਾ ਹਾਂ, ਨਾ ਮੈਂ ਕੋਈ ਧਾਰਮਕ ਕਰਮ ਕਰਨ ਜਾਣਦਾ ਹਾਂ ਅਤੇ ਨਾ ਮੈਂ ਤੇਰੀ ਸਾਰ ਜਾਣਦਾ ਹਾਂ।(ਤੇਰੀ ਮੇਹਰ ਨਾਲ ਮੈਨੂੰ) ਸਭ ਤੋਂ ਵੱਡਾ ਸਤਿਗੁਰੂ ਨਾਨਕ ਮਿਲ ਪਿਆ ਹੈ, ਜਿਸ ਨੇ ਮੇਰੀ ਸ਼ਕਤੀ (ਧਰਮ ਸੱਤਾ) ਕਾਇਮ ਰੱਖੀ ਹੈ (ਡੋਲਣ ਨਹੀਂ ਦਿਤਾ, ਧਰਮ ਦੀ ਤਾਕਤ ਦੇ ਕੇ ਰੱਖਿਆ ਕੀਤੀ ਹੈ)।੪।੧੦।੫੭।

ਬੋਲਿ ਨ ਜਾਣੈ = (ਜਿਸ ਮਨੁੱਖ ਦੇ ਸਿਰ ਉਤੇ ਰੱਬ ਦਾ ਹੱਥ ਹੈ, ਉਹ ਕੌੜੇ) ਬੋਲ ਬੋਲਣ ਨਹੀਂ ਜਾਣਦਾ, ਨਾ ਹੀ ਮਾਇਆ ਦੇ ਨਸ਼ੇ ਵਿਚ ਮਸਤ ਹੁੰਦਾ ਹੈ ਅਤੇ ਮਰਣਾ ਵੀ (ਉਸ ਦੇ) ਚਿਤ ਵਿਚ ਨਹੀਂ ਆਉਂਦਾ (ਮੌਤ ਦਾ ਡਰ ਚਿਤ ਵਿਚੋਂ ਮਿਟ ਜਾਂਦਾ ਹੈ)।

ਪਦਾਰਥ = ਸੁਆਮੀ–ਹੇ ਮਾਲਕ ਪ੍ਰਭੂ !।ਸੋ–ਉਹ (ਮਨੁੱਖ)।ਕੈਸਾ–ਕਿਸ ਤਰ੍ਹਾਂ।ਪਾਵੈ–ਪਾ ਸਕਦਾ ਹੈ।ਬੋਲਿ ਨ ਜਾਣੈ–ਬੋਲਣ ਨਹੀਂ ਜਾਣਦਾ (ਮਾਇਆ ਦੇ ਨਸ਼ੇ ਅਤੇ ਹਕੂਮਤ ਦੇ ਹੰਕਾਰ ਕਰਕੇ ਸੰਤਾਂ ਦਾ ਵਿਰੋਧੀ ਅਤੇ ਨਿੰਦਕ ਗੱਲ ਕਰਨ ਵੀ ਨਹੀਂ ਜਾਣਦਾ ਕਿ ਕਿਵੇਂ ਸੰਤਾਂ ਨਾਲ ਵਰਤਾਓ ਕਰੀਦਾ ਹੈ)।ਮਦਿ–ਨਸ਼ੇ ਵਿਚ; ਹੰਕਾਰ ਵਿਚ।ਮਾਤਾ–ਮਸਤ।ਮਰਣਾ–ਮੌਤ।ਚੀਤਿ–ਚਿਤ ਵਿਚ।੧।ਰਾਮ ਰਾਇ–ਹੇ ਰਾਮ ਰਾਜੇ !।ਕਉ–ਨੂੰ।ਭਉ–ਡਰ।ਨੇਰੇ–ਨੇੜੇ।੧।ਰਹਾਉ।ਰੰਗਿ ਰਾਤੇ–ਪ੍ਰੇਮ ਵਿਚ ਰੰਗੇ ਹੋਏ ਹਨ।ਤਿਨ੍ ਕਾ–ਉਨ੍ਹਾਂ ਦਾ। ਨਾਸਾ–ਨੱਸ ਗਿਆ; ਨਾਸ ਹੋ ਗਿਆ।ਬਖਸ–ਬਖਸ਼ਿਸ਼।ਦਿਲਾਸਾ–ਧੀਰਜ; ਤਸੱਲੀ।੨।ਧਿਆਇਨਿ–ਸਿਮਰਦੇ ਹਨ।ਪਾਇਨਿ–ਪਾ ਲੈਂਦੇ ਹਨ।ਆਰਾਧਹਿ–ਸਿਮਰਦੇ ਹਨ।ਭਰਵਾਸੈ–ਭਰੋਸੇ ਨਾਲ।ਪੰਚ ਦੁਸਟ–ਕਾਮਾਦਿਕ ਪੰਜ ਵੈਰੀ।ਲੈ–ਲੈ ਕੇ।ਸਾਧਹਿ–ਵਸ ਵਿਚ ਕਰ ਲੈਂਦੇ ਹਨ।੩।ਸਾਰ–ਕਦਰ; ਖਬਰ।ਤੇ–ਤੋਂ।ਜਿਨਿ–ਜਿਸ ਨੇ।ਕਲ–ਸ਼ਕਤੀ (ਧਰਮ ਸੱਤਾ)।੪।੧੦।੫੭।

ਸੂਹੀ ਮਹਲਾ ੫ ॥ ਸਗਲ ਤਿਆਗਿ ਗੁਰ ਸਰਣੀ ਆਇਆ, ਰਾਖਹੁ ਰਾਖਨਹਾਰੇ ॥ ਜਿਤੁ ਤੂ ਲਾਵਹਿ ਤਿਤੁ ਹਮ ਲਾਗਹ, ਕਿਆ ਏਹਿ ਜੰਤ ਵਿਚਾਰੇ ॥੧॥ ਮੇਰੇ ਰਾਮ ਜੀ, ਤੂੰ ਪ੍ਰਭ ਅੰਤਰਜਾਮੀ ॥ ਕਰਿ ਕਿਰਪਾ ਗੁਰਦੇਵ ਦਇਆਲਾ, ਗੁਣ ਗਾਵਾ ਨਿਤ ਸੁਆਮੀ ॥੧॥ਰਹਾਉ॥ ਆਠ ਪਹਰ ਪ੍ਰਭੁ ਅਪਨਾ ਧਿਆਈਐ, ਗੁਰ ਪ੍ਰਸਾਦਿ ਭਉ ਤਰੀਐ ॥ ਆਪੁ ਤਿਆਗਿ ਹੋਈਐ ਸਭ ਰੇਣਾ, ਜੀਵਤਿਆ ਇਉ ਮਰੀਐ ॥੨॥ ਸਫਲ ਜਨਮੁ ਤਿਸ ਕਾ ਜਗ ਭੀਤਰਿ, ਸਾਧ ਸੰਗਿ ਨਾਉ ਜਾਪੇ ॥ ਸਗਲ ਮਨੋਰਥ ਤਿਸ ਕੇ ਪੂਰਨ, ਜਿਸੁ ਦਇਆ ਕਰੇ ਪ੍ਰਭ ਆਪੇ ॥੩॥ ਦੀਨ ਦਇਆਲ ਕ੍ਰਿਪਾਲ ਪ੍ਰਭ ਸੁਆਮੀ, ਤੇਰੀ ਸਰਣਿ ਦਇਆਲਾ ॥ ਕਰਿ ਕਿਰਪਾ ਅਪਨਾ ਨਾਮੁ ਦੀਜੈ, ਨਾਨਕ ਸਾਧ ਰਵਾਲਾ ॥੪॥੧੧॥੫੮॥ ਹੇ ਰੱਖਿਆ ਕਰਨ ਵਾਲੇ ਪ੍ਰਭੂ ! ਮੈਂ ਸਾਰੇ ਸਾਕ ਸਬੰਧੀ ਛਡ ਕੇ ਗੁਰੂ ਦੀ ਸ਼ਰਣ ਵਿਚ ਆਇਆ ਹਾਂ, (ਸੰਸਾਰ ਸਮੁੰਦਰ ਵਿਚ ਡੁਬਣ ਤੋਂ ਮੇਰੀ) ਰੱਖਿਆ ਕਰ।ਜਿਸ ਪਾਸੇ ਤੂੰ ਲਾਉਂਦਾ ਹੈਂ, ਅਸੀਂ (ਜੀਵ) ਉਸੇ ਪਾਸੇ ਲਗ ਜਾਂਦੇ ਹਾਂ, ਇਹ ਵਿਚਾਰੇ ਜੀਵ (ਅਪਣੇ ਆਪ) ਕੀ ਕਰ ਸਕਦੇ ਹਨ? (ਜੀਵਾਂ ਦੇ ਵਸ ਵਿਚ ਕੁਛ ਨਹੀਂ)।੧।ਹੇ ਮੇਰੇ ਰਾਮ ਜੀ ! ਤੂੰ ਸਭ ਜੀਵਾਂ ਦੇ ਦਿਲ ਦੇ ਅੰਦਰ ਦੀਆਂ ਜਾਨਣ ਵਾਲਾ ਪ੍ਰਭੂ ਹੈਂ।ਹੇ ਦਇਆ ਕਰਨ ਵਾਲੇ ਗੁਰਦੇਵ ! ਹੇ ਮਾਲਕ ਪ੍ਰਭੂ ! ਮੇਰੇ ਉਤੇ ਕ੍ਰਿਪਾ ਕਰ, ਮੈਂ ਨਿਤ ਤੇਰੇ ਗੁਣ ਗਾਉਂਦਾ ਰਹਾਂ।੧।ਰਹਾਉ।(ਹੇ ਭਾਈ !) ਅੱਠੇ ਪਹਿਰ ਅਪਣੇ ਪ੍ਰਭੂ ਨੂੰ ਸਿਮਰਨਾ ਚਾਹੀਦਾ ਹੈ, (ਇਸ ਤਰ੍ਹਾਂ) ਗੁਰੂ ਦੀ ਕ੍ਰਿਪਾ ਨਾਲ ਭਵਜਲ ਤੋਂ ਤਰ ਜਾਈਦਾ ਹੈ।ਆਪਾ ਭਾਵ ਛਡ ਕੇ ਸਭ ਦੀ ਚਰਨ ਧੂੜ ਹੋ ਜਾਈਏ, ਇਸ ਤਰ੍ਹਾਂ ਜੀਵਤ ਭਾਵ ਤੋਂ ਮਰ ਰਹੀਦਾ ਹੈ।੨।(ਹੇ ਭਾਈ !) ਜਗਤ ਵਿਚ ਉਸ ਮਨੁੱਖ ਦਾ ਜਨਮ ਸਫਲ ਹੈ, ਜੋ ਸਾਧ ਸੰਗਤ ਵਿਚ ਵਾਹਿਗੁਰੂ ਦਾ ਨਾਮ ਜਪਦਾ ਹੈ।ਉਸ ਮਨੁੱਖ ਦੇ ਸਾਰੇ ਮਨੋਰਥ ਪੂਰਨ ਹੋ ਜਾਂਦੇ ਹਨ, ਜਿਸ ਉਤੇ ਪ੍ਰਭੂ ਆਪ ਦਇਆ ਕਰਦਾ ਹੈ।੩।ਹੇ ਗਰੀਬਾਂ ਉਤੇ ਦਇਆ ਕਰਨ ਵਾਲੇ ! ਹੇ ਕ੍ਰਿਪਾਲ ਪ੍ਰਭੂ ! ਹੇ ਮਾਲਕ ! ਹੇ ਦਇਆ ਦੇ ਘਰ ! ਮੈਂ ਤੇਰੀ ਸ਼ਰਣ ਵਿਚ ਆਇਆ ਹਾਂ।ਕ੍ਰਿਪਾ ਕਰਕੇ ਨਾਨਕ ਨੂੰ ਅਪਣਾ ਨਾਮ ਅਤੇ ਸਾਧੂਆਂ ਦੀ ਚਰਨ ਧੂੜ ਬਖਸ਼ ਦੇ।੪।੧੧।੫੮।

ਪਦਾਰਥ = ਸਗਲ–ਸਾਰੇ।ਤਿਆਗਿ–ਛਡ ਕੇ।ਰਾਖਨਹਾਰੇ–ਹੇ ਰੱਖਿਆ ਕਰਨ ਵਾਲੇ !।ਜਿਤੁ–ਜਿਸ ਪਾਸੇ।ਤਿਤੁ–ਉਸ ਪਾਸੇ।ਹਮ–ਅਸੀਂ (ਜੀਵ)।ਲਾਗਹ–ਲਗ ਜਾਂਦੇ ਹਾਂ।ਜੰਤ–ਜੀਵ।੧।ਰਾਮ ਜੀ–ਹੇ ਸਰਬ ਵਿਆਪਕ ਪ੍ਰਭੂ !।ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ।ਗੁਰਦੇਵ ਦਇਆਲਾ–ਹੇ ਦਇਆ ਕਰਨ ਵਾਲੇ ਗੁਰਦੇਵ !।ਗਾਵਾ–ਗਾਉਂਦਾ ਰਹਾਂ।ਨਿਤ–ਹਰ ਰੋਜ; ਸਦਾ।੧। ਰਹਾਉ।ਆਠ ਪਹਰ–ਅੱਠੇ ਪਹਿਰ (ਸਦਾ)।ਗੁਰ ਪ੍ਰਸਾਦਿ–ਗੁਰੂ ਦੀ ਕ੍ਰਿਪਾ ਨਾਲ।ਭਉ–ਭਵਜਲ (ਸੰਸਾਰ ਸਮੁੰਦਰ)।ਤਰੀਐ–ਤਰ ਜਾਈਦਾ ਹੈ।ਆਪੁ–ਆਪਾ ਭਾਵ।ਹੋਈਐ–ਹੋ ਜਾਈਏ।ਰੇਣਾ–ਚਰਨ ਧੂੜ।ਇਉ–ਇਸ ਤਰ੍ਹਾਂ।ਜੀਵਤਿਆ–ਜਿਉਂਦਿਆਂ ਹੀ (ਜੀਵਤ ਭਾਵ ਤੋਂ)।ਮਰੀਐ–ਮਰ ਰਹੀਦਾ ਹੈ।੨।ਤਿਸ ਕਾ–ਉਸ ਦਾ।ਜਗ ਭੀਤਰਿ–ਜਗਤ ਦੇ ਅੰਦਰ।ਜਾਪੇ–ਜਪਦਾ ਹੈ।ਮਨੋਰਥ–ਮਨ ਦੀਆਂ ਇੱਛਾਵਾਂ।੩।ਦੀਨ ਦਇਆਲ–ਹੇ ਦੀਨਾਂ ਉਤੇ ਦਇਆ ਕਰਨ ਵਾਲੇ !।ਸੁਆਮੀ–ਹੇ ਮਾਲਕ !।ਦਇਆਲਾ–ਹੇ ਦਇਆ ਦੇ ਘਰ !।ਦੀਜੈ–ਬਖਸ਼ ਦੇਹ।ਸਾਧ ਰਵਾਲਾ–ਸਾਧੂਆਂ ਦੀ ਚਰਨ ਧੂੜ।੪।੧੧।੫੮।

ਰਾਗੁ ਸੂਹੀ ਅਸਟਪਦੀਆ ਮਹਲਾ ੧ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਸਭਿ ਅਵਗਣ ਮੈ ਗੁਣੁ ਨਹੀ ਕੋਈ ॥

ਕਿਉ ਕਰਿ ਕੰਤ ਮਿਲਾਵਾ ਹੋਈ ॥੧॥ ਨਾ ਮੈ ਰੂਪੁ ਨ ਬੰਕੇ ਨੈਣਾ ॥ ਨਾ ਕੁਲ ਢੰਗੁ ਨ ਮੀਠੇ ਬੈਣਾ ॥੧॥ਰਹਾਉ॥ ਸਹਜਿ ਸੀਗਾਰ ਕਾਮਣਿ ਕਰਿ ਆਵੈ ॥ ਤਾ ਸੋਹਾਗਣਿ ਜਾ ਕੰਤੈ ਭਾਵੈ ॥੨॥ ਨਾ ਤਿਸੁ ਰੂਪੁ ਨ ਰੇਖਿਆ ਕਾਈ ॥ ਅੰਤਿ ਨ ਸਾਹਿਬੁ ਸਿਮਰਿਆ ਜਾਈ ॥੩॥ ਸੁਰਤਿ ਮਤਿ ਨਾਹੀ ਚਤੁਰਾਈ ॥ ਕਰਿ ਕਿਰਪਾ ਪ੍ਰਭ ਲਾਵਹੁ ਪਾਈ ॥੪॥ ਖਰੀ ਸਿਆਣੀ ਕੰਤ ਨ ਭਾਣੀ ॥ ਮਾਇਆ ਲਾਗੀ ਭਰਮਿ ਭੁਲਾਣੀ ॥੫॥ ਹਉਮੈ ਜਾਈ ਤ ਕੰਤ ਸਮਾਈ ॥ ਤਉ ਕਾਮਣਿ ਪਿਆਰੇ ਨਵ ਨਿਧਿ ਪਾਈ ॥੬॥ ਅਨਿਕ ਜਨਮ ਬਿਛੁਰਤ ਦੁਖੁ ਪਾਇਆ ॥ ਕਰੁ ਗਹਿ ਲੇਹੁ ਪ੍ਰੀਤਮ ਪ੍ਰਭ ਰਾਇਆ ॥੭॥ ਭਣਤਿ ਨਾਨਕੁ ਸਹੁ ਹੈ ਭੀ ਹੋਸੀ ॥ ਜੈ ਭਾਵੈ ਪਿਆਰਾ ਤੈ ਰਾਵੇਸੀ ॥੮॥੧॥ (ਹੇ ਭਾਈ!) ਮੇਰੇ ਵਿਚ ਸਾਰੇ ਔਗਣ ਹਨ ਅਤੇ ਗੁਣ ਕੋਈ ਵੀ ਨਹੀਂ। ਫਿਰ ਪਤੀ ਪ੍ਰਮੇਸਰ ਦਾ ਮਿਲਾਪ ਕਿਸ ਤਰ੍ਹਾਂ ਹੋ ਸਕਦਾ ਹੈ? (ਔਗਣਾਂ ਕਰਕੇ ਮਿਲਾਪ ਅਸੰਭਵ ਹੈ)।੧। ਨਾ ਮੇਰਾ ਸੁੰਦਰ ਰੂਪ ਹੈ ਅਤੇ ਨਾ ਹੀ ਮੇਰੇ ਸੋਹਣੇ ਨੈਣ (ਨਕਸ਼) ਹਨ। ਨਾ ਮੇਰਾ ਉਚਾ ਖਾਨਦਾਨ ਹੈ, ਨਾ ਮੈਨੂੰ ਚੰਗਾ ਵਰਤਾਉ ਕਰਨ ਦੀ ਜਾਚ ਹੈ ਅਤੇ ਨਾ ਮੇਰੇ ਬੋਲ ਮਿੱਠੇ ਹਨ।੧।ਰਹਾਉ।(ਹੇ ਭਾਈ! ਜੇ) ਜੀਵ ਰੂਪ ਇਸਤ੍ਰੀ ਕੁਦਰਤੀ ਸਾਦਾ ਤੇ ਪਿਆਰ ਦਾ ਸ਼ਿੰਗਾਰ ਕਰਕੇ (ਪਤੀ ਪ੍ਰਮੇਸਰ ਦੇ ਚਰਣਾਂ ਵਿਚ) ਆਵੇ।(ਪਰ ਉਸ ਦਾ ਇਹ ਸ਼ਿੰਗਾਰ) ਜਦ ਪਤੀ ਪ੍ਰਭੂ ਨੂੰ ਚੰਗਾ ਲੱਗੇ, ਤਾਂ ਉਹ ਸੁਹਾਗਵੰਤੀ ਕਹਾਉਂਦੀ ਹੈ।੨। ਉਸ (ਪਤੀ ਪ੍ਰਮੇਸਰ) ਦੀ ਕੋਈ ਸ਼ਕਲ ਸੂਰਤ ਨਹੀਂ ਅਤੇ ਨਾ ਹੀ (ਉਸ ਦਾ) ਕੋਈ ਚਿੰਨ੍ਹ ਹੈ (ਜੋ ਇਨ੍ਹਾਂ ਅੱਖਾਂ ਨਾਲ ਦੇਖਿਆ ਜਾ ਸਕੇ)। ਅੰਤ ਸਮੇਂ ਵਿਚ ਉਸ ਮਾਲਕ ਪ੍ਰਭੂ ਨੂੰ ਸਿਮਰਿਆ ਨਹੀਂ ਜਾ ਸਕਦਾ (ਕਿਉਂਕਿ ਸਾਰੀ ਉਮਰ ਤਾਂ ਉਹ ਭੁੱਲਿਆ ਰਿਹਾ ਹੈ, ਹੁਣ ਕਿਵੇਂ ਯਾਦ ਆਵੇਗਾ?)।੩। ਹੇ ਪ੍ਰਭੂ! ਮੇਰੀ ਉਚੀ ਸੁਰਤ ਨਹੀਂ, ਨਾ ਹੀ ਚੰਗੀ ਅਕਲ ਹੈ ਅਤੇ ਨਾਹੀ (ਮੇਰੇ ਅੰਦਰ) ਸਿਆਣਪ ਹੈ। ਕਿਰਪਾ ਕਰਕੇ (ਮੈਨੂੰ ਅਪਣੇ) ਚਰਨੀਂ ਲਾ ਲਵੋ ਜੀ।੪।(ਭਾਵੇਂ ਮੈਂ ਵਰਤ ਵਿਹਾਰ ਵਿਚ) ਬਹੁਤ ਸਿਆਣੀ ਹਾਂ, (ਪਰ ਫਿਰ ਵੀ) ਮੈਂ ਪਤੀ ਨੂੰ ਚੰਗੀ ਨਹੀਂ ਲਗਦੀ।(ਕਿਉਂਕਿ ਬਿਰਤੀ) ਮਾਇਆ ਵਿਚ ਲੱਗੀ (ਜੁੜੀ) ਹੋਈ ਹੋਣ ਕਰਕੇ ਮੈਂ ਭਰਮ ਵਿਚ ਭੁੱਲੀ ਫਿਰਦੀ ਹਾਂ।੫। ਜੇ ਹਉਮੈ ਦੂਰ ਹੋ ਜਾਵੇ ਤਾਂ ਪਤੀ ਵਿਚ ਲੀਨਤਾ ਹੁੰਦੀ ਹੈ। ਤਾਂ (ਜੀਵ ਇਸਤ੍ਰੀ) ਨੌਂ ਨਿਧੀਆਂ ਦੇ ਮਾਲਕ ਪ੍ਰਭੂ ਪਿਆਰੇ ਨੂੰ ਪਾ ਲੈਂਦੀ ਹੈ।੬।(ਇਸ ਤਰ੍ਹਾਂ ਅਰਦਾਸ ਕਰਨੀ ਚਾਹੀਦੀ ਹੈ ਕਿ ਹੇ ਪ੍ਰਭੂ! ਤੈਥੋਂ) ਵਿਛੜ ਕੇ ਮੈਂ ਅਨੇਕਾਂ ਜਨਮਾਂ ਵਿਚ ਬਹੁਤ ਦੁਖ ਪਾਇਆ ਹੈ।(ਇਸ ਲਈ) ਹੇ ਪਿਆਰੇ ਪ੍ਰਭੂ ਪਾਤਸ਼ਾਹ! (ਹੁਣ ਮੇਰਾ) ਹੱਥ ਫੜ ਲਵੋ (ਅਤੇ ਜਨਮ ਮਰਨ ਦੇ ਗੇੜ ਤੋਂ ਬਚਾ ਲਵੋ)।੭। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਪਤੀ ਪ੍ਰਮੇਸਰ ਪਿੱਛਲੇ ਸਮੇਂ ਵਿਚ ਵੀ ਸੀ, ਹੁਣ ਵੀ ਹੈ ਅਤੇ ਅੱਗੋਂ ਵੀ ਹੋਵੇਗਾ। ਜਿਸ ਜੀਵ ਇਸਤ੍ਰੀ ਨੂੰ ਪਿਆਰਾ ਪ੍ਰਭੂ ਪਸੰਦ ਕਰਦਾ ਹੈ, ਉਸ ਨੂੰ ਉਹ ਭੋਗਦਾ ਹੈ (ਅਪਣੇ ਨਾਲ ਮਿਲਾ ਲੈਂਦਾ ਹੈ)।੮।੧।

ਪਦਾਰਥ = ਮੈ–ਮੇਰੇ ਵਿਚ। ਕਿਉ ਕਰਿ–ਕਿਸ ਤਰ੍ਹਾਂ। ਕੰਤ–ਪਤੀ ਦਾ। ਮਿਲਾਵਾ–ਮਿਲਾਪ।੧। ਮੈ–ਮੇਰਾ। ਰੂਪੁ–ਸੁੰਦਰ ਰੂਪ। ਬੰਕੇ–ਸੋਹਣੇ। ਨੈਣਾ–ਅੱਖਾਂ। ਕੁਲ–ਉਚਾ ਖਾਨਦਾਨ। ਢੰਗ–ਚੰਗਾ ਵਰਤਾਓ; ਜਾਚ; ਆਚਰਣ। ਬੈਣਾ–ਬੋਲ।੧। ਰਹਾਉ। ਸਹਜਿ ਸੀਗਾਰ–ਕੁਦਰਤੀ ਸਾਦਾ ਸ਼ਿੰਗਾਰ (ਕੁਦਰਤ ਦੇ ਦਿਤੇ ਰੂਪ ਨੂੰ ਹੀ ਸ਼ਿਗਾਰ ਸਮਝੇ, ਹੋਰ ਕੋਈ ਬਨਾਵਟੀ ਸ਼ਿਗਾਰ ਨਾ ਕਰੇ)। ਕਾਮਣਿ–ਇਸਤ੍ਰੀ। ਕਰਿ ਆਵੈ–ਕਰਕੇ (ਰੱਬ ਦੀ ਚਰਣਾਂ ਵਿਚ) ਆਵੇ। ਤਾ–ਤਾਂ। ਸੋਹਾਗਣਿ–ਪਤੀ ਵਾਲੀ ਇਸਤ੍ਰੀ। ਜਾ–ਜਦ। ਕੰਤੈ–ਪਤੀ ਨੂੰ। ਭਾਵੈ–ਚੰਗਾ ਲਗਦਾ ਹੈ।੨। ਤਿਸੁ–ਉਸ ਦਾ। ਰੂਪੁ–ਸ਼ਕਲ ਸੂਰਤ। ਰੇਖਿਆ–ਚਿੰਨ੍ਹ। ਕਾਈ–ਕੋਈ। ਅੰਤਿ–ਅੰਤ ਸਮੇਂ ਭਾਵ ਬੁਢੇਪੇ ਵਿਚ। ਸਾਹਿਬੁ–ਮਾਲਕ ਪ੍ਰਭੂ। ਜਾਈ–ਜਾ ਸਕਦਾ।੩। ਸੁਰਤਿ–ਸੂਝ ਬੂਝ। ਮਤਿ–ਅਕਲ। ਚਤੁਰਾਈ–ਸਿਆਣਪ। ਪ੍ਰਭ–ਹੇ ਪ੍ਰਭੂ!। ਲਾਵਹੁ ਪਾਈ–ਚਰਨੀਂ ਲਾ ਲਵੋ।੪। ਖਰੀ–ਬਹੁਤ। ਨ ਭਾਣੀ–ਚੰਗੀ ਨਹੀਂ ਲਗਦੀ। ਭਰਮਿ ਭੁਲਾਣੀ–ਭਰਮ ਵਿਚ ਭੁੱਲੀ ਹੈ।੫। ਜਾਈ–ਦੂਰ ਹੋ ਜਾਵੇ। ਸਮਾਈ–ਲੀਨਤਾ। ਤਉ–ਤਾਂ; ਤਦ। ਨਵ ਨਿਧਿ–ਨੌਂ ਨਿਧੀਆਂ। ਪਾਈ–ਪਾ ਲੈਂਦੀ ਹੈ।੬। ਬਿਛੁਰਤ–ਵਿਛੜ ਕੇ। ਕਰੁ–ਹੱਥ। ਗਹਿ ਲੇਹੁ–ਫੜ ਲਵੋ। ਪ੍ਰੀਤਮ ਪ੍ਰਭ ਰਾਇਆ–ਹੇ ਸਭ ਤੋਂ ਵੱਧ ਪਿਆਰੇ ਪ੍ਰਭੂ ਪਾਤਸ਼ਾਹ!।੭। ਭਣਤਿ–ਆਖਦਾ ਹੈ। ਸਹੁ–ਪਤੀ। ਹੈ ਭੀ–ਹੁਣ ਵੀ ਮੌਜੂਦ ਹੈ। ਹੋਸੀ–ਭਵਿਖ ਵਿਚ ਵੀ ਹੋਵੇਗਾ। ਜੈ–ਜਿਸ ਨੂੰ। ਭਾਵੈ–ਚਾਹੁੰਦਾ ਹੈ; ਪਸੰਦ ਕਰਦਾ ਹੈ। ਤੈ–ਉਸ ਨੂੰ। ਰਾਵੇਸੀ–ਭੋਗਦਾ (ਅਪਣੇ ਨਾਲ ਮਿਲਾ ਲੈਂਦਾ) ਹੈ।੮।੧।